
ISSN 2394-8507
ਭੇਟਾ : ₹ ੫/-

ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ : ੭੦ ਵੈਸਾਖ-ਜੇਠ ਸੰਮਤ ਨਾਨਕਸ਼ਾਹੀ ੫੫੮ ਮਈ ੨੦੨੬ ਅੰਕ : ੨
Vol. : 70 May 2026 Issue : 2

ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ,
ਸ੍ਰੀ ਕੀਰਤਪੁਰ ਸਾਹਿਬ





ਗੁਰਦੁਆਰਾ ਚਰਨ ਕੰਵਲ ਸਾਹਿਬ,
ਸ੍ਰੀ ਕੀਰਤਪੁਰ ਸਾਹਿਬ



ਨੌ ਲੱਖਾ ਬਾਗ, ਗੁਰਦੁਆਰਾ ਹਰਿਮੰਦਰ ਸਾਹਿਬ,
ਸ੍ਰੀ ਕੀਰਤਪੁਰ ਸਾਹਿਬ

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)


ਵੈਸਾਖ-ਜੇਠ, ਸੰਮਤ ਨਾਨਕਸ਼ਾਹੀ ੫੫੯ ਮਈ 2026

ਜਿਲਦ ੭੦ (Vol. 70) ਅੰਕ ੦੨ (Issue 02)

*ਸੰਪਾਦਕ*
**ਸਤਵਿੰਦਰ ਸਿੰਘ**

*ਸਹਾਇਕ ਸੰਪਾਦਕ*
**ਬਿਕਰਮਜੀਤ ਸਿੰਘ**


## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ


ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

*Secretary*
*Dharam Parchar Committee*
*(S.G.P.C.)*
*Sri Amritsar-143006*

**ਫੋਨ: 0183-2553956-59 ਐਕਸ 304 ਫੈਕਸ: 0183-2553919**

website : www.sgpc.net
e-mail :gurmatparkashmonthly@gmail.com
gyan_gurmat@yahoo.com


**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**


Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਸ੍ਰੀ ਕੀਰਤਪੁਰ ਸਾਹਿਬ: ਇਤਿਹਾਸਿਕ ਮਹੱਤਵ ਅਤੇ ਪ੍ਰਮੁੱਖ ਗੁਰਧਾਮ | -ਡਾ. ਪਰਮਵੀਰ ਸਿੰਘ | ੮ |
| ਸ੍ਰੀ ਕੀਰਤਪੁਰ ਸਾਹਿਬ | -ਡਾ. ਰਤਨ ਸਿੰਘ ਜੱਗੀ | ੨੦ |
| ਸ੍ਰੀ ਕੀਰਤਪੁਰ ਸਾਹਿਬ ਦਾ ੪੦੦ ਸਾਲਾ ਸਥਾਪਨਾ ਦਿਵਸ | -ਡਾ. ਅਮਰਜੀਤ ਕੌਰ ਇੱਬਣ ਕਲਾਂ | ੨੩ |
| ਗੁਰਿਆਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | -ਸ. ਜਸਬੀਰ ਸਿੰਘ 'ਤੇਗ' | ੨੭ |
| 'ਅੰਮ੍ਰਿਤ' | -ਸ. ਬਲਵਿੰਦਰ ਸਿੰਘ ਕਾਹਲਵਾਂ | ੩੦ |
| ਵਿਸ਼ਵ ਸੁਰੱਖਿਆ ਕੌਂਸਲ ਅਤੇ ਵਿਸ਼ਵ ਮਨੁੱਖੀ ਅਧਿਕਾਰ ਕੌਂਸਲ ਦੀ ਸਾਰਥਿਕਤਾ? | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੩੬ |
| "ਊੜੇ ਤੋਂ ਜੂੜਾ" (ਦਸਤਾਰ) (ਕਵਿਤਾ) | -ਭਾਈ ਹਰਪ੍ਰੀਤ ਸਿੰਘ | ੩੮ |
| ਛੋਟਾ ਘੱਲੂਘਾਰਾ (ਕਵਿਤਾ) | -ਡਾ. ਹਰੀ ਸਿੰਘ ਜਾਚਕ | ੩੯ |
| ਮਹਾਨ ਸਿੱਖ ਜਰਨੈਲ ਸਰਦਾਰ ਜੱਸਾ ਸਿੰਘ ਆਹਲੂਵਾਲੀਆ... | -ਡਾ. ਸਰਬਜੀਤ ਸਿੰਘ ਛੀਨਾ | ੪੦ |
| ਪ੍ਰਸਿੱਧ ਕੀਰਤਨੀਏ : ਭਾਈ ਜੁਵਾਲਾ ਸਿੰਘ ਜੀ | -ਪ੍ਰੋ. ਨਵ ਸੰਗੀਤ ਸਿੰਘ | ੪੫ |
| ਸੰਤ-ਸਕਾਲਰ ਬਾਬਾ ਤੇਜਾ ਸਿੰਘ ਜੀ ਦਾ ਜੀਵਨ, ਘਾਲਣਾ ਅਤੇ ਯੋਗਦਾਨ | -ਡਾ. ਅਜੈ ਪਾਲ ਸਿੰਘ | ੪੯ |
| ਕਾਰਗਿਲ ਯੁੱਧ ਵਿਚ ਸਿੱਖ ਪਲਟਨਾਂ ਦੀ ਅਦਭੁਤ ਬਹਾਦਰੀ | -ਕਰਨਲ ਡਾ. ਦਲਵਿੰਦਰ ਸਿੰਘ | ੬੧ |
| ਪ੍ਰੋਫ਼ੈਸਰ ਆਫ਼ ਸਿੱਖਇਜ਼ਮ: ਡਾ. ਕਿਰਪਾਲ ਸਿੰਘ ਜੀ | -ਡਾ. ਸਤਿੰਦਰ ਕੌਰ | ੬੮ |
| ਜਲ੍ਹਿਆਂਵਾਲੇ ਬਾਗ਼ ਦਾ ਸ਼ਹੀਦ: ਸੰਤ ਰਾਮ | -ਸ. ਗੁਰਿੰਦਰ ਸਿੰਘ | ੭੫ |
| ਗੁਰਮਤਿ ਦੇ ਨਿਰਮਲ ਵਿਚਾਰ | -ਭਾਈ ਰੇਸ਼ਮ ਸਿੰਘ | ੭੭ |
| ਮਈ ਅਤੇ ਜੂਨ ੨੦੨੬ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ | | ੮੧ |
| ਸਿੱਖ ਸਾਹਿਤ ਦੇ ਰੂ-ਬ-ਰੂ (੯) | -ਡਾ. ਰਣਜੀਤ ਕੌਰ ਪੰਨਵਾਂ | ੮੨ |
| ਵਾਤਾਵਰਨ ਬਚਾਈਏ ਆਪਾਂ (ਕਵਿਤਾ) | -ਸ. ਹਰਪ੍ਰੀਤ ਸਿੰਘ ਪੱਤੋ | ੮੪ |
| ਜੈਤਸਰੀ ਮਹਲਾ ੫ | -ਮਾ. ਬਲਬੀਰ ਸਿੰਘ ਹੰਸਪਾਲ | ੮੫ |
| ਗੁਣਵੱਤਾ (ਬੱਚਿਆਂ ਲਈ ਵਿਸ਼ੇਸ਼) | -ਬੀਬੀ ਕਰਮਜੀਤ ਕੌਰ ਮੁਕਤਸਰ | ੮੭ |
| ਖ਼ਬਰਨਾਮਾ | | ੮੯ |

# ਗੁਰਬਾਣੀ ਵਿਚਾਰ

*ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥*
*ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥*
*ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥*
*ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥*
*ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥*
*ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥*
*ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥*
*ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥*
*ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ॥੪॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ "ਬਾਰਹ ਮਾਹਾ ਮਾਂਝ" ਦੀ ਇਸ ਪਾਵਨ ਪਉੜੀ ਅੰਦਰ ਜੇਠ ਮਹੀਨੇ ਦੇ ਸਖ਼ਤ ਮੌਸਮ ਤੇ ਖਾਸ ਵਾਤਾਵਰਨ ਦੇ ਸੰਕੇਤਕ ਵਰਣਨ ਦੁਆਰਾ ਮਨੁੱਖ-ਮਾਤਰ ਨੂੰ ਪਰਮਾਤਮਾ ਦੇ ਪਵਿੱਤਰ ਨਾਮ ਨਾਲ ਜੁੜਦਿਆਂ, ਸੱਚੇ ਗੁਰੂ ਗਿਆਨ ਤੇ ਚੰਗੀ ਸੰਗਤ ਕਰਦਿਆਂ ਦੁਰਲੱਭ ਮਨੁੱਖਾ ਜਨਮ ਸਫ਼ਲ ਕਰਨ ਦਾ ਗੁਰਮਤਿ ਗਾਡੀ ਮਾਰਗ ਪ੍ਰਦਾਨ ਕਰਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਜੇਠ ਮਹੀਨੇ ਵਿਚ ਹਰੀ ਪਰਮਾਤਮਾ, ਜਿਸ ਦੀ ਸਰਬ-ਸ਼ਕਤੀ ਮਾਨਤਾ ਕਰਕੇ ਸਾਰੇ ਹੀ ਜੀਵ ਉਸ ਅੱਗੇ ਝੁਕਦੇ ਹਨ, ਮਨੁੱਖ-ਮਾਤਰ ਨੂੰ ਉਸ ਦੇ ਪਵਿੱਤਰ ਨਾਮ ਨਾਲ ਹੀ ਜੁੜਨਾ ਚਾਹੀਦਾ ਹੈ। ਜੇਕਰ ਅਸਲ ਸੱਜਣ ਨੂੰ ਪਛਾਣ ਕੇ ਉਸ ਦਾ ਪੱਲਾ ਫੜ ਲਈਏ ਤਾਂ ਉਹ ਸ਼ਰਨ ਪਏ ਮਨੁੱਖ ਦੀ ਰੱਖਿਆ ਜ਼ਰੂਰ ਕਰਦਾ ਹੈ ਤੇ ਜੀਵ ਨੂੰ ਕਿਸੇ ਦੁਆਰਾ ਬੰਨ੍ਹੇ ਜਾਣ ਦਾ ਡਰ ਨਹੀਂ ਰਹਿੰਦਾ। ਦੂਜੇ ਸ਼ਬਦਾਂ ਵਿਚ ਮਨੁੱਖ ਪ੍ਰਭੂ-ਨਾਮ ਨਾਲ ਜੁੜ ਕੇ ਜਮਾਂ ਦੀ ਫਾਹੀ ਜਾਂ ਤ੍ਰਾਸ ਤੋਂ ਬਚਿਆ ਰਹਿੰਦਾ ਹੈ। ਗੁਰੂ ਪਾਤਸ਼ਾਹ ਜੀ ਕਥਨ ਕਰਦੇ ਹਨ ਕਿ ਪਰਮਾਤਮਾ ਦਾ ਨਾਮ ਅਜਿਹਾ ਕੀਮਤੀ ਮੋਤੀ ਹੈ ਜਿਸ ਨੂੰ ਜੀਵ ਪ੍ਰਾਪਤ ਕਰ ਲਵੇ ਤਾਂ ਇਹ ਉਸ ਤੋਂ ਕੋਈ ਵੀ ਸੰਨ੍ਹ ਲਾ ਕੇ ਖੋਹ ਨਹੀਂ ਸਕਦਾ। ਨਾਮ ਚੇਤੇ ਰੱਖਣ ਕਰਕੇ ਪਰਮਾਤਮਾ ਦੇ ਜਿੰਨੇ ਵੀ ਰੰਗ ਹਨ ਉਹ ਸਾਰੇ ਇਸ ਨਾਲ ਜੁੜਨ ਵਾਲੇ ਨੂੰ ਚੰਗੇ ਲਗਦੇ ਹਨ ਭਾਵ ਨਾਮ ਨਾਲ ਜੁੜਨ ਵਾਲਾ ਹਰ ਘਟਨਾ ਜਾਂ ਵਰਤਾਰੇ ਨੂੰ ਸਹਿਜ ਰੂਪ 'ਚ ਲੈਂਦਾ ਹੋਇਆ ਪ੍ਰੇਸ਼ਾਨ ਨਹੀਂ ਹੁੰਦਾ। ਸਤਿਗੁਰੂ ਜੀ ਤੱਤਸਾਰ ਬਖਸ਼ਦੇ ਹੋਏ ਫੁਰਮਾਉਂਦੇ ਹਨ ਕਿ ਪਰਮਾਤਮਾ ਜੋ ਚਾਹੁੰਦਾ ਹੈ ਉਹੀ ਕਰਦਾ ਹੈ। ਉਹ ਜਿਵੇਂ ਜੀਵਾਂ ਤੋਂ ਕਰਾਉਂਦਾ ਹੈ ਜੀਵ ਉਵੇਂ ਕਰਦੇ ਹਨ। ਅਜਿਹੇ ਸੁਭਾਗੇ-ਜਨ ਹੁੰਦੇ ਹਨ ਜਿਨ੍ਹਾਂ ਨੂੰ ਮਾਲਕ ਆਪਣਾ ਬਣਾ ਲੈਂਦਾ ਹੈ। ਉਨ੍ਹਾਂ ਨੂੰ ਸ਼ੋਭਾ, ਧੰਨਤਾ ਦੇ ਪਾਤਰ ਆਖੋ। ਆਪਣੇ ਨਾਲ ਜੋੜ ਲੈਣਾ ਉਸ ਮਾਲਕ ਦੀ ਕਿਰਪਾ-ਬਖ਼ਸ਼ਿਸ਼ ਦੁਆਰਾ ਹੀ ਹੋ ਸਕਦਾ ਹੈ। ਜੇਕਰ ਮਨੁੱਖ ਦੇ ਸਿਰਫ ਆਪਣੇ ਯਤਨ ਫਲਦਾਇਕ ਹੋ ਸਕਦੇ ਹੋਣ ਤਾਂ ਫਿਰ ਉਹ ਮਾਲਕ ਤੋਂ ਕਿਉਂ ਵਿੱਛੜਨਗੇ ਤੇ ਕਿਉਂ ਰੋਣਗੇ? ਹੇ ਨਾਨਕ! ਜੇਕਰ ਸਾਧੂ ਭਾਵ ਸੱਚੇ ਗੁਰੂ ਦਾ ਸਾਥ ਮਿਲ ਜਾਵੇ ਤਦ ਹੀ ਰੂਹਾਨੀ ਜੀਵਨ ਮਿਲ ਸਕਦਾ ਹੈ ਜਿਸ ਵਿਚ ਅਸਲ ਅਨੰਦ ਹੈ। ਜਿਸ ਮਨੁੱਖ ਦੇ ਮੱਥੇ ਦੇ ਭਾਗ ਪ੍ਰਗਟ ਹੋਣ, ਮਨੁੱਖਾ ਜੀਵਨ ਰੂਪੀ ਜੇਠ ਦਾ ਮਹੀਨਾ ਉਸ ਲਈ ਦੁਖਦਾਈ ਨਹੀਂ ਬਲਕਿ ਰੰਗੀਲਾ ਤੇ ਅਨੰਦ-ਦਾਇਕ ਹੈ। ■

ਸੰਪਾਦਕੀ...

# ਆਓ, ਗੁਰੂ ਆਸ਼ੇ ਅਨੁਸਾਰੀ ਜੀਵਨ ਘੜੀਏ!

*ਗੁਰੂ ਸਾਹਿਬਾਨ ਇਸ ਜਗਤ ਵਿੱਚੋਂ ਈਰਖਾ, ਦ੍ਵੈਸ਼, ਜ਼ਬਰ-ਜ਼ੁਲਮ ਆਦਿ ਬਦੀਆਂ ਦਾ ਖ਼ਾਤਮਾ ਕਰ ਕੇ ਪਰਉਪਕਾਰ, ਨੇਕੀ, ਦਇਆ, ਧਰਮ ਦਾ ਰਾਜ ਸਥਾਪਿਤ ਕਰਨ ਲਈ ਨੇਕੀ ਦੇ ਰਹਿਬਰ ਬਣ ਕੇ ਆਏ। ਗ਼ਰੀਬ-ਗੁਰਬੇ, ਨਿਮਾਣੇ ਤੇ ਨਿਤਾਣਿਆਂ ਲਈ ਓਟ-ਆਸਰਾ ਬਣ ਕੇ ਗੁਰੂ ਸਾਹਿਬਾਨ ਨੇ ਮਾਨਸਿਕ ਤੌਰ 'ਤੇ ਗ਼ੁਲਾਮ ਹੋ ਚੁੱਕੇ ਲੋਕਾਂ ਦਾ ਸਮਾਜਿਕ ਪੱਧਰ ਉਤਾਂਹ ਚੁੱਕਿਆ। ਲੋਕਾਂ ਨੂੰ ਹਮੇਸ਼ਾਂ ਹੱਕ-ਸੱਚ ਤੇ ਨਿਆਂ ਦੇ ਮਾਰਗ 'ਤੇ ਚੱਲਣ ਦੀ ਸਿੱਖਿਆ ਦਿੱਤੀ ਤੇ ਧਾਰਮਿਕ ਪੱਧਰ ਵਿਚ ਆ ਚੁੱਕੀ ਗਿਰਾਵਟ ਨੂੰ ਦੂਰ ਕੀਤਾ। ਗੁਰਬਾਣੀ ਦੀ ਰਚਨਾ ਕਰ ਕੇ ਸਮੁੱਚੀ ਲੋਕਾਈ ਅਤੇ ਧਾਰਮਿਕ ਰਹਿਬਰਾਂ ਨੂੰ* ***ਅਪਨਾ ਬਿਗਾਰਿ ਬਿਰਾਂਨਾ ਸਾਂਢੈ*** *ਵਾਲੀ ਆਦਰਸ਼ਕ ਜੀਵਨ-ਜਾਚ ਅਨੁਸਾਰ ਆਪਣਾ ਜੀਵਨ ਢਾਲਣ ਦੀ ਪ੍ਰੇਰਨਾ ਕੀਤੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਜਗਤ-ਜਲੰਦੇ ਦੇ ਉੱਧਾਰ ਲਈ ਪ੍ਰਚਾਰ ਯਾਤਰਾਵਾਂ ਕੀਤੀਆਂ ਅਤੇ ਮਨੁੱਖਤਾ ਨੂੰ ਜ਼ਬਰ-ਜ਼ੁਲਮ ਦਾ ਟਾਕਰਾ ਕਰਨ ਲਈ ਨਾਮ-ਸਿਮਰਨ ਦੁਆਰਾ ਬਲਵਾਨ ਸੁਰਤ ਦੇ ਧਾਰਨੀ ਹੋਣ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਨੇ ਬਾਬਰ ਦੇ ਜ਼ੁਲਮ ਵਿਰੁੱਧ ਅਵਾਜ਼ ਬੁਲੰਦ ਕੀਤੀ ਤੇ ਉਸ ਨੂੰ ਜਾਬਰ ਕਹਿ ਕੇ ਸੰਬੋਧਨ ਕੀਤਾ।*

*ਇਸੇ ਹੀ ਵਿਚਾਰਧਾਰਾ ਨੂੰ ਅੱਗੇ ਵਧਾਉਂਦੇ ਹੋਏ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਮੁੱਚੀ ਮਨੁੱਖਤਾ ਨੂੰ ਸਤ-ਸੰਤੋਖ, ਨੇਕੀ, ਦਇਆ ਅਤੇ ਪਰਉਪਕਾਰ ਆਦਿ ਸਦਗੁਣਾਂ ਦੇ ਧਾਰਨੀ ਹੋ ਕੇ ਸੰਸਾਰ ਵਿਚ ਵਿਚਰਨ ਅਤੇ ਅਕਾਲ ਪੁਰਖ ਦੇ ਭਾਣੇ ਨੂੰ ਸਤ ਕਰ ਕੇ ਮੰਨਣ ਦਾ ਉਪਦੇਸ਼ ਦਿੱਤਾ। ਗੁਰੂ ਜੀ ਨੇ ਆਪਣੇ ਤੋਂ ਪੂਰਬਲੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ (ਗੁਰਬਾਣੀ) ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕੱਤਰ ਕਰ ਕੇ ਸਮੁੱਚੀ ਮਾਨਵਤਾ ਨੂੰ ਸੁਤੰਤਰ ਸੋਚ ਦਿੱਤੀ। ਗੁਰੂ ਜੀ ਨੇ ਮਨੁੱਖਤਾ ਸਾਹਮਣੇ ਗੁਰਮਤਿ ਦਾ ਨਿਵੇਕਲਾ ਸਿਧਾਂਤ ਦ੍ਰਿੜ੍ਹ ਕਰਵਾਇਆ ਕਿ ਸਭ ਤੋਂ ਪਹਿਲਾਂ ਜਿੱਥੋਂ ਤਕ ਸੰਭਵ ਹੋ ਸਕੇ ਸ਼ਾਂਤਮਈ ਢੰਗ ਦੇ ਨਾਲ ਬਦੀ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਇਸ ਸਿਧਾਂਤ ਨੂੰ ਅਮਲ ਵਿਚ ਲਿਆਉਂਦਿਆਂ ਹੋਇਆਂ ਪੰਚਮ ਪਾਤਸ਼ਾਹ ਜੀ ਨੇ ਤਤਕਾਲੀ ਹੁਕਮਰਾਨ ਜਹਾਂਗੀਰ ਦੁਆਰਾ ਦਿੱਤੇ ਅਸਹਿ ਕਸ਼ਟ ਸਹਾਰਦਿਆਂ ਸ਼ਹਾਦਤ ਪ੍ਰਾਪਤ ਕੀਤੀ। ਬਦੀ ਆਪਣੇ ਜ਼ੁਲਮ ਦੀ ਇੰਤਹਾ ਕਰ ਕੇ ਹਾਰ ਗਈ।*

*ਫਿਰ ਛੇਵੇਂ ਜਾਮੇ ਵਿਚ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਹਿਸੂਸ ਕੀਤਾ ਕਿ ਹੁਣ ਜ਼ਬਰ-ਜ਼ੁਲਮ ਨੂੰ ਕਰਾਰੇ ਹੱਥਾਂ ਬਾਝ ਠੱਲ ਨਹੀਂ ਪੈਣ ਵਾਲੀ ਤਾਂ ਆਪ ਜੀ ਨੇ ਸ਼ਸਤਰਧਾਰੀ ਹੋ ਕੇ ਜ਼ਬਰ-ਜ਼ੁਲਮ ਵਿਰੁੱਧ ਚਾਰ ਜੰਗਾਂ ਲੜੀਆਂ। ਦਸਵੇਂ ਜਾਮੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਵਿਚਾਰ ਨੂੰ ਹੋਰ ਪ੍ਰਪੱਕ ਕਰਦਿਆਂ-* ***ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥ ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ॥*** *ਦਾ ਸਿਧਾਂਤ ਦ੍ਰਿੜ੍ਹ ਕਰਾਉਂਦਿਆਂ ਕਿਹਾ ਕਿ ਜਦ ਬਦੀ ਵਿਰੁੱਧ ਸਾਰੇ ਸ਼ਾਂਤਮਈ ਹੀਲੇ-ਵਸੀਲੇ ਖ਼ਤਮ ਹੋ ਜਾਣ ਤਾਂ ਕਿਰਪਾਨ ਚੁੱਕਣੀ ਹੀ ਜਾਇਜ਼ ਹੋ*

*ਜਾਂਦੀ ਹੈ। ਗੁਰੂ ਸਾਹਿਬਾਨ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਸਿੱਖਾਂ ਨੇ ਬਦੀ ਵਿਰੁੱਧ ਸ਼ਸਤਰਬੱਧ ਸੰਘਰਸ਼ ਕਰਦਿਆਂ ਬੇਅੰਤ ਸਾਕਿਆਂ, ਘੱਲੂਘਾਰਿਆਂ ਦੇ ਲਾਸਾਨੀ ਇਤਿਹਾਸ ਨੂੰ ਸਿਰਜਿਆ ਹੈ। ਸਿੱਖ ਤਵਾਰੀਖ਼ ਨੂੰ ਫਰੋਲ ਕੇ ਦੇਖੀਏ ਤਾਂ ਇੱਕ-ਇੱਕ ਦਿਨ ਦਾ ਇਤਿਹਾਸ ਜੋ ਸਾਡੇ ਪੁਰਖਿਆਂ ਨੇ ਸਿਰਜਿਆ ਹੈ, ਸਦੀਵ ਕਾਲ ਤਕ ਮਨੁੱਖਤਾ ਲਈ ਪ੍ਰੇਰਨਾ-ਸਰੋਤ ਬਣਿਆ ਰਹੇਗਾ। ਗੁਰੂ ਸਾਹਿਬਾਨ ਦੇ ਲਾਸਾਨੀ ਫ਼ਲਸਫ਼ੇ ਅਤੇ ਸ਼ਬਦ ਦੀ ਓਟ ਵਿਚ ਜੀਵਨ ਜੀਉਂਦਿਆਂ ਸਿੱਖ ਅੱਜ ਸਮੁੱਚੇ ਜਗਤ ਅੰਦਰ ਮਾਰਸ਼ਲ ਅਤੇ ਮਾਨਵਵਾਦੀ ਕੌਮ ਦੇ ਤੌਰ 'ਤੇ ਜਾਣੇ ਜਾਂਦੇ ਹਨ। ਗੁਰੂ ਸਾਹਿਬਾਨ ਦੀ ਬਖ਼ਸ਼ਿਸ਼ ਸਦਕਾ ਹੀ ਸਿੱਖਾਂ ਨੇ ਆਪਣੀ ਦੋ ਫ਼ੀਸਦੀ ਅਬਾਦੀ ਦੇ ਬਾਵਜੂਦ ਅੱਸੀ ਫ਼ੀਸਦੀ ਕੁਰਬਾਨੀਆਂ ਦੇ ਕੇ ਦੇਸ਼ ਨੂੰ ਅਜ਼ਾਦ ਕਰਵਾਇਆ। ਸਭ ਤੋਂ ਵੱਧ ਕਾਲੇ ਪਾਣੀ ਦੀਆਂ ਸਜ਼ਾਵਾਂ ਵੀ ਸਿੱਖਾਂ ਨੇ ਕੱਟੀਆਂ। ਇਨ੍ਹਾਂ ਹੀ ਸ਼ਹਾਦਤਾਂ ਦੇ ਪ੍ਰਸੰਗ ਵਿਚ ਇਸ ਵਾਰ ਮਈ ਮਹੀਨੇ ਆ ਰਿਹਾ 'ਛੋਟਾ ਘੱਲੂਘਾਰਾ', 'ਸਾਕਾ ਪਾਉਂਟਾ ਸਾਹਿਬ' ਅਤੇ 'ਸਰਹੰਦ ਫਤਿਹ ਦਿਵਸ' ਸਿੱਖ ਕੌਮ ਦੇ ਅਣਖੀ ਅਤੇ ਜੁਝਾਰੂਪਨ ਨੂੰ ਰੂਪਮਾਨ ਕਰਦੇ ਹਨ।*

*ਇਸ ਸ਼ਾਨਾਂਮੱਤੇ ਇਤਿਹਾਸ ਨੂੰ ਪੜ੍ਹ-ਸੁਣ ਕੇ ਆਪਣੇ ਪੁਰਖਿਆਂ ਉੱਪਰ ਮਾਣ ਮਹਿਸੂਸ ਹੁੰਦਾ ਹੈ ਜਿਨ੍ਹਾਂ ਨੇ ਅਥਾਹ ਕੁਰਬਾਨੀਆਂ ਨਾਲ ਇਸ ਲਾਸਾਨੀ ਇਤਿਹਾਸ ਨੂੰ ਸਿਰਜਿਆ। ਅੱਜ ਲੋੜ ਹੈ ਗੁਰੂ ਸਾਹਿਬਾਨ ਅਤੇ ਕੌਮ ਦੇ ਸ਼ਹੀਦਾਂ ਦੁਆਰਾ ਸਿਰਜੇ ਗਏ ਇਸ ਲਾਸਾਨੀ ਇਤਿਹਾਸ ਅਮੀਰ ਸਿੱਖ ਪਰੰਪਰਾਵਾਂ ਅਤੇ ਸਿੱਖ ਵਿਰਾਸਤ ਨੂੰ ਸੰਭਾਲਣ ਅਤੇ ਵਿਸ਼ਵ ਦੇ ਸਾਹਮਣੇ ਪ੍ਰਚਾਰਨ ਦੀ। ਅੱਜ ਸਿੱਖਾਂ ਦੇ ਲਾਸਾਨੀ ਇਤਿਹਾਸ ਅਤੇ ਸੂਰਬੀਰਾਂ ਦੀਆਂ ਗਾਥਾਵਾਂ ਨੂੰ ਇਤਿਹਾਸ ਦੇ ਪੰਨਿਆਂ ਵਿੱਚੋਂ ਮਨਫ਼ੀ ਕਰਨ ਦੀਆਂ ਸਾਜ਼ਿਸ਼ਾਂ ਵੀ ਹੋ ਰਹੀਆਂ ਹਨ।*

*ਪੰਥ-ਵਿਰੋਧੀ ਤਾਕਤਾਂ ਦੁਆਰਾ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਮਨਸ਼ੇ ਨਾਲ ਨਿੱਤ ਹੀ ਕੋਈ ਨਵਾਂ ਕਾਰਾ ਕੀਤਾ ਜਾਂਦਾ ਹੈ। ਜਿਸ ਰੂਹਾਨੀ ਗੁਰਬਾਣੀ ਨੇ ਭਾਰਤ ਦੀ ਮੁਰਦਾ ਰੂਹ ਨੂੰ ਸੁਰਜੀਤ ਕਰ, ਮਨੁੱਖਤਾ ਨੂੰ ਸਦੀਆਂ ਦੀ ਦਲਦਲ ਵਿੱਚੋਂ ਬਾਹਰ ਕੱਢ ਨਿਰੋਈ ਜੀਵਨ-ਜਾਚ ਬਖ਼ਸ਼ੀ ਸੀ, ਅੱਜ ਈਰਖਾ ਵੱਸ ਉਸੇ ਰੂਹਾਨੀ ਗੁਰਬਾਣੀ ਦੇ ਸੋਮੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਕਰਵਾਈਆਂ ਜਾ ਰਹੀਆਂ ਹਨ ਜੋ ਕਿ ਬਹੁਤ ਹੀ ਮੰਦਭਾਗਾ ਵਰਤਾਰਾ ਹੈ।*

*ਅਜਿਹੇ ਸਮੇਂ ਪੰਥ-ਵਿਰੋਧੀ ਮਨਸੂਬਿਆਂ ਨੂੰ ਨਾਕਾਮ ਕਰਨ ਲਈ ਸਮੁੱਚੇ ਨਾਨਕ ਨਾਮ ਲੇਵਾ ਅਤੇ ਸਮੁੱਚੀਆਂ ਸਿੱਖ ਜਥੇਬੰਦੀਆਂ ਦਾ ਫ਼ਰਜ਼ ਬਣਦਾ ਹੈ ਕਿ ਅਸੀਂ* ***ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ*** *ਵਾਲੀ ਆਦਰਸ਼ਕ ਜੀਵਨ-ਜਾਚ ਨੂੰ ਅਪਣਾਉਂਦਿਆਂ ਮਨੁੱਖਤਾ ਸਾਹਮਣੇ ਆਪਸੀ ਭਰਾਤਰੀ ਭਾਵ ਅਤੇ ਪੰਥਕ ਏਕਤਾ, ਇਤਫਾਕ ਦੀ ਉਦਾਹਰਨ ਪੇਸ਼ ਕਰਦਿਆਂ ਆਪਣੇ ਸ਼ਾਨਾਂਮੱਤੇ ਇਤਿਹਾਸ ਅਤੇ ਗੁਰਮਤਿ ਸਿਧਾਂਤਾਂ ਨੂੰ ਵਿਸ਼ਵ ਭਰ ਵਿਚ ਪ੍ਰਚਾਰਨ ਅਤੇ ਪ੍ਰਸਾਰਨ ਲਈ ਲਾਮਬੰਦ ਹੋਈਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ ਪੰਥ ਪ੍ਰਵਾਨਿਤ 'ਸਿੱਖ ਰਹਿਤ ਮਰਯਾਦਾ' ਅਨੁਸਾਰ ਜੀਵਨ ਜੀਉਂਦਿਆਂ ਉੱਚੇ-ਸੁੱਚੇ ਕਿਰਦਾਰ ਦੇ ਧਾਰਨੀ ਬਣ ਕੇ ਆਪਣੀ ਪੀੜ੍ਹੀ ਨੂੰ ਗੁਰਬਾਣੀ ਅਤੇ ਗੁਰਮਤਿ ਦੇ ਅਮੀਰ ਵਿਰਸੇ ਨਾਲ ਜੋੜੀਏ। ਤਾਂ ਹੀ ਸਾਡੇ ਇਹ ਸ਼ਹੀਦੀ ਪੁਰਬ ਮਨਾਉਣੇ ਸਫ਼ਲ ਹੋਣਗੇ ਅਤੇ ਇਹੋ ਇਨ੍ਹਾਂ ਸ਼ਹੀਦਾਂ ਨੂੰ ਸਾਡੀ ਸੱਚੀ ਸ਼ਰਧਾਂਜਲੀ ਹੋਵੇਗੀ।*

■

# ਸ੍ਰੀ ਕੀਰਤਪੁਰ ਸਾਹਿਬ: ਇਤਿਹਾਸਿਕ ਮਹੱਤਵ ਅਤੇ ਪ੍ਰਮੁੱਖ ਗੁਰਧਾਮ

*-ਡਾ. ਪਰਮਵੀਰ ਸਿੰਘ**

ਸ੍ਰੀ ਕੀਰਤਪੁਰ ਸਾਹਿਬ ਸਿੱਖ ਇਤਿਹਾਸ ਨਾਲ ਜੁੜਿਆ ਹੋਇਆ ਪੰਜਾਬ ਦਾ ਇਕ ਪ੍ਰਮੁੱਖ ਨਗਰ ਹੈ ਜਿਹੜਾ ਕਿ ਰੋਪੜ ਅਤੇ ਨੰਗਲ ਦੇ ਵਿਚਕਾਰ ਸ੍ਰੀ ਅਨੰਦਪੁਰ ਸਾਹਿਬ ਤੋਂ ਲਗਪਗ ੧੪ ਕਿਲੋਮੀਟਰ ਦੀ ਦੂਰੀ 'ਤੇ ਸਤਲੁਜ ਦਰਿਆ[੧] ਦੇ ਕੰਢੇ 'ਤੇ ਸਥਿਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਇਸ ਅਸਥਾਨ ਦਾ ਸੰਬੰਧ ਸਿੱਖ ਧਰਮ ਨਾਲ ਜੁੜਦਾ ਹੈ। ਇਨ੍ਹਾਂ ਤੋਂ ਪਿੱਛੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਦੀ ਚਰਨ-ਛੋਹ ਇਸ ਨਗਰ ਨੂੰ ਪ੍ਰਾਪਤ ਹੋਈ। ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਗੁਰਦਿੱਤਾ ਜੀ ਨਾਲ ਵੀ ਇਸ ਅਸਥਾਨ ਦਾ ਸੰਬੰਧ ਰਿਹਾ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰਕਾਸ਼ ਕੀਰਤਪੁਰ ਸਾਹਿਬ ਵਿਖੇ ਹੋਇਆ ਅਤੇ ਦੋਵੇਂ ਗੁਰੂ ਸਾਹਿਬਾਨ ਨੂੰ ਗੁਰਿਆਈ ਦੀ ਬਖ਼ਸ਼ਿਸ਼ ਵੀ ਇੱਥੇ ਹੀ ਪ੍ਰਾਪਤ ਹੋਈ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਇਸੇ ਨਗਰ ਵਿਖੇ ਹੀ ਜੋਤੀ ਜੋਤ ਸਮਾਏ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬਾਬਾ ਬਕਾਲਾ ਵਿਖੇ ਗੁਰਿਆਈ ਧਾਰਨ ਕੀਤੀ ਤਾਂ ਅੰਮ੍ਰਿਤਸਰ ਦੇ ਦਰਸ਼ਨ ਕਰਨ ਉਪਰੰਤ ਉਹ ਇਸ ਨਗਰ ਵਿਖੇ ਆ ਕੇ ਵੱਸ ਗਏ ਸਨ। ਇੱਥੇ ਨਿਵਾਸ ਦੌਰਾਨ ਹੀ ਉਨ੍ਹਾਂ ਨੇ ਮਾਖੋਵਾਲ ਦੇ ਸਥਾਨ 'ਤੇ ਇਕ ਨਵੇਂ ਨਗਰ ਦੀ ਸਥਾਪਨਾ ਕਰ ਕੇ ਉਸ ਦਾ ਨਾਂ 'ਚੱਕ ਨਾਨਕੀ' ਰੱਖਿਆ ਸੀ, ਜਿਹੜਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸ੍ਰੀ ਅਨੰਦਪੁਰ ਸਾਹਿਬ ਦੇ ਨਾਂ ਨਾਲ ਪ੍ਰਸਿੱਧੀ ਗ੍ਰਹਿਣ ਕਰ ਗਿਆ ਸੀ।

ਇੱਥੇ ਨਵੇਂ ਨਗਰ ਦੀ ਸਥਾਪਨਾ ਕੀਤੀ ਤਾਂ ਇਸ ਨਗਰ ਦਾ ਨਾਂ ਕੀਰਤਪੁਰ ਸਾਹਿਬ ਰੱਖ ਦਿੱਤਾ ਗਿਆ। ਰਵਾਇਤ ਵਿਚ ਇਕ ਸਾਖੀ ਦੱਸਦੀ ਹੈ ਕਿ ਗੁਰੂ ਜੀ ਤੀਜੀ ਉਦਾਸੀ ਦੌਰਾਨ ਸਤਲੁਜ ਦਰਿਆ ਦੇ ਕੰਢੇ ਇਸ ਅਸਥਾਨ 'ਤੇ ਪੁੱਜੇ ਤਾਂ ਇਕ ਉੱਚੀ ਥਾਂ ਬੈਠ ਕੇ ਭਾਈ ਮਰਦਾਨਾ ਜੀ ਤੋਂ ਕੀਰਤਨ ਕਰਾਉਣਾ ਅਰੰਭ ਕਰ ਦਿੱਤਾ ਅਤੇ ਆਪ ਅਕਾਲ ਪੁਰਖ ਵਿਚ ਲੀਨ ਰਹੇ। ਗੁਰੂ ਜੀ ਨੇ ਜਦੋਂ ਨੇਤਰ ਖੋਲ੍ਹੇ ਤਾਂ ਭਾਈ ਮਰਦਾਨਾ ਜੀ ਨੇ ਬੇਨਤੀ ਕੀਤੀ ਕਿ ਇਸ ਜਗ੍ਹਾ 'ਤੇ ਆਪ ਜੀ ਨੇ ਸ਼ਬਦ ਨਾਲ ਬਹੁਤ

** ਸਿੱਖ ਵਿਸ਼ਵ ਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋ. ੯੮੭੨੦-੭੪੩੨੨*

ਪ੍ਰੇਮ ਕੀਤਾ ਹੈ, ਇਸ ਦਾ ਕੀ ਕਾਰਨ ਹੈ। ਗੁਰੂ ਜੀ ਨੇ ਬਚਨ ਕੀਤਾ ਕਿ ਇਹ ਧਰਤੀ ਬੜੀ ਸ਼ਾਂਤੀ ਦੇਣ ਵਾਲੀ ਹੈ।[੨]

ਕਰਤਾਰਪੁਰ ਦੇ ਯੁੱਧ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਸ ਨਗਰ ਵਿਖੇ ਨਿਵਾਸ ਕਰ ਲਿਆ ਸੀ ਅਤੇ ੧੬੬੫ ਤਕ, ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ 'ਚੱਕ ਨਾਨਕੀ' ਨਗਰ ਦੀ ਸਥਾਪਨਾ ਕਰ ਕੇ ਉੱਥੇ ਚਲੇ ਗਏ ਸਨ, ਲਗ-ਪਗ ੩੦ ਸਾਲ ਇਹ ਨਗਰ ਸਿੱਖੀ ਪ੍ਰਚਾਰ ਦੇ ਪ੍ਰਮੁੱਖ ਕੇਂਦਰ ਵਜੋਂ ਕਾਰਜਸ਼ੀਲ ਰਿਹਾ। ਫ਼ਾਰਸੀ ਦੇ ਪ੍ਰਸਿੱਧ ਇਤਿਹਾਸਕਾਰ ਮੋਹਸਿਨ ਫ਼ਾਨੀ ਨੇ 'ਦਬਿਸਤਾਨਿ ਮਜ਼ਾਹਿਬ' ਸਿਰਲੇਖ ਅਧੀਨ ਇਕ ਮਹੱਤਵਪੂਰਨ ਪੁਸਤਕ ਲਿਖੀ ਜਿਸ ਵਿਚ ਇਹ ਸਿੱਖ ਗੁਰੂ ਸਾਹਿਬਾਨ ਬਾਰੇ ਨਿਰਪੱਖ ਹੋ ਕੇ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਦੱਸਦਾ ਹੈ ਕਿ ਸ੍ਰੀ ਕੀਰਤਪੁਰ ਸਾਹਿਬ ਵਿਖੇ ਇਸ ਦਾ ਮੇਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨਾਲ ਹੋਇਆ ਸੀ।[੩] ਇਸ ਨੇ ਗੁਰੂ ਸਾਹਿਬਾਨ ਬਾਰੇ ਜਿਹੜੀ ਜਾਣਕਾਰੀ ਇਕੱਤਰ ਕੀਤੀ, ਉਸ ਨੂੰ ਆਪਣੀ ਰਚਨਾ ਵਿਚ ਵਿਸਥਾਰ ਸਹਿਤ ਦਰਜ ਕੀਤਾ ਹੈ।

ਇਸ ਨਗਰ ਵਿਖੇ ਨਿਵਾਸ ਦੌਰਾਨ ਗੁਰੂ ਸਾਹਿਬਾਨ ਨੇ ਸਿੱਖ ਧਰਮ ਦਾ ਪ੍ਰਚਾਰ-ਪ੍ਰਸਾਰ ਕਰਨ ਲਈ ਬਹੁਤ ਸਾਰੇ ਪ੍ਰਚਾਰਕ ਨਿਯੁਕਤ ਕੀਤੇ ਸਨ। ਇਨ੍ਹਾਂ ਵਿੱਚੋਂ ਉਦਾਸੀ ਸੰਪ੍ਰਦਾਇ ਦੇ ਕੁਝ ਸਾਧੂਆਂ ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ ਕੀਤਾ ਜਾਂਦਾ ਹੈ। ਇਨ੍ਹਾਂ ਵਿੱਚੋਂ ਇਕ ਭਾਈ ਗੋਇੰਦ ਜੀ ਸਨ ਜਿਹੜੇ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਲ ਹੀ ਕੀਰਤਪੁਰ ਸਾਹਿਬ ਵਿਖੇ ਆ ਕੇ ਵੱਸ ਗਏ ਸਨ। ਇਤਿਹਾਸ ਦੇ ਖੋਜੀ ਸ. ਰਣਧੀਰ ਸਿੰਘ ਦੱਸਦੇ ਹਨ- ਕਿ ਦੁਨੀਆਂਦਾਰੀ ਵੱਲੋਂ ਉਦਾਸ ਬਿਰਤੀ ਜਾਂਚ ਕੇ ਅਤੇ ਘਾਲ-ਕਮਾਈ ਤੋਂ ਪ੍ਰਸੰਨ ਹੋ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਉਸ ਨੂੰ 'ਉਦਾਸੀ ਭੇਖ ਰੀਤਿ' ਦੀ ਬਖ਼ਸ਼ਿਸ਼ ਕੀਤੀ ਅਤੇ ਗੁਰਮੰਤ੍ਰ ਦੇ ਕੇ ਸਿੱਖ ਧਰਮ ਦਾ ਪ੍ਰਚਾਰ ਕਰਨ ਦੇ ਅਧਿਕਾਰ ਪ੍ਰਦਾਨ ਕੀਤੇ। ਪਹਿਲਾਂ ਇਹ ਸ੍ਰੀ ਕੀਰਤਪੁਰ ਵਿਖੇ ਟਿਕਾਣਾ ਕਰ ਕੇ ਆਲੇ-ਦੁਆਲੇ ਦੇ ਪਿੰਡਾਂ ਵਿਚ ਘੁੰਮਦੇ ਰਹੇ ਅਤੇ ਫਿਰ ਦੁਆਬੇ ਵਿਚ ਜਾ ਬਿਰਾਜੇ ਸਨ।[੪] ਫੂਲ ਸ਼ਾਹ ਉਦਾਸੀਆਂ ਦੇ ਚਾਰ ਧੂਣਿਆਂ ਵਿੱਚੋਂ ਇਕ ਧੂਣੇ ਦੇ ਮੁਖੀ ਸਨ। ਇਨ੍ਹਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਅੰਮ੍ਰਿਤਸਰ ਵਿਖੇ ਸਿੱਖੀ ਧਾਰਨ ਕੀਤੀ ਸੀ ਅਤੇ ੧੬੩੬ ਵਿਚ ਸ੍ਰੀ ਕੀਰਤਪੁਰ ਸਾਹਿਬ ਵਿਖੇ ਇਹ ਬਾਬਾ ਗੁਰਦਿੱਤਾ ਜੀ ਤੋਂ ਉਦਾਸੀ ਭੇਖ ਧਾਰਨ ਕਰ ਕੇ ਸਿੱਖੀ ਪ੍ਰਚਾਰ ਲਈ ਚਲੇ ਗਏ ਸਨ। ਇਨ੍ਹਾਂ ਨੇ ਮੌਜੂਦਾ ਹੁਸ਼ਿਆਰਪੁਰ ਨਗਰ ਦੇ ਨੇੜੇ ਬਹਾਦਰਪੁਰ ਵਿਖੇ ਪ੍ਰਚਾਰ ਕੇਂਦਰ ਸਥਾਪਿਤ ਕੀਤਾ ਸੀ।[੫] ਇਸ ਸੰਪ੍ਰਦਾਇ ਦਾ ਇਕ ਹੋਰ ਪ੍ਰਸਿੱਧ ਸਾਧੂ ਭਗਤ ਭਗਵਾਨ ਹੋਏ ਹਨ ਜਿਨ੍ਹਾਂ ਦਾ ਮੁੱਖ ਕੇਂਦਰ ਬਿਹਾਰ ਵਿਖੇ ਸੀ ਅਤੇ ਭਾਰਤ ਦੇ ਕਈ ਭਾਗਾਂ ਵਿਚ ਘੁੰਮਦੇ ਹੋਏ ਇਹ ਕੀਰਤਪੁਰ ਸਾਹਿਬ ਵਿਖੇ

ਪੁੱਜੇ। ਇਨ੍ਹਾਂ ਦਾ ਪਹਿਲਾ ਨਾਂ ਭਗਵਾਨ ਗੀਰ ਸੀ ਅਤੇ ਇਨ੍ਹਾਂ ਦੇ ਬਿਹਾਰ ਵਿਚ ਲਗਪਗ ੩੭੦ ਡੇਰੇ ਸਨ। ਜਦੋਂ ਇਹ ਸ੍ਰੀ ਕੀਰਤਪੁਰ ਸਾਹਿਬ ਵਿਖੇ ਪੁੱਜੇ ਤਾਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਸ਼ਨ ਕਰ ਕੇ ਬਹੁਤ ਪ੍ਰਭਾਵਿਤ ਹੋਏ। ਗੁਰੂ ਜੀ ਨੇ ਇਨ੍ਹਾਂ ਨੂੰ ਉਦਾਸੀ ਸੰਪ੍ਰਦਾਇ ਦੀ ਇਕ ਬਖ਼ਸ਼ਿਸ਼ ਪ੍ਰਦਾਨ ਕਰ ਕੇ ਇਨ੍ਹਾ ਦਾ ਨਾਂ ਭਗਤ ਭਗਵਾਨ ਰੱਖ ਦਿੱਤਾ ਸੀ। ਇਸ ਬਖ਼ਸ਼ਿਸ਼ ਦੇ ਮੁਖੀ ਵਜੋਂ ਇਹ ਉਦਾਸੀ ਸੰਪ੍ਰਦਾਇ ਦਾ ਭੇਖ ਧਾਰਨ ਕਰਕੇ ਸਿੱਖੀ ਦਾ ਪ੍ਰਚਾਰ ਕਰਨ ਲੱਗੇ ਸਨ। ਜਦੋਂ ਇਹ ਵਾਪਸ ਬਿਹਾਰ ਪੁੱਜੇ ਤਾਂ ਇਨ੍ਹਾ ਦੇ ਅਧੀਨ ਸਮੂਹ ੩੭੦ ਡੇਰੇ ਉਦਾਸੀ ਸੰਪ੍ਰਦਾਇ ਨਾਲ ਸੰਬੰਧਿਤ ਹੋ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਦਾ ਪ੍ਰਚਾਰ ਕਰਨ ਲੱਗੇ ਸਨ। ਮੌਜੂਦਾ ਸਮੇਂ ਵਿਚ ਵੀ ਉਦਾਸੀਆਂ ਦੇ ਲਗਪਗ ੧੦੦੦ ਛੋਟੇ-ਵੱਡੇ ਡੇਰੇ ਬਿਹਾਰ ਵਿਚ ਮੌਜੂਦ ਹਨ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਅਤੇ ਬਾਬਾ ਸ੍ਰੀ ਚੰਦ ਜੀ ਦਾ ਜਨਮ ਦਿਹਾੜਾ ਮਨਾਇਆ ਜਾਂਦਾ ਹੈ।[੬]

ਗੁਰੂ ਸਾਹਿਬਾਨ ਤੋਂ ਬਾਅਦ ਸਿੱਖਾਂ ਦੀ ਇਸ ਨਗਰ ਨਾਲ ਭਾਵਨਾਤਮਕ ਸਾਂਝ ਕਾਇਮ ਰਹੀ ਜਿਹੜੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਸਭ ਤੋਂ ਪਹਿਲਾਂ ਦੇਖਣ ਨੂੰ ਮਿਲਦੀ ਹੈ। ਲੋਹਗੜ੍ਹ ਛੱਡਣ ਉਪਰੰਤ ਉਸ ਨੇ ਜੌਨਪੁਰ ਦੀ ਸੰਗਤ ਦੇ ਨਾਂ ਇਕ ਹੁਕਮਨਾਮਾ ਜਾਰੀ ਕੀਤਾ ਸੀ ਜਿਸ ਵਿਚ ਉਨ੍ਹਾਂ ਨੂੰ ਹਥਿਆਰ ਲੈ ਕੇ ਆਉਣ ਲਈ ਕਿਹਾ ਗਿਆ ਸੀ। ਡਾ. ਗੰਡਾ ਸਿੰਘ ਦੱਸਦੇ ਹਨ ਕਿ ਹੁਕਮਨਾਮਾ ਪੁੱਜਣ ਦੀ ਦੇਰ ਸੀ ਕਿ ਸਿੰਘ ਸਾਰੇ ਪਾਸਿਆਂ ਤੋਂ ਸ੍ਰੀ ਕੀਰਤਪੁਰ ਸਾਹਿਬ ਵਿਖੇ ਆ ਕੇ ਇਕੱਠੇ ਹੋਏ ਸਨ ਜਿਸ ਨਾਲ ਬਾਬਾ ਬੰਦਾ ਸਿੰਘ ਬਹਾਦਰ ਦਾ ਹੌਂਸਲਾ ਵੱਧ ਗਿਆ ਸੀ ਅਤੇ ਉਨ੍ਹਾਂ ਨੇ ਪਹਾੜ ਦੇ ਦੋਖੀ ਰਾਜਿਆਂ ਵਿਰੁੱਧ ਚੜ੍ਹਾਈ ਕਰ ਦਿੱਤੀ ਸੀ।[੭]

ਗੁਰੂ ਸਾਹਿਬਾਨ ਤੋਂ ਬਾਅਦ ਉਨ੍ਹਾਂ ਦੇ ਪਰਵਾਰਾਂ ਨੇ ਲੰਮਾ ਸਮਾਂ ਇਸ ਨਗਰ ਵਿਖੇ ਨਿਵਾਸ ਕੀਤਾ। ੧੯੨੦ ਈ. ਵਿਚ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਅਰੰਭ ਹੋਈ ਸੀ, ਉਸ ਸਮੇਂ ਇਸ ਨਗਰ ਦੇ ਗੁਰਧਾਮ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੋਤਰੇ ਸ਼ਿਆਮ ਸਿੰਘ ਦੇ ਵੰਸ਼ਜ਼ਾਂ ਦੇ ਅਧੀਨ ਸਨ ਜਿਨ੍ਹਾਂ ਨੇ ੧੯੨੩ ਵਿਚ ਇਨ੍ਹਾਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਸੀ:

ਸ੍ਰੀ ਅਨੰਦਪੁਰ ਸਾਹਿਬ ਤੋਂ ਇਹ ਤਾਰ ਸਰਦਾਰ ਦਾਨ ਸਿੰਘ ਹੋਰਾਂ ਵੱਲੋਂ ਆਈ ਹੈ- ਟਿੱਕਾ ਰਾਮ ਨਰੈਣ ਸਿੰਘ ਤੇ ਸੋਢੀ ਮੋਤੀ ਸਿੰਘ ਜੀ ਨੇ ਜੋ ਭੀ ਜਾਤੀ ਹੱਕ ਉਨ੍ਹਾਂ ਦੇ ਗੁਰਦੁਆਰਿਆਂ 'ਤੇ ਸਨ ਉਹ ਸਭ ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਨੂੰ ਦੇ ਦਿੱਤੇ ਹਨ। ਨਾਲ ਹੀ ਰਜਿਸਟਰੀ ਸ਼ੁਦਾ ਜੋ ਕਮੇਟੀ ਸ੍ਰੀ ਅਨੰਦਪੁਰ ਸਾਹਿਬ ਦੇ ਗੁਰਦੁਆਰਿਆਂ ਲਈ ੧੯੧੩ ਤੋਂ ਕਾਇਮ ਸੀ, ਉਹ ਭੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਕ ਵਿਚ ਹਟ ਗਈ ਹੈ।[੮]

ਸ੍ਰੀ ਕੀਰਤਪੁਰ ਸਾਹਿਬ ਦੇ ਇਤਿਹਾਸਿਕ ਗੁਰਧਾਮਾਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਐਕਟ ੧੯੨੫ ਦੇ ਅਧੀਨ ਨਿਰੰਤਰ ਜਾਰੀ ਹੈ। ਤਖ਼ਤ ਸ੍ਰੀ ਕੇਸਗੜ੍ਹ ਦਾ ਪ੍ਰਬੰਧ ਤਾਂ ਪਹਿਲਾਂ ਹੀ ਸਿੱਧਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਸੀ ਪਰ ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਕੀਰਤਪੁਰ ਸਾਹਿਬ ਦੇ ਬਹੁਤ ਸਾਰੇ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਸਥਾਨਕ ਕਮੇਟੀਆਂ ਰਾਹੀਂ ਕੀਤਾ ਜਾ ਰਿਹਾ ਸੀ ਪਰ ੧੯੫੧ ਤੋਂ ਇਨ੍ਹਾਂ ਦੋਵੇਂ ਨਗਰਾਂ ਦੇ ਇਤਿਹਾਸਿਕ ਗੁਰਧਾਮਾਂ ਦਾ ਪ੍ਰਬੰਧ ਸਿੱਧਾ ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਅਧੀਨ ਕਰ ਦਿੱਤਾ ਗਿਆ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸੰਨ ੧੬੩੪ ਵਿਚ ਕਰਤਾਰਪੁਰ ਦੀ ਜੰਗ ਉਪਰੰਤ ਸ੍ਰੀ ਕੀਰਤਪੁਰ ਸਾਹਿਬ ਵਿਖੇ ਆ ਗਏ ਸਨ ਅਤੇ ਸੰਨ ੧੬੪੪ ਵਿਚ ਜੋਤੀ ਜੋਤ ਸਮਾਉਣ ਤਕ ਇੱਥੇ ਹੀ ਨਿਵਾਸ ਕਰਦੇ ਰਹੇ। ਸਰੂਪ ਦਾਸ ਭੱਲਾ ਦੱਸਦਾ ਹੈ ਕਿ ਗੁਰੂ ਜੀ ਨੇ ਆਪ ਹੀ ਇਹ ਨਗਰ ਵਸਾ ਕੇ ਇਸ ਦਾ ਨਾਂ 'ਕੀਰਤਪੁਰ' ਰੱਖਿਆ ਸੀ ਅਤੇ ਉਹ ਆਪ ਇੱਥੇ ਨਿਵਾਸ ਕਰਨ ਲੱਗੇ ਸਨ:

*ਸਤਲੁਦ੍ਰ ਕੰਠ ਪਰਬਤ ਕੀ ਤਰੀ।*
*ਨਿਰਬਿਘਨ ਸੁਖ ਠੌਰ ਸੰਪਦ ਪ੍ਰਭ ਕਰੀ।*
*ਧਰ ਨਾਮ ਕੀਰਤਪੁਰ ਕੀਨਾ ਬਾਸਾ।*
*ਹੋਇ ਪਰਮ ਅਨੰਦ ਸੁਖ ਸਦਾ ਬਿਲਾਸਾ॥੩੩॥*[੯]

'ਇਨਸਾਈਕਲੋਪੀਡੀਆ ਆਫ਼ ਸਿੱਖਿਜ਼ਮ' ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਹਿਲੂਰ ਦੇ ਰਾਜਾ ਕਲਿਆਣ ਚੰਦ ਤੋਂ ਨਵਾਂ ਨਗਰ ਵਸਾਉਣ ਲਈ ਜ਼ਮੀਨ ਖਰੀਦੀ ਸੀ ਅਤੇ ਉਨ੍ਹਾਂ ਦੇ ਆਦੇਸ਼ ਅਨੁਸਾਰ ੧ ਮਈ, ੧੬੨੬ ਨੂੰ ਬਾਬਾ ਸ੍ਰੀ ਚੰਦ ਨੇ ਇਸ ਨਗਰ ਦੀ ਮੋਹੜੀ ਗੱਡੀ ਸੀ।[੧੦] ਸ੍ਰੀ ਕੀਰਤਪੁਰ ਸਾਹਿਬ ਵਿਖੇ ਗੁਰੂ ਸਾਹਿਬਾਨ ਅਤੇ ਗੁਰਸਿੱਖਾਂ ਨਾਲ ਸੰਬੰਧਿਤ ਕਈ ਗੁਰਧਾਮ ਸੁਸ਼ੋਭਿਤ ਹਨ ਜਿਨ੍ਹਾਂ ਵਿੱਚੋਂ ਕੁਝ ਇਕ ਬਾਰੇ ਜਾਣਨ ਦਾ ਯਤਨ ਕੀਤਾ ਜਾ ਰਿਹਾ ਹੈ।

**੧. ਗੁਰਦੁਆਰਾ ਚਰਨ ਕੰਵਲ ਸਾਹਿਬ ਪਾਤਸ਼ਾਹੀ ਪਹਿਲੀ:** ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀਆਂ ਪ੍ਰਚਾਰ ਯਾਤਰਾਵਾਂ ਦੌਰਾਨ ਇੱਥੇ ਪੁੱਜੇ ਤਾਂ ਉਨ੍ਹਾਂ ਦਾ ਮੇਲ ਇਕ ਮੁਸਲਮਾਨ ਫ਼ਕੀਰ ਪੀਰ ਬੁੱਢਣ ਸ਼ਾਹ ਨਾਲ ਹੋਇਆ। ਮੈਕਾਲਿਫ਼ ਇਸ ਘਟਨਾ ਸੰਬੰਧੀ ਜਾਣਕਾਰੀ ਦਿੰਦੇ ਹੋਏ ਦੱਸਦਾ ਹੈ ਕਿ ਇੱਥੇ ਇਕ ਕਾਲੀ ਪਹਾੜੀ ਦੀ ਚੋਟੀ 'ਤੇ ਇਕ ਕਰਾਮਾਤੀ ਮੁਸਲਮਾਨ ਫ਼ਕੀਰ ਪੀਰ ਬੁੱਢਣ ਸ਼ਾਹ ਰਹਿੰਦਾ ਸੀ। ਉਸ ਨੇ ਦੋ ਬੱਕਰੀਆਂ ਰੱਖੀਆਂ ਹੋਈਆਂ ਸਨ। ਇੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੀਰ ਬੁੱਢਣ ਸ਼ਾਹ ਨਾਲ ਮੁਲਕਾਤ ਹੋਈ ਤਾਂ ਉਸ ਨੇ ਪੁੱਛਿਆ ਕਿ ਉਹ ਇੱਥੇ ਕਿਵੇਂ ਆਏ ਹਨ। ਭਾਈ ਮਰਦਾਨਾ ਜੀ ਨੇ ਜਵਾਬ ਦਿੱਤਾ ਕਿ ਇਹ ਸ੍ਰੀ ਗੁਰੂ ਨਾਨਕ ਦੇਵ

ਜੀ ਧਰਮਾਤਮਾ ਪੁਰਖ ਹਨ ਜਿਹੜੇ ਕਿ ਰੱਬੀ ਸੰਦੇਸ਼ ਦੇਣ ਲਈ ਸੰਸਾਰ ਵਿਚ ਪ੍ਰਗਟ ਹੋਏ ਹਨ। ਪੀਰ ਬੁੱਢਣ ਸ਼ਾਹ ਉਨ੍ਹਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਕੇ ਬਹੁਤ ਖੁਸ਼ ਹੋਇਆ ਅਤੇ ਉਨ੍ਹਾਂ ਨਾਲ ਧਾਰਮਿਕ ਵਿਚਾਰਾਂ ਕੀਤੀਆਂ। ਗੁਰੂ ਜੀ ਨਾਲ ਵਿਚਾਰਾਂ ਕਰਦੇ ਸਮੇਂ ਉਹ ਅਧਿਆਤਮਿਕ ਅਨੰਦ ਵਿਚ ਲੀਨ ਹੋ ਗਿਆ ਅਤੇ ਕੁਝ ਸਮੇਂ ਬਾਅਦ ਉੱਠਿਆ ਅਤੇ ਬੱਕਰੀਆਂ ਚੋ ਕੇ ਦੁੱਧ ਗੁਰੂ ਜੀ ਅੱਗੇ ਰੱਖ ਦਿੱਤਾ।[੧੧]

ਡਾ. ਕਿਰਪਾਲ ਸਿੰਘ ਦੱਸਦੇ ਹਨ ਕਿ ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਸਤਲੁਜ ਦੇ ਸੁਹਾਵਣੇ ਕੰਢੇ 'ਤੇ ਇਕ ਮੁਸਲਮਾਨ ਫ਼ਕੀਰ ਪੀਰ ਬੁੱਢਣ ਸ਼ਾਹ ਰਹਿੰਦਾ ਸੀ ਜਿਸ ਨੇ ਕੁਝ ਬੱਕਰੀਆਂ ਰੱਖੀਆਂ ਹੋਈਆਂ ਸਨ। ਇਹ ਗੁਰੂ ਜੀ ਦੇ ਇਲਾਹੀ ਸ਼ਬਦ ਦੀਆਂ ਧੁਨਾਂ ਸੁਣ ਕੇ ਬਹੁਤ ਪ੍ਰਭਾਵਿਤ ਹੋਇਆ ਅਤੇ ਉਨ੍ਹਾਂ ਨੂੰ ਆਪਣੀ ਕੁਟੀਆ ਵਿਚ ਲੈ ਗਿਆ। ਗੁਰੂ ਜੀ ਕੁਝ ਸਮਾਂ ਇਸ ਕੋਲ ਠਹਿਰੇ ਤੇ ਇਸ ਨੇ ਬੱਕਰੀਆਂ ਦਾ ਦੁੱਧ ਗੁਰੂ ਜੀ ਅਤੇ ਭਾਈ ਮਰਦਾਨਾ ਜੀ ਨੂੰ ਪਿਆਇਆ। ਜਿਸ ਅਸਥਾਨ 'ਤੇ ਗੁਰੂ ਸਾਹਿਬ ਬੈਠੇ ਸਨ, ਉੱਥੇ ਕੀਰਤਪੁਰ ਨਾਂ ਦਾ ਨਗਰ ਅਬਾਦ ਹੋਇਆ।[੧੨]

**੨. ਗੁਰਦੁਆਰਾ ਸੀਸ ਮਹਿਲ ਸਾਹਿਬ:** ਸ੍ਰੀ ਕੀਰਤਪੁਰ ਸਾਹਿਬ ਵਿਖੇ ਇਹ ਇਕ ਪੁਰਾਤਨ ਇਤਿਹਾਸਿਕ ਅਸਥਾਨ ਹੈ ਜਿਹੜਾ ਕਿ ਸਭ ਤੋਂ ਪਹਿਲਾਂ ਬਾਬਾ ਗੁਰਦਿੱਤਾ ਜੀ ਨੇ ਉਸਾਰੀ ਕੀਤਾ ਸੀ। ਕਿਹਾ ਜਾਂਦਾ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਰਤਪੁਰ ਨਗਰ ਵਸਾਉਣ ਦੀ ਜ਼ਿੰਮੇਵਾਰੀ ਬਾਬਾ ਗੁਰਦਿੱਤਾ ਜੀ ਨੂੰ ਸੌਂਪ ਦਿੱਤੀ ਸੀ ਅਤੇ ਉਨ੍ਹਾਂ ਨੇ ਇਸ ਨਗਰ ਦੇ ਵਿਕਾਸ ਲਈ ਇੱਥੇ ਹੀ ਨਿਵਾਸ ਕਰ ਲਿਆ ਸੀ। ਸਭ ਤੋਂ ਪਹਿਲਾਂ ਉਨ੍ਹਾਂ ਨੇ ਇਸ ਨਵੇਂ ਨਗਰ ਵਿਖੇ ਨਿਵਾਸ ਕਰਨ ਲਈ ਇਸ ਅਸਥਾਨ 'ਤੇ ਕੁਝ ਕਮਰੇ ਤਿਆਰ ਕੀਤੇ ਸਨ। ਕਰਤਾਰਪੁਰ ਦੇ ਯੁੱਧ ਉਪਰੰਤ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਵੀ ਇਸ ਅਸਥਾਨ 'ਤੇ ਨਿਵਾਸ ਕਰ ਲਿਆ ਸੀ। ਇੱਥੇ ਹੀ ਬਾਬਾ ਗੁਰਦਿੱਤਾ ਜੀ ਦੇ ਘਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਗ੍ਰਹਿ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਸੀ। ਇਸ ਗੁਰਦੁਆਰਾ ਸਾਹਿਬ ਨੂੰ ਪ੍ਰਕਾਸ਼ ਅਸਥਾਨ ਪਾਤਸ਼ਾਹੀ ਸੱਤਵੀਂ ਅਤੇ ਅੱਠਵੀਂ ਵੀ ਕਿਹਾ ਜਾਂਦਾ ਹੈ। ਸੰਤ ਸੇਵਾ ਸਿੰਘ ਅਨੰਦਗੜ੍ਹ ਵਾਲਿਆਂ ਨੇ ਇਸ ਦੀ ਕਾਰ-ਸੇਵਾ ਕੀਤੀ ਸੀ।

ਇਸ ਗੁਰਦੁਆਰਾ ਸਾਹਿਬ ਦੇ ਨੇੜ੍ਹੇ ਹੀ ਇਕ ਪੁਰਾਤਨ ਬਾਉਲੀ-ਨੁਮਾ ਖੂਹ ਮੌਜੂਦ ਹੈ, ਜਿਸ ਨੂੰ ਗੁਰੂ ਕਾ ਖੂਹ ਵੀ ਕਿਹਾ ਜਾਂਦਾ ਹੈ। ਇਹ ਖੂਹ ਗੁਰੂ ਜੀ ਦੇ ਸਮੇਂ ਦਾ ਦੱਸਿਆ ਜਾਂਦਾ ਹੈ। ਗੁਰੂ ਸਾਹਿਬਾਨ ਦੇ ਸਮੇਂ ਇਹ ਪਾਣੀ ਦਾ ਪ੍ਰਮੁੱਖ ਸਰੋਤ ਸੀ।

**੩. ਗੁਰਦੁਆਰਾ ਤਖ਼ਤ ਕੋਟ ਸਾਹਿਬ:** ਜਿਸ ਅਸਥਾਨ 'ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਰਬਾਰ ਲਗਾਉਂਦੇ ਅਤੇ ਸੰਗਤ ਦੀਆਂ ਮੁਸ਼ਕਲਾਂ ਸੁਣਦੇ ਸਨ,

ਉਸ ਅਸਥਾਨ ਨੂੰ ਗੁਰਦੁਆਰਾ ਤਖ਼ਤ ਕੋਟ ਸਾਹਿਬ ਕਿਹਾ ਜਾਂਦਾ ਹੈ। ਗੁਰੂ ਜੀ ਨੇ ਇਸ ਕਾਰਜ ਲਈ ਪਹਿਲਾਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਕ ਅਸਥਾਨ ਤਿਆਰ ਕਰਵਾਇਆ ਸੀ ਜਿਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਕਿਹਾ ਜਾਂਦਾ ਹੈ। ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਤਖ਼ਤ ਸਾਹਿਬਾਨ ਨੂੰ ਸਿੱਖਾਂ ਦੀਆਂ ਰਾਜਸੀ ਗਤੀਵਿਧੀਆਂ ਦਾ ਕੇਂਦਰ ਮੰਨਿਆ ਜਾਂਦਾ ਰਿਹਾ ਹੈ। ਛੇਵੇਂ ਪਾਤਸ਼ਾਹ ਤੋਂ ਬਾਅਦ ਉਨ੍ਹਾਂ ਦੇ ਉੱਤਰਾਧਿਕਾਰੀ ਮੀਰੀ-ਪੀਰੀ ਦਾ ਪ੍ਰਤੀਕ ਰੂਪ ਮੰਨੇ ਜਾਣ ਲੱਗੇ ਸਨ। ਇਸ ਲਈ ਉਨ੍ਹਾਂ ਤੋਂ ਬਾਅਦ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਇੱਥੇ ਹੀ ਗੁਰਿਆਈ ਦੀ ਰਸਮ ਕੀਤੀ ਗਈ ਸੀ। ਇਸ ਗੁਰਦੁਆਰਾ ਸਾਹਿਬ ਦੇ ਬਾਹਰ ਗਿਆਨੀ ਗੁਰਚਰਨ ਸਿੰਘ ਵੈਦ ਰੁੜਕੀ ਵੱਲੋਂ ਲਿਖੀ ਇਬਾਰਤ ਅਨੁਸਾਰ ਇਕ ਪੱਥਰ ਲੱਗਿਆ ਹੋਇਆ ਹੈ ਜਿਸ 'ਤੇ ਇਹ ਜਾਣਕਾਰੀ ਪ੍ਰਦਾਨ ਕੀਤੀ ਹੋਈ ਹੈ- ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੇ ਇਸ ਤਖਤ ਦਾ ਨਾਮ 'ਸ੍ਰੀ ਤਖਤ ਪੀਰੀ ਮੀਰੀ ਰੱਖਿਆ'। ਇਸ ਤਖਤ ਪੀਰੀ ਮੀਰੀ ਤਖਤ ਸਾਹਿਬ ਜੀ ਦੀਆਂ ਇਤਿਹਾਸਿਕ ਮਹਾਨਤਾਵਾਂ:

**੧.** ਸੰਮਤ ੧੬੯੧ ਵੈਸਾਖ ੧ ਨੂੰ 'ਸ੍ਰੀ ਤਖਤ ਪੀਰੀ ਮੀਰੀ ਸਾਹਿਬ' ਤੇ ਵਿਰਾਜਮਾਨ ਹੋਏ, ਲਗਭਗ ੧੧ ਸਾਲ ਇਸ ਉਤੇ ਗੁਰਤਾ ਅਤੇ ਪਾਤਸ਼ਾਹੀ ਕਰਕੇ ਸੰਮਤ ੧੭੦੧ ਚੇਤ ਸੁਦੀ ੫ ਨੂੰ ਜੋਤੀ ਜੋਤ ਸਮਾਏ। ਜੇ ਹਜ਼ੂਰ ਇਸ ਤਖਤ ਦੀ ਸਿਰਜਨਾ ਕਰਕੇ ਉਤੇ ਬਿਰਾਜਮਾਨ ਨਾ ਹੁੰਦੇ ਤਦ ਵਿਰੋਧੀਆਂ ਨੇ ਆਖਣਾ ਸੀ, 'ਸ੍ਰੀ ਹਰਿਗੋਬਿੰਦ ਪਾਤਸ਼ਾਹੀ ਅਤੇ ਤਖਤ ਛਡ ਕੇ ਸਧਾਰਨ ਸੰਤਾਂ ਦੀ ਤਰ੍ਹਾਂ ੧੧ ਸਾਲ ਵਿਤੀਤ ਕਰਦੇ ਰਹੇ।'

**੨.** ਸ੍ਰੀ ਗੁਰੂ ਹਰਿਰਾਇ ਪਾਤਸ਼ਾਹ ਜੀ ਇਸੇ 'ਸ੍ਰੀ ਪੀਰੀ ਮੀਰੀ ਤਖਤ ਸਾਹਿਬ ਜੀ' ਸੰਮਤ ੧੭੦੧ ਨੂੰ ਬਿਰਾਜਮਾਨ ਹੋ ਕੇ ੧੭ ਸਾਲ ੬ ਮਹੀਨੇ ੧੯ ਦਿਨ ਗੁਰਿਆਈ ਵਿਚ ਸਰੀਰ ਰਖ ਕੇ ਸੰਮਤ ੧੭੧੮ ਨੂੰ ਜੋਤੀ ਜੋਤ ਸਮਾਏ।

**੩.** ਇਸੇ ਸ੍ਰੀ ਤਖਤ ਪੀਰੀ ਮੀਰੀ ਸਾਹਿਬ ਜੀ ਉਤੇ ਸ੍ਰੀ ਸਤਿਗੁਰੂ ਹਰਿਕ੍ਰਿਸ਼ਨ ਪਾਤਸ਼ਾਹ ਜੀ ਸੰਮਤ ੧੭੧੮ ਨੂੰ ਬਿਰਾਜਮਾਨ ਹੋ ਕੇ ੨ ਸਾਲ ੫ ਮਹੀਨੇ ੨੦ ਦਿਨ ਗੁਰਿਆਈ ਵਿਚ ਸਰੀਰ ਰਖ ਕੇ ਸੰਮਤ ੧੭੨੧ ਚੇਤ ਸੁਦੀ ੧੪ ਬੁਧਵਾਰ ੨ ਘੜੀਆਂ ਰਾਤ ਗਈ ਜੋਤੀ-ਜੋਤ ਸਮਾਏ।

**੪.** ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਭੀ ਗਾਹਿ-ਬਗਾਏ ਇਸ ਸ੍ਰੀ ਤਖਤ ਪੀਰੀ ਮੀਰੀ ਸਾਹਿਬ ਜੀ ਉਤੇ ਆਸੀਨ ਹੁੰਦੇ ਰਹੇ।

**੪. ਗੁਰਦੁਆਰਾ ਸ੍ਰੀ ਹਰਿਮੰਦਰ ਸਾਹਿਬ ਪਾਤਸ਼ਾਹੀ ਛੇਵੀਂ:** ਸ੍ਰੀ ਹਰਿਗੋਬਿੰਦ ਸਾਹਿਬ ਇੱਥੇ ਸਿਮਰਨ ਕਰਿਆ ਕਰਦੇ ਸਨ। ਇਸ ਅਸਥਾਨ 'ਤੇ ਇਕ ਬਾਗ਼ ਲੱਗਿਆ ਹੋਇਆ ਹੈ, ਜਿਸ ਨੂੰ 'ਨੌਲੱਖਾ ਬਾਗ਼' ਕਿਹਾ ਜਾਂਦਾ ਹੈ।

ਦੱਸਿਆ ਜਾਂਦਾ ਹੈ ਕਿ ਛੇਵੇਂ ਪਾਤਸ਼ਾਹ ਨੇ ਆਪ ਇਹ ਬਾਗ਼ ਲਵਾਇਆ ਸੀ ਅਤੇ ਇੱਥੇ ਫਲਾਂ ਅਤੇ ਫੁੱਲਾਂ ਵਾਲੇ ਬੂਟਿਆਂ ਦੇ ਨਾਲ-ਨਾਲ ਸਿਹਤਯਾਬ ਰੱਖਣ ਵਾਲੀਆਂ ਜੜੀਆਂ-ਬੂਟੀਆਂ ਵੀ ਲਵਾਈਆਂ ਸਨ:

*ਆਰੂ, ਅਮਰੂਦ, ਤਰੁ ਅੰਬ। ਨਿੰਬੂ, ਕਦਲੀ ਖਰੇ ਕਦੰਬ।*
*ਧਾਰਮ, ਸੇਉ, ਫਾਰਸੇ, ਖਿਰਨੀ। ਫੂਲਨ ਡਾਰੀ ਬਹੁ ਬਿਧਿ ਬਰਨੀ।*
*ਕਠਲ, ਬਠਲ, ਨੌਰੰਗੀ ਸੁੰਦਰ। ਇੱਤਯਾਦਿਕ ਤਰੁ ਉਪਬਨ ਅੰਦਰ।*[੧੩]

ਮੌਜੂਦਾ ਸਮੇਂ ਵਿਚ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਬਾਗ਼ ਦੀ ਸਾਂਭ-ਸੰਭਾਲ ਕੀਤੀ ਜਾਂਦੀ ਹੈ ਅਤੇ ਇੱਥੇ ਲੱਗੇ ਹੋਏ ਇਕ ਬੋਰਡ 'ਤੇ ਉਨ੍ਹਾਂ ਰੁੱਖਾਂ ਅਤੇ ਜੜੀਆਂ-ਬੂਟੀਆਂ ਦੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਜਿਹੜੇ ਇੱਥੇ ਲੱਗੇ ਹੋਏ ਹਨ, ਜਿਵੇਂ- ਅੰਬ, ਅਮਰੂਦ, ਅਨਾਰ, ਅਨਾਨਾਸ, ਆੜੂ, ਆਮਲਾ, ਸੀਤਾਫਲ, ਬੇਰੀ, ਕਟਹਲ, ਜਾਮੁਨ, ਕੇਲਾ, ਹਰੜਾਂ (ਦੋ ਕਿਸਮਾਂ), ਚੀਕੂ, ਲੁਕਾਠ, ਬੱਬੂ ਗੋਛਾ, ਆਲੂ ਬੁਖਾਰਾ, ਚਕੋਤਰਾ, ਨਿੰਬੂ, ਢੇਉ, ਛਹਿਤੂਤ, ਗਲ-ਗਲ, ਨਾਰੀਅਲ ਆਦਿ। ਇਨ੍ਹਾਂ ਵਿੱਚੋਂ ਬਹੁਤੇ ਰੁੱਖ ਲਗ-ਪਗ ਉਹੀ ਹਨ ਜਿਨ੍ਹਾਂ ਦੀ ਜਾਣਕਾਰੀ ਭਾਈ ਸੰਤੋਖ ਸਿੰਘ ਨੇ ਦਿੱਤੀ ਹੈ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਇਸ ਬਾਗ਼ ਵਿਚ ਇਕ ਦਵਾਖ਼ਾਨਾ ਸਥਾਪਿਤ ਕੀਤਾ ਸੀ ਜਿੱਥੋਂ ਮਰੀਜ਼ ਭੇਟਾ-ਰਹਿਤ ਦਵਾਈਆਂ ਪ੍ਰਾਪਤ ਕਰਦੇ ਸਨ। ਇਕ ਰਵਾਇਤ ਅਨੁਸਾਰ ਬਾਦਸ਼ਾਹ ਸ਼ਾਹਜ਼ਹਾਨ ਦਾ ਪੁੱਤਰ ਅਤੇ ਔਰੰਗਜ਼ੇਬ ਦਾ ਵੱਡਾ ਭਰਾ ਦਾਰਾ ਸ਼ਿਕੋਹ ਇਕ ਵਾਰੀ ਅਜਿਹਾ ਬੀਮਾਰ ਹੋਇਆ ਕਿ ਬਹੁਤ ਸਾਰੀਆਂ ਦਵਾਈਆਂ ਖਾਣ ਤੋਂ ਬਾਅਦ ਵੀ ਸਿਹਤਯਾਬ ਨਾ ਹੋ ਸਕਿਆ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਇਸ ਬਾਗ਼ ਵਿਚ ਲਗਾਈਆਂ ਹੋਈਆਂ ਜੜ੍ਹੀਆਂ-ਬੂਟੀਆਂ ਅਤੇ ਹਰੜਾਂ ਭੇਜੀਆਂ ਜਿਨ੍ਹਾਂ ਨੇ ਉਸ ਨੂੰ ਪੂਰੀ ਤਰ੍ਹਾਂ ਨਾਲ ਤੰਦਰੁਸਤ ਕਰ ਦਿੱਤਾ ਸੀ।

ਇਸ ਬਾਗ਼ ਨਾਲ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਜੀਵਨ ਦੀ ਇਕ ਹੋਰ ਘਟਨਾ ਜੁੜੀ ਹੋਈ ਹੈ ਜਿਸ ਵਿਚ ਦੱਸਿਆ ਜਾਂਦਾ ਹੈ ਕਿ ਬਚਪਨ ਵਿਚ ਇਕ ਦਿਨ ਸ੍ਰੀ (ਗੁਰੂ) ਹਰਿਰਾਇ ਸਾਹਿਬ ਜੀ ਇਸ ਬਾਗ਼ ਵਿਚ ਸੈਰ ਕਰ ਰਹੇ ਸਨ। ਉਨ੍ਹਾਂ ਨੇ ਜਿਹੜਾ ਚੋਲ੍ਹਾ ਧਾਰਨ ਕੀਤਾ ਹੋਇਆ ਸੀ, ਤੇਜ਼ ਹਵਾ ਨਾਲ ਉਹ ਇਕ ਟਾਹਣੀ ਵਿਚ ਫਸ ਗਿਆ ਅਤੇ ਉਸ ਨਾਲ ਲੱਗਿਆ ਹੋਇਆ ਫੁੱਲ ਟੁੱਟ ਕੇ ਡਿੱਗ ਗਿਆ। ਇਨ੍ਹਾਂ ਦਾ ਦਿਲ ਬਹੁਤ ਹੀ ਕੋਮਲ ਅਤੇ ਸੰਵੇਦਨਸ਼ੀਲ ਸੀ। ਟੁੱਟੇ ਹੋਏ ਫੁੱਲ ਨੂੰ ਦੇਖ ਕੇ ਇਨ੍ਹਾਂ ਦੇ ਮਨ ਵਿਚ ਬਹੁਤ ਅਫ਼ਸੋਸ ਹੋਇਆ ਅਤੇ ਇਹ ਉੱਥੇ ਹੀ ਬੈਠ ਗਏ। ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਹ ਸਭ ਕੁਝ ਦੇਖਿਆ ਤਾਂ ਉਨ੍ਹਾਂ ਨੇ ਬੱਚੇ ਨੂੰ ਸਮਝਾਉਂਦੇ ਹੋਏ ਕਿਹਾ ਕਿ ਤੁਹਾਨੂੰ ਆਪਣਾ ਚੋਲਾ ਸੰਭਾਲ ਕੇ ਚੱਲਣਾ ਚਾਹੀਦਾ ਹੈ:

*ਭੈ ਬਿਰਤ ਦੇਖ ਦਿਆਲ। ਹਸ ਖੁਸੀ ਕਰੀ ਬਿਸਾਲ।*

*ਸੁਨ ਬਚਨ ਕੀਨਾ ਭਲੋ। ਸੰਕੋਚ ਦਾਮਨ ਚਲੋ॥*[੧੪]

ਆਪਣੇ ਪਿਤਾਮਾ (ਦਾਦਾ) ਗੁਰੂ ਸ੍ਰੀ ਹਰਿਗੋਬਿੰਦ ਸਾਹਿਬ ਜੀ ਦੀ ਸਿੱਖਿਆ ਨੂੰ ਮਨ ਵਿਚ ਧਾਰਨ ਕਰਕੇ ਉਨ੍ਹਾਂ ਨੇ ਸੌ ਪੱਲਿਆਂ ਵਾਲੇ ਖੁੱਲ੍ਹੇ ਜਾਮੇ ਦੀ ਬਜਾਏ ਸੂਖਮ ਬਸਤਰ ਧਾਰਨ ਕਰਨੇ ਅਰੰਭ ਕਰ ਦਿੱਤੇ ਸਨ। ਇਹ ਬਸਤਰ ਹਵਾ ਨਾਲ ਬਹੁਤਾ ਉੱਡਦੇ ਨਹੀਂ ਸਨ ਅਤੇ ਸਰੀਰ 'ਤੇ ਬਹੁਤ ਸੁੰਦਰ ਸੱਜਦੇ ਸਨ:

*ਤਿਮ ਹੀ ਪ੍ਰਣ ਧਾਰਯੋ ਹਰਿਰਾਇ। ਸੀਖ ਪਿਤਾਮੇ ਤੇ ਜਬਿ ਪਾਇ।*
*ਸ਼ਤਪਾਲਨ ਹੀ ਪਹਿਰਹਿਂ ਜਾਮਾ। ਸੂਖਮ ਬਸਤ੍ਰ ਸਜਹਿ ਅਭਿਰਾਮਾ॥*[੧੫]

**੫. ਗੁਰਦੁਆਰਾ ਦਮਦਮਾ ਸਾਹਿਬ:** ਇਹ ਗੁਰਧਾਮ ਗੁਰਦੁਆਰਾ ਸੀਸ ਮਹਿਲ ਦੇ ਨੇੜ੍ਹੇ ਹੀ ਸਥਿਤ ਹੈ। ਸ੍ਰੀ ਗੁਰੂ ਹਰਿਰਾਇ ਜੀ ਦੇ ਸਮੇਂ ਬਾਹਰੋਂ ਆਉਣ ਵਾਲੀ ਸੰਗਤ ਇੱਥੇ ਹੀ ਉਨ੍ਹਾਂ ਦੇ ਦਰਸ਼ਨ ਕਰਦੀ ਸੀ।

**੬. ਗੁਰਦੁਆਰਾ ਚੁਬੱਚਾ ਸਾਹਿਬ:** ਇਹ ਗੁਰਧਾਮ ਗੁਰਦੁਆਰਾ ਦਮਦਮਾ ਸਾਹਿਬ ਦੇ ਨੇੜੇ ਹੀ ਸਥਿਤ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੁਸ਼ਮਣਾਂ ਨਾਲ ਲੋਹਾ ਲੈਣ ਲਈ ਜਿਹੜੀ ਫ਼ੌਜ ਤਿਆਰ ਕੀਤੀ ਸੀ, ਉਨ੍ਹਾਂ ਵਿੱਚੋਂ ੨੨੦੦ ਘੋੜ ਸਵਾਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਸਮੇਂ ਵਿਚ ਵੀ ਮੌਜੂਦ ਸਨ ਜਿਹੜੇ ਕਿ ਵੱਖੋ-ਵੱਖਰੀਆਂ ਥਾਵਾਂ 'ਤੇ ਰੱਖੇ ਹੋਏ ਸਨ। ਘੋੜਿਆਂ ਅਤੇ ਹੋਰਨਾਂ ਪਾਲਤੂ ਜਾਨਵਰਾਂ ਦੀ ਸਾਂਭ-ਸੰਭਾਲ ਲਈ ਨਿਰੰਤਰ ਯਤਨ ਕੀਤੇ ਜਾਂਦੇ ਸਨ। ਜਿਹੜੇ ਜਾਨਵਰ ਇੱਥੇ ਰੱਖੇ ਹੋਏ ਸਨ, ਉਨ੍ਹਾਂ ਨੂੰ ਪਾਣੀ ਪਿਆਉਣ ਲਈ ਚੁਬੱਚੇ ਤਿਆਰ ਕੀਤੇ ਹੋਏ ਸਨ। ਇਸ ਦੇ ਨਾਲ ਹੀ ਜਾਨਵਰਾਂ ਦੇ ਦਾਣੇ ਆਦਿ ਲਈ ਸਟੋਰ ਵੀ ਬਣਾਏ ਹੋਏ ਸਨ। ਜਦੋਂ ਸਮਾਂ ਮਿਲਦਾ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਆਪ ਵੀ ਇੱਥੇ ਆਉਂਦੇ, ਜਾਨਵਰਾਂ ਨਾਲ ਪਿਆਰ ਕਰਦੇ ਅਤੇ ਉਨ੍ਹਾਂ ਨੂੰ ਦਾਣਾ ਆਦਿ ਛਕਾਉਂਦੇ ਸਨ। ਗੁਰੂ ਜੀ ਦੀ ਚਰਨ ਛੋਹ ਅਸਥਾਨ 'ਤੇ ਗੁਰਦੁਆਰਾ ਚੁਬੱਚਾ ਸਾਹਿਬ ਸੁਸ਼ੋਭਿਤ ਹੈ ਜਿਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾਂਦਾ ਹੈ।

**੭. ਗੁਰਦੁਆਰਾ ਮੰਜੀ ਸਾਹਿਬ:** ਇਹ ਗੁਰਧਾਮ ਗੁਰਦੁਆਰਾ ਚੁਬੱਚਾ ਸਾਹਿਬ ਤੋਂ ਕੋਈ ੨੦੦ ਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਅਸਥਾਨ ਦਾ ਸੰਬੰਧ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਪੁੱਤਰੀ ਬੀਬੀ ਵੀਰੋ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਗੋਦ ਲਈ ਸਪੁੱਤਰੀ ਬੀਬੀ ਰੂਪ ਕੌਰ ਨਾਲ ਦੱਸਿਆ ਜਾਂਦਾ ਹੈ। ਬੀਬੀ ਰੂਪ ਕੌਰ ਨਾਲ ਇਸ ਅਸਥਾਨ ਦਾ ਸੰਬੰਧ ਦੱਸਦੇ ਹੋਏ ਕਿਹਾ ਜਾਂਦਾ ਹੈ ਕਿ ਜ਼ਿਲਾ ਸਿਆਲਕੋਟ (ਮੌਜੂਦ ਪਾਕਿਸਤਾਨ) ਦੇ ਪਸਰੂਰ ਸ਼ਹਿਰ ਵਿਚ ਰਹਿਣ ਵਾਲਾ ਧੂਸਾ ਖੱਤ੍ਰੀ ਖੇਮਕਰਨ ਯਾਤਰਾ ਕਰਦਾ ਹੋਇਆ ਕੀਰਤਪੁਰ ਸਾਹਿਬ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਆਇਆ। ਸੱਚੇ ਸ਼ਹਿਨਸ਼ਾਹ ਜੀ ਨੇ ਕਿਰਪਾ-ਦ੍ਰਿਸ਼ਟੀ ਕਰਦੇ ਹੋਏ ਵਿਸਾਖ ਸੰਮਤ ੧੭੨੬ ਬਿ. ਵਿਚ ਆਪਣੀ

ਲੜਕੀ ਰੂਪ ਕੌਰ ਦੀ ਸ਼ਾਦੀ ਇਸ ਨਾਲ ਕਰ ਦਿੱਤੀ ਅਤੇ ਇਹ ਅਸਥਾਨ ਉਨ੍ਹਾਂ ਨੂੰ ਨਿਵਾਸ ਲਈ ਦੇ ਦਿੱਤਾ ਸੀ।[੧੬]

ਬੀਬੀ ਵੀਰੋ ਜੀ ਦੀ ਯਾਦ ਵਿਚ ਇੱਥੇ ਇਕ ਕਮਰਾ ਉਸਾਰਿਆ ਹੋਇਆ ਹੈ ਜਿੱਥੇ ਕੁਝ ਤਾਰੀਖ਼ੀ ਵਸਤਾਂ ਸੰਭਾਲ ਕੇ ਰੱਖੀਆਂ ਹੋਈਆਂ ਹਨ, ਜਿਨ੍ਹਾਂ ਵਿਚ ਬੀਬੀ ਵੀਰੋ ਜੀ ਦੇ ਹੱਥ ਨਾਲ ਬਣਾਇਆ ਹੋਇਆ ਰੁਮਾਲ[੧੭], ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਹੱਥ-ਲਿਖਤ ਪੁਰਾਤਨ ਗੁਰਬਾਣੀ ਦੀ ਪੋਥੀ[੧੮] ਅਤੇ ਇਕ ਸੇਲੀ-ਟੋਪੀ ਸ਼ਾਮਲ ਹੈ ਜਿਹੜੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੱਸੀ ਜਾਂਦੀ ਹੈ।

ਇਤਿਹਾਸਿਕ ਸਰੋਤਾਂ ਤੋਂ ਪਤਾ ਲੱਗਦਾ ਹੈ ਕਿ ਛੇਵੇਂ ਅਤੇ ਸੱਤਵੇਂ ਗੁਰੂ ਸਾਹਿਬਾਨ ਤੋਂ ਇਲਾਵਾ ਇਸ ਅਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੀ ਆਏ ਸਨ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਿੱਲੀ ਵਿਖੇ ਜੋਤੀ ਜੋਤ ਸਮਾ ਗਏ ਸਨ ਅਤੇ ਜਦੋਂ ਇਹ ਜਾਣਕਾਰੀ ਬਾਬਾ ਬਕਾਲਾ ਵਿਖੇ ਸ੍ਰੀ (ਗੁਰੂ) ਤੇਗ ਬਹਾਦਰ ਸਾਹਿਬ ਜੀ ਨੂੰ ਮਿਲੀ ਤਾਂ ਉਹ ਬੀਬੀ ਰੂਪ ਕੌਰ ਜੀ ਨੂੰ ਹੌਂਸਲਾ ਦੇਣ ਲਈ ਇੱਥੇ ਆਏ ਸਨ।

**੮. ਗੁਰਦੁਆਰਾ ਬਿਬਾਣਗੜ੍ਹ ਸਾਹਿਬ:** ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਲੈ ਕੇ ਭਾਈ ਜੈਤਾ ਜੀ ਦਿੱਲੀ ਤੋਂ ਕੀਰਤਪੁਰ ਸਾਹਿਬ ਪੁੱਜੇ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਿਤਾ-ਗੁਰੂ ਜੀ ਦਾ ਸੀਸ ਲੈਣ ਲਈ ਪਹਿਲਾਂ ਹੀ ਇੱਥੇ ਮੌਜੂਦ ਸਨ। ਉਨ੍ਹਾਂ ਨੇ ਇਸ ਮਹਾਨ ਸੇਵਾ ਦੇ ਬਦਲੇ ਭਾਈ ਜੈਤਾ ਜੀ ਨੂੰ ਗਲ਼ ਨਾਲ ਲਾਇਆ ਅਤੇ ਕਿਹਾ 'ਰੰਗਰੇਟਾ ਗੁਰੂ ਕਾ ਬੇਟਾ'। ਦਸਮ ਪਾਤਸ਼ਾਹ ਨੇ ਇਕ ਬਿਬਾਣ ਵਿਚ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਰੱਖਿਆ ਅਤੇ ਸ਼ਬਦ ਗਾਇਨ ਕਰਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਪੁੱਜੇ ਜਿੱਥੇ ਸਤਿਕਾਰ ਸਹਿਤ ਉਸ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ। ਜਿਸ ਅਸਥਾਨ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਬਿਬਾਣ ਵਿਚ ਰੱਖ ਕੇ ਲਿਜਾਇਆ ਗਿਆ ਸੀ, ਉੱਥੇ ਗੁਰਦੁਆਰਾ ਬਿਬਾਣਗੜ੍ਹ ਸਾਹਿਬ ਸਥਿਤ ਹੈ।

ਵੀਹਵੀਂ ਸਦੀ ਦੇ ਅਰੰਭ ਵਿਚ ਮਾਤਾ ਪ੍ਰਤਾਪ ਕੌਰ ਨੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਤਿਆਰ ਕਰਵਾਈ ਸੀ ਅਤੇ ਆਪਣੇ ਸਮੁੱਚੇ ਜੀਵਨ ਦੌਰਾਨ ਰੋਜ਼ਾਨਾ ਕੜਾਹ ਪ੍ਰਸ਼ਾਦ ਵੀ ਚੜ੍ਹਾਉਂਦੀ ਰਹੀ।[੧੯] ਮੌਜੂਦਾ ਇਮਾਰਤ ਬਾਬਾ ਸੇਵਾ ਸਿੰਘ ਬਾਬਾ ਲਾਭ ਸਿੰਘ ਜੀ ਨੇ ਲਗਪਗ ੪੦ ਸਾਲ ਪਹਿਲਾਂ ਤਿਆਰ ਕਰਵਾਈ ਸੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਪੁਰਬ ਇੱਥੇ ਮਨਾਇਆ ਜਾਂਦਾ ਹੈ ਅਤੇ ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ।

**੯. ਗੁਰਦੁਆਰਾ ਦੇਹਰਾ ਬਾਬਾ ਗੁਰਦਿੱਤਾ ਜੀ:** ਬਾਬਾ ਗੁਰਦਿੱਤਾ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਵੱਡੇ ਪੁੱਤਰ ਸਨ। ਬਾਬਾ ਗੁਰਦਿੱਤਾ ਜੀ ਨੇ ਚੇਤ ਸੁਦੀ

੧੦, ੧੯੯੫ ਬਿ. (੧੫ ਮਾਰਚ ੧੯੩੮) ਨੂੰ ਆਪਣਾ ਸਰੀਰ ਤਿਆਗਿਆ ਸੀ। ਜਿੱਥੇ ਇਨ੍ਹਾਂ ਦਾ ਅੰਤਿਮ ਸਸਕਾਰ ਕੀਤਾ ਗਿਆ, ਉੱਥੇ ਇਨ੍ਹਾਂ ਦਾ ਦੇਹੁਰਾ ਬਣਿਆ ਹੋਇਆ ਹੈ। ਇਨ੍ਹਾਂ ਦੇ ਅਸਥਾਨ 'ਤੇ ਜਾਣ ਵਾਲੇ ਸ਼ਰਧਾਲੂ ਅਕਸਰ ਕਹਿੰਦੇ ਹਨ- ਧੰਨ ਧੰਨ ਬਾਬਾ ਗੁਰਦਿੱਤਾ ਜੀ, ਦੀਨ-ਦੁਨੀ ਦਾ ਟਿੱਕਾ, ਜੋ ਵਰ ਮੰਗਿਆ ਸੋ ਵਰ ਦਿੱਤਾ। ਖਾਲਸਾ ਸਮਾਚਾਰ ਵਿਚ ਇਸ ਅਸਥਾਨ ਸੰਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਹੈ:

ਸ੍ਰੀ ਕੀਰਤਪੁਰ ਸਾਹਿਬ ਦੇ ਗੁਰਦੁਆਰਾ ਸਾਹਿਬਾਨ ਵਿੱਚੋਂ ਸਭ ਤੋਂ ਪ੍ਰਭਾਵਸ਼ਾਲੀ ਗੁਰਦੁਆਰਾ ਬਾਬਾ ਗੁਰਦਿੱਤਾ ਜੀ ਦਾ ਦੇਹੁਰਾ ਹੈ, ਜਿਸ ਦੀ ਸੇਵਾ ਰੋਪੜ ਦੇ ਰਾਜਾ ਭੂਪ ਸਿੰਘ ਨੇ ਕੀਤੀ ਸੀ। ਇਹ ਗੁਰਦੁਆਰਾ ਪਹਾੜ ਦੀ ਚੋਟੀ 'ਤੇ ਹੈ ਤੇ ਉਪਰ ਚੜ੍ਹਨ ਲਈ ਕੋਈ ਇਕ ਸੌ ਬੱਤੀ ਪੌੜੀਆਂ ਹਨ। ਪੌੜੀਆਂ ਚੜ੍ਹਦਿਆਂ ਫ਼ਤਹਪੁਰ ਸੀਕਰੀ ਦੀਆਂ ਪੌੜੀਆਂ ਚੇਤੇ ਆਉਂਦੀਆਂ ਹਨ, ਜਿੱਥੇ ਕਿ ਇਸੇ ਤਰ੍ਹਾਂ ਹੀ ਪੌੜੀਆਂ ਚੜ੍ਹ ਕੇ ਜਾਣਾ ਪੈਂਦਾ ਹੈ।[੨੦]

**੧੦. ਗੁਰਦੁਆਰਾ ਤੀਰ ਸਾਹਿਬ:** ਇਹ ਗੁਰਧਾਮ ਬਾਬਾ ਗੁਰਦਿੱਤਾ ਜੀ ਦੇ ਦੇਹੁਰੇ ਦੇ ਨੇੜੇ ਹੈ ਅਤੇ ਇੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਆਪ ਵੀ ਤੀਰ ਚਲਾਉਣ ਦਾ ਅਭਿਆਸ ਕਰਿਆ ਕਰਦੇ ਸਨ ਅਤੇ ਸਿੱਖਾਂ ਨੂੰ ਵੀ ਇਹ ਅਭਿਆਸ ਕਰਵਾਇਆ ਕਰਦੇ ਸਨ। ਇਸ ਗੁਰਦੁਆਰਾ ਸਾਹਿਬ ਸੰਬੰਧੀ ਜਾਣਕਾਰੀ ਪ੍ਰਦਾਨ ਕਰਦੇ ਹੋਏ ਇੱਥੇ ਲਿਖਿਆ ਹੋਇਆ ਹੈ- ਇਸ ਅਸਥਾਨ ਤੋਂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤੀਰ ਮਾਰ ਕੇ ਪਤਾਲਪੁਰੀ ਪ੍ਰਗਟ ਕੀਤੀ।

ਗੁਰਪੁਰਵਾਸੀ ਸੰਤ ਬਾਬਾ ਸੇਵਾ ਸਿੰਘ ਜੀ ਨੇ ਇਸ ਇਤਿਹਾਸਿਕ ਅਸਥਾਨ ਦੀ ਕਾਰ-ਸੇਵਾ ਸੰਪੂਰਨ ਕਰਵਾ ਕੇ ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੱਤਾ ਸੀ।

**੧੧. ਗੁਰਦੁਆਰਾ ਪਤਾਲਪੁਰੀ ਸਾਹਿਬ:** ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਦੁਆਰਾ ਤੀਰ ਸਾਹਿਬ ਤੋਂ ਇਕ ਤੀਰ ਚਲਾਇਆ ਸੀ, ਜਿਹੜਾ ਕਿ ਸਤਲੁਜ ਨਦੀ ਦੇ ਕੰਢੇ ਆ ਕੇ ਡਿੱਗਿਆ ਸੀ। ਜਿੱਥੇ ਤੀਰ ਡਿੱਗਿਆ, ਉੱਥੇ ਗੁਰੂ ਜੀ ਨੇ ਇਕ ਛੋਟਾ ਜਿਹਾ ਕਮਰਾ ਤਿਆਰ ਕਰਵਾਇਆ ਅਤੇ ਆਪਣੇ ਸਪੁੱਤਰ ਸ੍ਰੀ ਹਰਿਰਾਇ ਸਾਹਿਬ ਜੀ ਨੂੰ ਗੁਰਿਆਈ ਦੀ ਬਖ਼ਸ਼ਿਸ਼ ਕਰ ਕੇ ਇਸ ਅਸਥਾਨ 'ਤੇ ਆ ਕੇ ਨਿਵਾਸ ਕਰਨ ਲੱਗੇ ਸਨ। ਜਦੋਂ ਗੁਰੂ ਜੀ ਜੋਤੀ ਜੋਤ ਸਮਾਏ ਤਾਂ ਉਨ੍ਹਾਂ ਦਾ ਅੰਤਿਮ ਸਸਕਾਰ ਵੀ ਇਸ ਅਸਥਾਨ 'ਤੇ ਹੀ ਕੀਤਾ ਗਿਆ ਸੀ। ਇਨ੍ਹਾਂ ਤੋਂ ਬਾਅਦ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਅੰਤਿਮ ਸਸਕਾਰ ਵੀ ਇੱਥੇ ਹੋਇਆ ਸੀ ਅਤੇ ਅੱਠਵੇਂ ਗੁਰੂ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀਆਂ ਅਸਥੀਆਂ ਦਿੱਲੀ ਤੋਂ ਲਿਆ ਕੇ ਇੱਥੇ ਹੀ ਜਲ-ਪ੍ਰਵਾਹ ਕੀਤੀਆਂ ਗਈਆਂ ਸਨ। ਦੱਸਿਆ ਜਾਂਦਾ ਹੈ ਕਿ ਸ੍ਰੀ ਗੁਰੂ

ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ ਬਾਬਾ ਅਣੀ ਰਾਇ ਜੀ ਅਤੇ ਦੇਹਰਾਦੂਨ ਤੋਂ ਬਾਬਾ ਰਾਮ ਰਾਇ ਜੀ ਦੀਆਂ ਅਸਥੀਆਂ ਵੀ ਇਸ ਅਸਥਾਨ 'ਤੇ ਹੀ ਸਤਲੁਜ ਦਰਿਆ ਵਿਚ ਜਲ-ਪ੍ਰਵਾਹ ਕੀਤੀਆਂ ਗਈਆਂ ਸਨ। ਮੌਜੂਦਾ ਸਮੇਂ ਵਿਚ ਆਪਣੇ ਮ੍ਰਿਤਕ ਸੰਬੰਧੀਆਂ ਦੀਆਂ ਅਸਥੀਆਂ ਜਲ ਪ੍ਰਵਾਹ ਕਰਨ ਲਈ ਸਿੱਖ ਇਸ ਅਸਥਾਨ 'ਤੇ ਆਉਂਦੇ ਹਨ। ਰੋਪੜ ਦੇ ਰਾਜਾ ਭੂਪ ਸਿੰਘ ਨੇ ਇਸ ਅਸਥਾਨ ਦੀ ਸੇਵਾ ਕਰਵਾਈ ਸੀ ਪਰ ਇਸ ਅਸਥਾਨ 'ਤੇ ਬਣੀਆਂ ਹੋਈਆਂ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਰਵਾਰਾਂ ਨਾਲ ਸੰਬੰਧਿਤ ਵੱਖੋ-ਵੱਖਰੀਆਂ ਯਾਦਗਾਰਾਂ ਬਾਅਦ ਵਿਚ ਇਕ ਵੱਡੇ ਗੁਰਦੁਆਰਾ ਸਾਹਿਬ ਦੇ ਰੂਪ ਵਿਚ ਤਬਦੀਲ ਕਰ ਦਿੱਤੀਆਂ ਗਈਆਂ ਹਨ।

**੧੨. ਸੰਤ ਨਿਵਾਸ ਉਦਾਸੀ ਆਸ਼ਰਮ:** ਇਹ ਅਸਥਾਨ ਇਕ ਪੁਰਾਤਨ ਬਾਉਲੀ ਦੇ ਨੇੜ੍ਹੇ ਸਥਿਤ ਹੈ ਜਿਹੜੀ ਕਿ ਬਾਬਾ ਸ੍ਰੀ ਚੰਦ ਜੀ ਵੱਲੋਂ ਬਣਵਾਈ ਦੱਸੀ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਜਦੋਂ ਬਾਬਾ ਗੁਰਦਿੱਤਾ ਜੀ ਨੂੰ ਕੀਰਤਪੁਰ ਸਾਹਿਬ ਦੀ ਉਸਾਰੀ ਦਾ ਕੰਮ ਸੌਂਪਿਆ ਗਿਆ ਤਾਂ ਉਨ੍ਹਾਂ ਨੇ ਇਸ ਬਾਉਲੀ ਦਾ ਪਾਣੀ ਵਰਤਿਆ ਸੀ। ਇਸ ਦੇ ਸਾਹਮਣੇ ਹੀ ਬਾਬਾ ਸ੍ਰੀ ਚੰਦ ਜੀ ਦੀ ਯਾਦ ਵਿਚ ਇਕ ਉਦਾਸੀ ਆਸ਼ਰਮ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਇੱਥੇ ਬਾਬਾ ਸ੍ਰੀ ਚੰਦ ਜੀ ਨੇ ਬਾਬਾ ਗੁਰਦਿੱਤਾ ਜੀ ਨੂੰ ਸੇਲੀ ਟੋਪੀ ਦੀ ਬਖ਼ਸ਼ਿਸ਼ ਕਰ ਕੇ ਉਦਾਸੀ ਸੰਪ੍ਰਦਾਇ ਦਾ ਮੁਖੀ ਥਾਪਿਆ ਸੀ, ਜਿਨ੍ਹਾਂ ਨੇ ਅੱਗੇ ਚਾਰ ਧੂਣੇ ਸਥਾਪਿਤ ਕਰ ਕੇ ਬਾਬਾ ਅਲਮਸਤ, ਬਾਬਾ ਫੂਲ, ਬਾਬਾ ਗੋਇੰਦਾ ਅਤੇ ਬਾਲੂ ਹਸਣਾ ਜੀ ਨੂੰ ਉਦਾਸੀ ਭੇਖ ਵਿਚ ਸਿੱਖੀ ਦਾ ਪ੍ਰਚਾਰ ਕਰਨ ਲਈ ਵੱਖੋ-ਵੱਖਰੇ ਸਥਾਨਾਂ 'ਤੇ ਭੇਜਿਆ ਸੀ। ਇਸ ਅਸਥਾਨ ਦੇ ਅੰਦਰ ਬਾਬਾ ਸ੍ਰੀ ਚੰਦ ਜੀ ਦੀ ਮੂਰਤੀ ਅਤੇ ਇਕ ਧੂਣਾ ਸਥਾਪਿਤ ਕੀਤਾ ਹੋਇਆ ਹੈ ਅਤੇ ਇਕ ਵੱਖਰੇ ਅਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਸਥਾਨ ਸੁਸ਼ੋਭਿਤ ਹੈ। ਕੀਰਤਪੁਰ ਸਾਹਿਬ ਦੇ ਗੁਰਧਾਮਾਂ ਦੇ ਦਰਸ਼ਨ ਕਰਨ ਲਈ ਆਉਣ ਵਾਲੀ ਸੰਗਤ ਇੱਥੇ ਵੀ ਹਾਜ਼ਰੀ ਭਰਦੀ ਹੈ।

**ਹਵਾਲੇ :**

**੧.** ਸਤਲੁਜ ਦਰਿਆ ਨਾਲ ਸਿੱਖਾਂ ਦੀ ਭਾਵਨਾਤਮਿਕ ਸਾਂਝ ਹੈ। ਇਹ ਦਰਿਆ ਪੰਜਾਬ ਵਿੱਚੋਂ ਲੰਘਦਾ ਹੈ ਅਤੇ ਇਸ ਦਾ ਪਾਣੀ ਖੇਤੀ ਅਤੇ ਪੀਣ ਲਈ ਵਰਤਿਆ ਜਾਂਦਾ ਹੈ। ੧੬੯੯ ਦੀ ਵੈਸਾਖੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਖਾਲਸਾ ਪੰਥ ਦੀ ਸਿਰਜਣਾ ਕਰਨ ਲਈ ਅੰਮ੍ਰਿਤ ਤਿਆਰ ਕੀਤਾ ਤਾਂ ਇਸੇ ਦਰਿਆ ਦਾ ਪਾਣੀ ਵਰਤਿਆ ਗਿਆ ਸੀ। ਇਸ ਦ੍ਰਿਸ਼ਟੀ ਤੋਂ ਇਸ ਦਰਿਆ ਦੇ ਪਾਣੀ ਨੂੰ ਪੰਜਾਬ ਦੇ ਲੋਕਾਂ ਲਈ ਜੀਵਨ ਪ੍ਰਦਾਨ ਕਰਨ ਵਾਲਾ ਸਰੋਤ ਮੰਨਿਆ ਜਾਂਦਾ ਹੈ। ੧੯੪੭ ਤੋਂ ਬਾਅਦ ਜਦੋਂ ਇਸ ਦਰਿਆ 'ਤੇ ਬੰਨ ਮਾਰਨ ਲਈ ਯੋਜਨਾ ਤਿਆਰ ਹੋਈ ਤਾਂ ਸਿੱਖ ਭਾਈਚਾਰੇ ਨੇ ਇਸ ਦਾ ਵਿਰੋਧ ਕਰਦੇ ਹੋਏ ਕਿਹਾ ਸੀ ਕਿ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦੋ ਪ੍ਰਮੁੱਖ ਨਗਰ ਇਸ ਦਰਿਆ ਦੇ ਕੰਢੇ 'ਤੇ ਮੌਜੂਦ ਹਨ ਜਿੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਪੰਜ ਗੁਰੂ ਸਾਹਿਬਾਨ ਵਿਚਰਦੇ ਰਹੇ ਹਨ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀਆਂ ਅਸਥੀਆਂ ਵੀ ਕੀਰਤਪੁਰ ਸਾਹਿਬ ਵਿਖੇ ਇਸੇ ਦਰਿਆ ਵਿਚ ਜਲ-ਪ੍ਰਵਾਹ ਕੀਤੀਆਂ ਗਈਆਂ ਸਨ। ਇਸ ਦ੍ਰਿਸ਼ਟੀ ਤੋਂ ਸਿੱਖਾਂ ਦੀ ਇਸ ਨਾਲ ਭਾਵਨਾਤਮਿਕ ਸਾਂਝ ਹੈ ਅਤੇ ਇਹ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿ ਨੰਗਲ ਵਿਖੇ ਇਸ ਦਰਿਆ 'ਤੇ ਡੈਮ

ਬਣਾਉਣ ਨਾਲ ਇਨ੍ਹਾਂ ਨਗਰਾਂ ਵਿੱਚੋਂ ਪਾਣੀ ਦਾ ਵਹਾਅ ਘੱਟ ਨਹੀਂ ਹੋਣਾ ਚਾਹੀਦਾ। *ਖਾਲਸਾ ਸਮਾਚਾਰ*, ੧੩.੧੦.੧੯੪੯, ਪੰਨਾ ੫.

**੨.** ਭਾਈ ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ*, ਪੰਨਾ ੮੦੫

**੩.** ਹਰਚੰਦ ਸਿੰਘ ਬੇਦੀ, *ਸਿੱਖ ਇਤਿਹਾਸ ਸਰੋਤ ਪੁਸਤਕ*, ਪੰਨਾ ੧੬੨

**੪.** ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ*, ਪੰਨਾ ੧੭੮.

**੫.** ਇਨ੍ਹਾਂ ਨੇ ਸੰਮਤ ੧੬੬੧ (੧੬੦੪ ਈ.) ਵਿਚ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਸਿੱਖੀ ਧਾਰਨ ਕੀਤੀ ਅਤੇ ਸੰਮਤ ੧੬੯੩ (੧੬੩੬ ਈ.) ਵਿਚ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਨ੍ਹਾਂ 'ਉਦਾਸੀ ਭੇਖ ਤੇ ਰੀਤਿ' ਧਾਰਨ ਕੀਤੀ। ਅਗਲੇ ਸਾਲ ਇਨ੍ਹਾਂ ਨੂੰ ਦੁਆਬੇ ਵਿਖੇ ਹੁਸ਼ਿਆਰਪੁਰ ਦੇ ਇਲਾਕੇ ਵਿਚ ਧਰਮ-ਪ੍ਰਚਾਰ ਕਰਨ ਲਈ ਭੇਜ ਦਿੱਤਾ। ਆਗਿਆ ਮੰਨ ਕੇ ਇਹ ਬਹਾਦਰਪੁਰ ਦੀ ਜੂਹ ਵਿਚ ਆ ਬੈਠੇ ਅਤੇ ਇੱਥੇ ਹੀ ਸੰਮਤ ੧੭੨੦ (੧੬੬੩ ਈ.) ਵਿਚ ਸਰੀਰ ਤਿਆਗ ਦਿੱਤਾ। ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ*, ਪੰਨੇ ੧੮੧-੮੨.

**੬.** ਪਰਮਵੀਰ ਸਿੰਘ, *ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਬੰਗਲਾਦੇਸ਼ ਦੇ ਗੁਰਧਾਮ*, ਪੰਨੇ ੩-੯.

**੭.** ਗੰਡਾ ਸਿੰਘ, *ਬੰਦਾ ਸਿੰਘ ਬਹਾਦਰ*, ਪੰਨਾ ੮੮.

**੮.** *ਖਾਲਸਾ ਸਮਾਚਾਰ*, ੧੫.੩.੧੯੨੩, ਪੰਨਾ ੨.

**੯.** ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼*, ਭਾਗ ਦੂਜਾ, ਖੰਡ-੨, ਪੰਨਾ ੪੫੨.

**੧੦** Fauja Singh, Guru Hargobind, in *The Encyclopaedia of Sikhism,* ed. by Harbans Singh, vol. II, p. 234.

**੧੧.** Max Arthur Macauliffe, *The Sikh Religion,* pp. 140-41.

**੧੨.** ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ*, ਪੰਨਾ ੧੦੨.

**੧੩.** ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ ੮, ਅੰਸੂ ੪੫.੫-੬, ਪੰਨਾ ੩੪੭੭.

**੧੪.** ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼*, ਭਾਗ ਦੂਜਾ, ਖੰਡ-੨, ਪੰਨਾ ੫੦੭.

**੧੫.** ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ ੮, ਅੰਸੂ ੪੬.੩੯, ਪੰਨਾ ੩੪੮੦.

**੧੬.** ਭਾਈ ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ*, ਪੰਨਾ ੮੦੬.

**੧੭.** ਇਸ ਰੁਮਾਲ ਦਾ ਸੰਬੰਧੀ ਬੀਬੀ ਰੂਪ ਕੌਰ ਨਾਲ ਦੱਸਿਆ ਜਾਂਦਾ ਹੈ। ਦੇਖੋ ਭਾਈ ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਈਕਲ ਯਾਤਰਾ*, ਪੰਨਾ ੮੦੭; Major Gurmukh Singh, Kiratpur Sahib, in *The Encyclopaedia of Sikhism,* ed. by Harbans Singh, vol. II, p. 510.

**੧੮.** ਭਾਈ ਧੰਨਾ ਸਿੰਘ ਇਸ ਪੋਥੀ ਦਾ ਸੰਬੰਧ ਬੀਬੀ ਰੂਪ ਕੌਰ ਜੀ ਦੇ ਪਾਠ ਕਰਨ ਵਾਲੀ ਪੋਥੀ ਨਾਲ ਦੱਸਦੇ ਹਨ ਜਿਸ ਦੇ ੫੫੯ ਪੱਤਰੇ ਹਨ। ਇਸ ਪੋਥੀ ਵਿਚ ਇਹ ਬਾਣੀਆਂ ਦਰਜ ਹਨ- ਜਪੁਜੀ ਸਾਹਿਬ, ਰਹਰਾਸਿ, ਕੀਰਤਨ ਸੋਹਿਲਾ, ਬਾਰਾਮਾਹਾ, ਸੁਖਮਨੀ, ਸਿਧ ਗੋਸਟਿ, ਬਾਵਨ ਅਖਰੀ, ਆਦਿ। *ਗੁਰ ਤੀਰਥ ਸਾਈਕਲ ਯਾਤਰਾ*, ਪੰਨਾ ੮੦੬; ਸੰਭਵ ਹੈ ਕਿ ਛੇਵੇਂ ਗੁਰੂ ਜੀ ਦੀ ਇਹ ਪੋਥੀ ਬੀਬੀ ਰੂਪ ਕੌਰ ਜੀ ਕੋਲ ਹੋਵੇ।

**੧੯.** ਪ੍ਰਦੁਮਨ ਸਿੰਘ ਬੱਦੋਂ, *ਗੁਰਧਾਮ ਦੀਦਾਰ*, ਪੰਨਾ ੮੪.

**੨੦.** *ਖਾਲਸਾ ਸਮਾਚਾਰ*, ੧੨.੯.੧੯੫੭, ਪੰਨਾ ੨.

# ਸ੍ਰੀ ਕੀਰਤਪੁਰ ਸਾਹਿਬ

*-ਡਾ. ਰਤਨ ਸਿੰਘ ਜੱਗੀ**

ਸ੍ਰੀ ਕੀਰਤਪੁਰ (ਸਾਹਿਬ): ਪੰਜਾਬ ਵਿਚ ਸਤਲੁਜ ਦਰਿਆ ਦੇ ਕੰਢੇ ਵੱਸਿਆ ਜ਼ਿਲ੍ਹਾ ਰੋਪੜ (ਰੂਪਨਗਰ) ਦਾ ਇਕ ਪ੍ਰਸਿੱਧ ਕਸਬਾ, ਜਿਸ ਦਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਸਥਾਨ ਅਤੇ ਮਹੱਤਵ ਹੈ।

ਇਸ ਦੀ ਸਥਾਪਨਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਨ ੧੬੨੬ ਈ. (੧੬੮੩ ਬਿ.) ਵਿਚ ਕਹਲੂਰ ਦੇ ਰਾਜੇ ਤੋਂ ਧਰਤੀ ਖ਼ਰੀਦ ਕੇ ਕੀਤੀ ਸੀ। ਇਸ ਦੀ ਉਸਾਰੀ ਦਾ ਬਹੁਤਾ ਕੰਮ ਬਾਬਾ ਗੁਰਦਿੱਤਾ ਜੀ ਦੁਆਰਾ ਹੋਇਆ। 'ਭੱਟ ਵਹੀਆਂ' ਵਿਚ ਇਸ ਦੀ ਸਥਾਪਨਾ ਬਾਬਾ ਸ੍ਰੀ ਚੰਦ ਜੀ ਦੁਆਰਾ ਹੋਈ ਮੰਨੀ ਗਈ ਹੈ।

ਰਵਾਇਤ ਅਨੁਸਾਰ ਜਦੋਂ ਉਦਾਸੀਆਂ (ਪ੍ਰਚਾਰ ਯਾਤਰਾਵਾਂ) ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਇੱਥੇ ਆ ਕੇ ਸਾਈਂ ਬੁੱਢਣ ਸ਼ਾਹ ਨੂੰ ਬਨ ਵਿਚ ਮਿਲੇ ਤਾਂ ਉਨ੍ਹਾਂ ਨੇ ਇੱਥੇ ਭਵਿੱਖ ਵਿਚ ਕਿਸੇ ਨਗਰ ਦੇ ਆਬਾਦ ਹੋਣ ਬਾਰੇ ਕਿਹਾ। ਇਸ ਕਸਬੇ ਦੇ ਆਬਾਦ ਹੋਣ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਇੱਥੇ ਸਥਾਈ ਨਿਵਾਸ ਲਈ ਆ ਗਏ ਅਤੇ ਅੰਤ-ਕਾਲ ਤਕ ਇੱਥੇ ਹੀ ਰਹੇ। ਉਨ੍ਹਾਂ ਤੋਂ ਬਾਅਦ ਸ੍ਰੀ ਗੁਰੂ ਹਰਿਰਾਇ ਸਾਹਿਬ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਇੱਥੇ ਹੀ ਰਹੇ। ਪਰ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸੰਨ ੧੬੬੫ ਈ. ਵਿਚ ੮ ਕਿ. ਮੀ. ਉੱਤਰ ਵੱਲ 'ਚੱਕ ਨਾਨਕੀ' (ਹੁਣ ਸ੍ਰੀ ਅਨੰਦਪੁਰ ਸਾਹਿਬ) ਦੀ ਸਥਾਪਨਾ ਕਰ ਕੇ ਆਪਣੀ ਰਿਹਾਇਸ਼ ਉੱਥੇ ਕਰ ਲਈ।

ਸ੍ਰੀ ਕੀਰਤਪੁਰ ਸਾਹਿਬ ਵਿਚ ਗੁਰੂ-ਇਤਿਹਾਸ ਨਾਲ ਸੰਬੰਧਿਤ ਲਗਪਗ ਇੱਕ ਦਰਜਨ ਗੁਰੂ-ਧਾਮ ਹਨ, ਜਿਵੇਂ:

**੧. ਗੁਰਦੁਆਰਾ ਚਰਨ ਕਮਲ ਪਾਤਿਸ਼ਾਹੀ ਪਹਿਲੀ:** ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁਕਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ (ਪ੍ਰਚਾਰ ਯਾਤਰਾਵਾਂ) ਦੌਰਾਨ ਇੱਥੇ ਪਧਾਰੇ ਸਨ ਅਤੇ ਪੀਰ ਬੁੱਢਣ ਸ਼ਾਹ ਨਾਲ ਸੰਵਾਦ ਕਰ ਕੇ ਉਸ ਦੀਆਂ ਬਕਰੀਆਂ ਦਾ ਦੁੱਧ ਛਕਿਆ ਸੀ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਰੋਪੜ ਦੇ ਰਾਜਾ ਭੂਪ ਸਿੰਘ ਨੇ ਉਨ੍ਹੀਵੀਂ ਸਦੀ ਦੇ ਪੂਰਵਾਧ ਵਿਚ ਇੱਥੇ ਗੁਰੂ-ਧਾਮ ਬਣਵਾਇਆ ਸੀ। ਇਸ ਦੇ ਨੇੜੇ ਹੀ ਪੀਰ ਬੁੱਢਣ ਸ਼ਾਹ ਦਾ ਮਜ਼ਾਰ ਅਤੇ ਬਾਬਾ ਗੁਰਦਿੱਤਾ ਦਾ ਦੇਹੁਰਾ ਵੀ ਬਣਿਆ ਹੋਇਆ ਹੈ।

**ਗੁਰਪੁਰਵਾਸੀ*

**੨. ਗੁਰਦੁਆਰਾ ਸੀਸ ਮਹਿਲ:** ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ੧੬੩੪ ਈ. (੧੬੯੧ ਬਿਕ੍ਰਮੀ) ਵਿਚ ਇੱਥੇ ਆ ਕੇ ਰਹਿਣ ਲੱਗੇ ਸਨ। ਇੱਥੇ ਹੀ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜਨਮ ਹੋਇਆ ਸੀ। ਇਸ ਗੁਰਦੁਆਰਾ ਸਾਹਿਬਾਨ ਦੇ ਵਿਆਪਕ ਪਰਿਸਰ ਵਿਚ ਪੰਜ ਹੋਰ ਯਾਦਗਾਰਾਂ ਵੀ ਹਨ, ਜਿਵੇਂ ਗੁਰਦੁਆਰਾ ਤਖ਼ਤ ਕੋਟ ਸਾਹਿਬ, ਜਿੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਰਬਾਰ ਲਗਾਉਂਦੇ ਸਨ। ਗੁਰਦੁਆਰਾ ਹਰਿਮੰਦਿਰ ਸਾਹਿਬ ਪਾਤਿਸ਼ਾਹੀ ਛੇਵੀਂ, ਜਿੱਥੇ ਗੁਰੂ ਸਾਹਿਬ ਨਾਮ-ਸਾਧਨਾ ਕਰਦੇ ਹੁੰਦੇ ਸਨ। ਗੁਰਦੁਆਰਾ ਦਮਦਮਾ ਸਾਹਿਬ, ਜਿੱਥੇ ਸ੍ਰੀ ਗੁਰੂ ਹਰਿਰਾਇ ਜੀ ਵੇਲੇ ਸੰਗਤ ਜੁੜਦੀ ਹੁੰਦੀ ਸੀ ਅਤੇ ਦੀਵਾਨ ਸਜਦਾ ਹੁੰਦਾ ਸੀ। ਗੁਰੂ ਕਾ ਖੂਹ, ਜੋ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਖੁਦਵਾਇਆ ਸੀ ਅਤੇ ਜਿਸ ਦਾ ਜਲ ਗੁਰੂ ਸਾਹਿਬਾਨ ਦੇ ਨਿਵਾਸ ਵਿਚ ਵਰਤਿਆ ਜਾਂਦਾ ਸੀ। ਗੁਰਦੁਆਰਾ ਚੌਬੱਚਾ ਸਾਹਿਬ, ਜਿੱਥੇ ਪਸ਼ੂਆਂ ਨੂੰ ਜਲ ਪਿਲਾਇਆ ਜਾਂਦਾ ਸੀ ਅਤੇ ਘੋੜਿਆਂ ਨੂੰ ਦਾਣਾ ਭਿਉਂ ਕੇ ਖਵਾਇਆ ਜਾਂਦਾ ਸੀ। ਕਈ ਵਾਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਖ਼ੁਦ ਆਪਣੇ ਹੱਥਾਂ ਨਾਲ ਦਾਣਾ ਘੋੜਿਆਂ ਨੂੰ ਖਵਾਉਂਦੇ ਹੁੰਦੇ ਸਨ।

**੩. ਗੁਰਦੁਆਰਾ ਮੰਜੀ ਸਾਹਿਬ:** ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪੁੱਤਰੀ ਬੀਬੀ ਰੂਪ ਕੌਰ ਜੀ ਦਾ ਨਿਵਾਸ ਸਥਾਨ, ਜਿੱਥੇ ਉਹ ਵਿਆਹ ਤੋਂ ਬਾਅਦ ਆਪਣੇ ਪਤੀ ਸਹਿਤ ਨਿਵਾਸ ਕਰਦੇ ਸਨ। ਇਸ ਗੁਰਦੁਆਰਾ ਸਾਹਿਬ ਵਿਚ ਬੀਬੀ ਰੂਪ ਕੌਰ ਜੀ ਦੀ ਇਕ ਪੋਥੀ, ਇਕ ਪੱਖਾ, ਇਕ ਕਢਾਈ ਵਾਲਾ ਰੁਮਾਲ ਆਦਿ ਯਾਦਗਾਰੀ ਵਸਤੂਆਂ ਸੁਰੱਖਿਅਤ ਹਨ।

**੪. ਗੁਰਦੁਆਰਾ ਬਿਬਾਨਗੜ੍ਹ ਸਾਹਿਬ:** ਇਸ ਸਥਾਨ ਉਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਤੋਂ ਆ ਕੇ ਭਾਈ ਜੈਤਾ ਜੀ ਦੁਆਰਾ ਦਿੱਲੀ ਤੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਲਿਆਂਦਾ ਹੋਇਆ ਸੀਸ ਬਿਬਾਨ ਵਿਚ ਰੱਖ ਕੇ ਸਸਕਾਰ ਕਰਨ ਲਈ ਸ੍ਰੀ ਅਨੰਦਪੁਰ ਸਾਹਿਬ ਲੈ ਕੇ ਗਏ ਸਨ।

**੫. ਬਾਉਲੀ ਸਾਹਿਬ:** ਕੀਰਤਪੁਰ ਨਗਰ ਦੀ ਸਥਾਪਨਾ ਵੇਲੇ ਜਲ ਦੀ ਲੋੜ ਨੂੰ ਪੂਰਾ ਕਰਨ ਲਈ ਬਾਬਾ ਸ੍ਰੀ ਚੰਦ ਜੀ ਦੇ ਸੁਝਾਓ 'ਤੇ ਬਾਬਾ ਗੁਰਦਿੱਤਾ ਜੀ ਨੇ ਇੱਥੇ ਬਾਉਲੀ ਦੀ ਖੁਦਾਈ ਕਰਵਾਈ ਸੀ।

**੬. ਗੁਰਦੁਆਰਾ ਬਾਬਾ ਗੁਰਦਿੱਤਾ ਜੀ:** ਇਸ ਥਾਂ ਉੱਤੇ ਬਾਬਾ ਜੀ ਨੇ ੧੫ ਮਾਰਚ, ੧੬੩੮ ਈ. ਨੂੰ ਪ੍ਰਾਣ ਤਿਆਗੇ ਸਨ ਅਤੇ ਇੱਥੇ ਹੀ ਉਨ੍ਹਾਂ ਦਾ ਸਸਕਾਰ ਹੋਇਆ ਸੀ। ਡੱਲੇਵਾਲੀਆ ਮਿਸਲ ਨਾਲ ਸੰਬੰਧਿਤ ਰੋਪੜ ਦੇ ਰਾਜਾ ਭੂਪ ਸਿੰਘ ਨੇ ਬਾਬਾ ਜੀ ਦੀ ਯਾਦ ਵਿਚ ਇੱਥੇ ਗੜ੍ਹੀ ਵਰਗੀ ਬੜੀ ਸੁੰਦਰ ਇਮਾਰਤ ਬਣਵਾਈ ਸੀ।

**੭. ਗੁਰਦੁਆਰਾ ਤੀਰ ਸਾਹਿਬ:** ਬਾਬਾ ਗੁਰਦਿੱਤਾ ਜੀ ਦੇ ਦੇਹੁਰੇ ਦੇ ਨੇੜ੍ਹੇ

ਉਹ ਸਥਾਨ ਜਿੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬੈਠ ਕੇ ਤੀਰ ਚਲਾਉਣ ਦੀ ਮਸ਼ਕ ਕਰਵਾਉਂਦੇ ਸਨ।

੮. **ਗੁਰਦੁਆਰਾ ਪਾਤਾਲਪੁਰੀ:** ਆਪਣਾ ਅੰਤਿਮ ਸਮਾਂ ਨੇੜ੍ਹੇ ਆਇਆ ਜਾਣ ਕੇ ਸ੍ਰੀ (ਗੁਰੂ) ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਿਆਈ ਆਪਣੇ ਪੋਤਰੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਸੌਂਪ ਕੇ ਇੱਥੇ ਇਕ ਝੌਂਪੜੀ ਵਿਚ ਆ ਟਿਕੇ ਸਨ ਅਤੇ ਪ੍ਰਭੂ-ਭਗਤੀ ਵਿਚ ਲੀਨ ਰਹਿੰਦੇ ਹੋਏ ਇੱਥੇ ਹੀ ਜੋਤੀ ਜੋਤ ਸਮਾਏ ਸਨ। ਗੁਰੂ ਜੀ ਦਾ ਸਸਕਾਰ ਵੀ ਇਸੇ ਸਥਾਨ ਉੱਤੇ ੩ ਮਾਰਚ, ੧੬੪੪ ਈ. ਨੂੰ ਕੀਤਾ ਗਿਆ ਸੀ। ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਸਸਕਾਰ ਵੀ ੬ ਅਕਤੂਬਰ, ੧੬੬੧ ਈ. ਨੂੰ ਇੱਥੇ ਹੀ ਕੀਤਾ ਗਿਆ ਸੀ।

ਉਪਰੋਕਤ ਅਸਥਾਨਾਂ ਵਿੱਚੋਂ ਜ਼ਿਆਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਹਨ। ਇਨ੍ਹਾਂ ਤੋਂ ਇਲਾਵਾ ਬਾਬਾ ਸ੍ਰੀ ਚੰਦ ਜੀ ਦੀ ਆਮਦ ਦੀ ਯਾਦ ਵਿਚ ਇੱਥੇ 'ਸੰਤ ਨਿਵਾਸ ਉਦਾਸੀ ਆਸ਼੍ਰਮ' ਵੀ ਬਣਿਆ ਹੋਇਆ ਹੈ, ਜੋ ਬਾਉਲੀ ਸਾਹਿਬ ਦੇ ਨੇੜ੍ਹੇ ਸਥਿਤ ਹੈ।

ਪਾਕਿਸਤਾਨ ਬਣਨ ਤੋਂ ਬਾਅਦ ਅਤੇ ਪਾਤਾਲਪੁਰੀ ਵਿਚ ਮ੍ਰਿਤਕਾਂ ਦੀਆਂ ਅਸਥੀਆਂ ਪ੍ਰਵਾਹਿਤ ਕਰਨ ਦੀ ਰੁਚੀ ਦੇ ਵਿਕਸਿਤ ਹੋ ਜਾਣ ਕਰਕੇ ਹੁਣ ਇੱਥੋਂ ਦੀ ਰੌਣਕ ਵਧ ਗਈ ਹੈ। ਭਾਖੜਾ ਡੈਮ ਬਣਨ ਨਾਲ ਵੀ ਇੱਥੇ ਯਾਤਰੂਆਂ ਵੀ ਆਵਾਜਾਈ ਵਧੀ ਹੈ, ਕਿਉਂਕਿ ਇਹ ਰੋਪੜ ਤੋਂ ਨੰਗਲ ਜਾਣ ਵਾਲੀ ਸੜਕ ਉੱਤੇ ਵੱਸਿਆ ਹੋਇਆ ਹੈ।

■

## ਪਿੰਡ ਸਲਾਹਪੁਰ ਵਿਖੇ ਅੰਮ੍ਰਿਤ-ਸੰਚਾਰ

ਭਾਈ ਮਨਜੀਤ ਸਿੰਘ ਕਾਦੀਆਂ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਲਕਾ ਸ੍ਰੀ ਹਰਿਗੋਬਿੰਦਪੁਰ ਦੇ ਪਿੰਡ ਸਲਾਹਪੁਰ ਵਿਖੇ ਭਾਈ ਤਾਰਾ ਸਿੰਘ ਜੀ ਵਾਂ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ੧੮ ਮਾਰਚ, ੨੦੨੬ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਵੱਲੋਂ ਖੰਡੇ-ਬਾਟੇ ਦੀ ਪਾਹੁਲ ਤਿਆਰ ਕੀਤੀ ਗਈ। ਇਸ ਦੌਰਾਨ ੩੧ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਿਲ ਕਰ ਕੇ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤ ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ। ਇਸ ਮੌਕੇ ਜਥੇਦਾਰ ਸੁਰਜੀਤ ਸਿੰਘ ਤੁਗਲਵਾਲ, ਮੈਂਬਰ, ਅੰਤਰਿੰਗ ਕਮੇਟੀ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਵਧਾਈ ਦਿੱਤੀ ਗਈ। ਇਸ ਤੋਂ ਪਹਿਲਾਂ ਹਲਕਾ ਪ੍ਰਚਾਰਕ ਸਾਹਿਬਾਨ ਵੱਲੋਂ ਵੱਖ-ਵੱਖ ਪਿੰਡਾਂ ਵਿਚ ਪਹੁੰਚ ਕੇ ਸੰਗਤ ਨੂੰ ਅੰਮ੍ਰਿਤ-ਪਾਨ ਕਰਨ ਲਈ ਪ੍ਰੇਰਿਆ ਗਿਆ।

■

# ਸ੍ਰੀ ਕੀਰਤਪੁਰ ਸਾਹਿਬ ਦਾ ੪੦੦ ਸਾਲਾ ਸਥਾਪਨਾ ਦਿਵਸ

*-ਡਾ. ਅਮਰਜੀਤ ਕੌਰ ਇੱਬਣ ਕਲਾਂ**

ਸਿੱਖ ਗੁਰ-ਇਤਿਹਾਸ ਨਾਲ ਸੰਬੰਧਿਤ ਉਹ ਪਾਵਨ ਪਵਿੱਤਰ ਧਰਤੀ ਜਿੱਥੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ, ਛੇਵੇਂ ਪਾਤਸ਼ਾਹ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ, ਅਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਪਏ ਹਨ। ਗੁਰੂ ਸਾਹਿਬਾਨ ਜੀ ਦੇ ਨਾਲ ਉਨ੍ਹਾਂ ਗੁਰਸਿੱਖਾਂ ਦੇ ਚਰਨ ਇਸ ਧਰਤੀ 'ਤੇ ਪਏ ਜਿਨ੍ਹਾਂ ਦਾ ਨਾਮ ਲੈਂਦਿਆਂ ਸਾਡਾ ਸਿਰ ਆਪ ਮੁਹਾਰੇ ਝੁਕ ਜਾਂਦਾ ਹੈ।

ਪੰਜਾਬ ਦੇ ਜ਼ਿਲ੍ਹਾ ਰੂਪ ਨਗਰ ਤੋਂ ੨੨ ਕਿਲੋਮੀਟਰ ਦੀ ਦੂਰੀ 'ਤੇ ਚੜ੍ਹਦੀ ਬਾਹੀ ਗੁਰੂ ਨਗਰੀ ਸ੍ਰੀ ਕੀਰਤਪੁਰ ਸਾਹਿਬ ਜੀ ਦੀ ਪਹਿਲੀ ਮੋਹੜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਨੇ ੧ ਮਈ, ੧੬੨੬ ਨੂੰ ਆਪਣੇ ਕਰ-ਕਮਲਾਂ ਨਾਲ ਗੱਡੀ ਸੀ। ਬਾਬਾ ਸ੍ਰੀ ਚੰਦ ਜੀ ਦਾ ਜਨਮ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਮਾਤਾ ਸੁਲੱਖਣੀ ਜੀ ਦੀ ਕੁੱਖੋਂ ਸੁਲਤਾਨਪੁਰ ਲੋਧੀ ਵਿਖੇ ੧੪੯੪ ਈ. ਨੂੰ ਹੋਇਆ ਸੀ। ਇਨ੍ਹਾਂ ਨੇ ਪੰਜਾਬ ਵਿਚ ਕਈ ਥਾਵਾਂ 'ਤੇ ਭ੍ਰਮਣ ਕੀਤਾ, ਜਿੱਥੇ-ਜਿੱਥੇ ਵੀ ਗਏ, ਇਨ੍ਹਾਂ ਸਿੱਖੀ ਦਾ ਪ੍ਰਚਾਰ ਕੀਤਾ।

ਬਾਬਾ ਸ੍ਰੀ ਚੰਦ ਜੀ ਅਖੀਰ ਵਿਚ ਬਾਰਠ ਸਾਹਿਬ (ਨੇੜ੍ਹੇ ਪਠਾਨਕੋਟ) ਚਲੇ ਗਏ। ਗੁਰੂ ਨਾਨਕ ਸਾਹਿਬ ਜੀ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਿਆਈ-ਆਸੀਨ ਹੋ ਗਏ। ਇਕ ਦਿਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਨ ਵਿਚ ਆਇਆ ਕਿ ਬਾਬਾ ਸ੍ਰੀ ਚੰਦ ਜੀ ਨੂੰ ਮਿਲ ਕੇ ਆਈਏ। ਗੁਰੂ ਸਾਹਿਬ ਜੀ ਬਾਰਠ ਸਾਹਿਬ ਗਏ। ਬਾਬਾ ਸ੍ਰੀ ਚੰਦ ਜੀ ਦੇ ਨਾਲ ਬਚਨ-ਬਿਲਾਸ ਕਰਦਿਆਂ ਬਾਬਾ ਸ੍ਰੀ ਚੰਦ ਜੀ ਨੇ ਗੁਰੂ ਸਾਹਿਬ ਜੀ ਨੂੰ ਕਿਹਾ, "ਸਾਹਿਬ ਜੀਓ, ਤੁਹਾਡੇ ਪੰਜ ਪੁੱਤਰ ਹਨ, ਇੱਕ ਸਾਨੂੰ ਦੇ ਦਿਉ।" ਸ੍ਰੀ ਗੁਰ ਹਰਿਗੋਬਿੰਦ ਸਾਹਿਬ ਜੀ ਨੇ ਕਿਹਾ, "ਮਹਾਂਪੁਰਖੋ, ਪੰਜੇ ਤੁਹਾਡੇ ਹਨ, ਤੁਸੀਂ ਜਿਸ ਨੂੰ ਮਰਜੀ ਲੈ ਲਓ!" ਬਾਬਾ ਸ੍ਰੀ ਚੰਦ ਜੀ ਨੇ ਬਾਬਾ ਗੁਰਦਿੱਤਾ ਜੀ ਜੋ ਗੁਰੂ ਜੀ ਦੇ ਸਾਰਿਆਂ ਤੋਂ ਵੱਡੇ ਸਪੁੱਤਰ ਸਨ, ਉਨ੍ਹਾਂ ਦੇ ਮੋਢੇ ਉੱਤੇ ਹੱਥ ਰੱਖ ਦਿੱਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 'ਸਤ ਬਚਨ' ਕਹਿ ਕੇ ਬਾਬਾ ਗੁਰਦਿੱਤਾ ਜੀ ਨੂੰ ਬਾਬਾ ਸ੍ਰੀ ਚੰਦ ਜੀ ਕੋਲ ਛੱਡ ਕੇ ਗੁਰੂ ਜੀ ਤੁਰ ਪਏ।

**ਪਿੰਡ ਤੇ ਡਾਕ, ਇੱਬਣ ਕਲਾਂ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ—੧੪੩੦੦੯ ਮੋ : +੯੧੯੭੮੦੬-੩੫੧੯੭*

ਬਾਬਾ ਸ੍ਰੀ ਚੰਦ ਜੀ ਨੇ ਏਨਾ ਬਚਨ ਕੀਤਾ ਕਿ, "ਗੁਰੂ ਜੀ ਸਾਡੇ ਪਿਤਾ ਜੀ ਦੀ ਗੱਦੀ ਤਾਂ ਪਹਿਲਾਂ ਹੀ ਤੁਹਾਡੇ ਕੋਲ ਹੈ, ਸਾਡੇ ਕੋਲ ਕੇਵਲ ਫਕੀਰੀ ਹੈ, ਅਸੀਂ ਉਹ ਵੀ ਤੁਹਾਨੂੰ ਸੌਂਪ ਦੇਣਾ ਚਾਹੁੰਦੇ ਹਾਂ!"

ਸੋ ਸ੍ਰੀ ਕੀਰਤਪੁਰ ਸਾਹਿਬ ਦੀ ਇਹ ਧਰਤੀ ਜੋ ਕਿ ਰਾਜਾ ਕਲਿਆਣ ਚੰਦ ਨੇ ਗੁਰੂ-ਘਰ ਨੂੰ ਅਰਦਾਸ ਕਰਾਈ ਸੀ। ਬਾਬਾ ਗੁਰਦਿੱਤਾ ਜੀ ਨੇ ਇਹ ਨਗਰ ਵਸਾਉਣ ਹਿੱਤ ੧ ਮਈ, ੧੬੨੬ ਈ. ਨੂੰ ਬਾਬਾ ਸ੍ਰੀ ਚੰਦ ਜੀ ਤੋਂ ਪਹਿਲੀ ਮੋਹੜੀ ਗਡਵਾਈ ਅਥਵਾ ਨੀਂਹ ਪੱਥਰ ਰਖਵਾਇਆ।

ਬਾਬਾ ਗੁਰਦਿੱਤਾ ਜੀ ਦਾ ਜਨਮ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਮਾਤਾ ਦਮੋਦਰੀ ਜੀ ਦੀ ਕੁੱਖੋਂ ਕੱਤਕ ਸੁਦੀ ੧੫ ਸੰਮਤ ੧੬੭੦ ਨੂੰ ਡਰੌਲੀ ਭਾਈ ਕੀ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਹੋਇਆ। ੨੨ ਵੈਸਾਖ ਸੰਮਤ ੧੬੮੧ ਨੂੰ ਬਾਬਾ ਗੁਰਦਿੱਤਾ ਜੀ ਦਾ ਵਿਆਹ ਸ੍ਰੀ ਨਿਹਾਲ ਕੌਰ (ਬੀਬੀ ਅਨੰਤੀ) ਪੁੱਤਰੀ ਭਾਈ ਰਾਮਾ ਦੇ ਨਾਲ ਬਟਾਲਾ ਵਿਖੇ ਹੋਇਆ। ਬਾਬਾ ਗੁਰਦਿੱਤਾ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਚਾਰ ਜੰਗਾਂ ਜੋ ਮੁਗ਼ਲਾਂ ਵਿਰੁੱਧ ਲੜੀਆਂ ਗਈਆਂ ਸਨ, ਵਿਚ ਬੜ੍ਹੀ ਬਹਾਦਰੀ ਨਾਲ ਹਿੱਸਾ ਲਿਆ। ਆਪ ਨੇ ਬਾਬਾ ਸ੍ਰੀ ਚੰਦ ਜੀ ਨੂੰ ਨਾਲ ਲੈ ਕੇ ਸ੍ਰੀ ਕੀਰਤਪੁਰ ਸਾਹਿਬ ਦੀ ਨੀਂਹ ਰਖਵਾ ਕੇ ਨਗਰ ਨੂੰ ਵਸਾਉਣਾ ਸ਼ੁਰੂ ਕੀਤਾ। ਸ੍ਰੀ ਕੀਰਤਪੁਰ ਸਾਹਿਬ ਵਿਖੇ ਬਾਬਾ ਸ੍ਰੀ ਚੰਦ ਜੀ ਅਕਾਲ ਚਲਾਣਾ ਕਰ ਗਏ। ਬਾਬਾ ਸ੍ਰੀ ਚੰਦ ਜੀ ਦੇ ਮਿਸ਼ਨ ਨੂੰ ਬਾਬਾ ਗੁਰਦਿੱਤਾ ਜੀ ਨੇ ਬਾਖੂਬੀ ਅੱਗੇ ਵਧਾਇਆ। ਬਾਬਾ ਗੁਰਦਿੱਤਾ ਜੀ ਦੇ ਘਰ ਦੋ ਪੁੱਤਰਾਂ-ਬਾਬਾ ਧੀਰ ਮੱਲ ਜੀ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਜਨਮ ਕੀਰਤਪੁਰ ਸਾਹਿਬ ਵਿਖੇ ਹੀ ਹੋਇਆ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮੁਗ਼ਲਾਂ ਵਿਰੁੱਧ ਆਖਰੀ ਜੰਗ ਕਰਤਾਰਪੁਰ ਵਿਖੇ ਸੰਮਤ ੧੬੯੧ ਸੰਨ ੧੬੩੪ ਈ. ਵਿਚ ਲੜੀ ਗਈ। ਇੱਥੋਂ ਗੁਰੂ ਸਾਹਿਬ ਜੀ ਪਰਵਾਰ ਸਮੇਤ ਸ੍ਰੀ ਕੀਰਤਪੁਰ ਸਾਹਿਬ ਚਲੇ ਗਏ ਸਨ। ਉਸ ਸਮੇਂ ਪ੍ਰਥਾਇ 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਵਿਚ ਇਸ ਤਰ੍ਹਾਂ ਦਰਜ ਹੈ ਕਿ ਗੁਰੂ-ਘਰ ਦੇ ਦਰਬਾਰੀ ਸਿੱਖਾਂ- ਭਾਈ ਜੇਠਾ ਜੀ, ਭਾਈ ਪਿਰਾਣਾ ਜੀ, ਭਾਈ ਪੈੜਾ ਜੀ, ਭਾਈ ਤਿਲੋਕਾ ਜੀ, ਭਾਈ ਜੋਧ ਰਾਇ, ਭਾਈ ਭਾਨਾ ਜੀ ਆਦਿ ਸਾਰੇ ਸਿੱਖਾਂ ਨੇ ਆਪਸੀ ਗੁਰਮਤਾ ਕੀਤਾ ਕਿ ਗੁਰੂ ਜੀ ਕਰਤਾਰਪੁਰ ਛੱਡ ਕੇ ਕੀਰਤਪੁਰ ਸਾਹਿਬ ਚਲੇ ਜਾਣ ਤੇ ਉੱਥੇ ਹੀ ਆਪਣਾ ਨਿਵਾਸ ਕਰਨ। ਸਾਰਿਆਂ ਨੇ ਸਲਾਹ ਕਰ ਕੇ ਮੁੱਖ ਪੈਂਚ ਬਾਬਾ ਬਿਧੀ ਚੰਦ ਜੀ ਨੂੰ ਕਿਹਾ ਕਿ ਉਹ ਗੁਰੂ ਜੀ ਨੂੰ ਬੇਨਤੀ ਕਰਨ। ਸੋ 'ਭਾਈ ਬਿਧੀ ਚੰਦ ਵਾਚ' ਵਿਚ ਲਿਖਿਆ ਗਿਆ ਹੈ ਕਿ ਬਾਬਾ ਬਿਧੀ ਚੰਦ ਜੀ ਨੇ ਗੁਰੂ ਜੀ ਨੂੰ ਸੰਗਤ ਵੱਲੋਂ ਕੀਤੀ ਬੇਨਤੀ ਦੱਸੀ ਕਿ ਨਿੱਤ ਜੰਗ-ਜੁੱਧ ਛੱਡ ਕੇ ਸ਼ਾਂਤੀ ਵਾਲੀ ਥਾਂ ਸ੍ਰੀ ਕੀਰਤਪੁਰ ਸਾਹਿਬ ਚੱਲ ਕੇ ਵੱਸਣਾ ਹੀ ਭਲਾ ਹੈ।

ਗੁਰੂ ਜੀ ਨੇ ਬੇਨਤੀ ਪ੍ਰਵਾਨ ਕਰ ਲਈ ਤੇ ਸਭ ਪਰਵਾਰਾਂ ਸਮੇਤ ਚਾਲੇ ਪਾਉਣ ਦਾ ਆਦੇਸ਼ ਕੀਤਾ।

੧੬੩੫ ਈ. ਵਿਚ ਕੀਰਤਪੁਰ ਸਾਹਿਬ ਪੁੱਜ ਕੇ ਤਿਆਰ ਕੀਤੇ ਸਦਨਾਂ ਵਿਚ ਪ੍ਰਵੇਸ਼ ਕੀਤਾ। ਸ੍ਰੀ ਕੀਰਤਪੁਰ ਸਾਹਿਬ ਜਿੱਥੇ ਗੁਰੂ ਜੀ ਦਾ ਨਿਵਾਸ ਸੀ ਇੱਥੇ ਹੀ ਧੀਰਮੱਲ, ਸ੍ਰੀ (ਗੁਰੂ) ਹਰਿਰਾਇ ਜੀ, ਰਾਮ ਰਾਏ, ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਨੇ ਜਨਮ ਲਿਆ। ਇਸ ਗੁਰਧਾਮ ਦਾ ਨਾਮ **ਗੁਰਦੁਆਰਾ ਸੀਸ ਮਹਿਲ** ਹੈ। ਹੋਰ ਅਸਥਾਨ **ਗੁਰਦੁਆਰਾ ਚਰਨ ਕੰਵਲ ਪਾਤਸ਼ਾਹੀ ਪਹਿਲੀ** ਹੈ, ਜਿੱਥੇ ਸਾਂਈਂ ਬੁੱਢਣ ਸ਼ਾਹ ਜੀ ਦੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਬਚਨ-ਬਿਲਾਸ ਹੋਏ ਸਨ। ਇਸ ਤੋਂ ਇਲਾਵਾ **ਗੁਰਦੁਆਰਾ ਬਿਬਾਨ ਗੜ੍ਹ ਸਾਹਿਬ** ਹੈ, ਜਿੱਥੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਭਾਈ ਜੈਤਾ ਜੀ ਕੋਲੋਂ ਲਿਆ ਸੀ, ਫਿਰ ਇੱਥੋਂ ਹੀ ਸੀਸ ਪਾਲਕੀ ਵਿਚ ਰੱਖ ਕੇ ਸ੍ਰੀ ਅਨੰਦਪੁਰ ਸਾਹਿਬ ਸਸਕਾਰ ਕਰਨ ਲਈ ਲਿਜਾਇਆ ਗਿਆ ਸੀ। ਇੱਥੇ **ਸ੍ਰੀ ਹਰਿਮੰਦਰ ਸਾਹਿਬ ਪਾਤਸ਼ਾਹੀ ਛੇਵੀਂ** ਉਹ ਸਥਾਨ ਹੈ, ਜਿੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬੰਦਗੀ ਕਰਦੇ ਸਨ। ਇੱਥੇ ਹੀ ਬਾਗ਼ ਸੀ ਜਿੱਥੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਵੱਡੇ, ਲੰਮੇ ਚੋਲੇ ਪਹਿਨਣ ਕਾਰਨ ਫੁੱਲ ਅੜ ਕੇ ਟੁੱਟ ਗਿਆ ਸੀ ਤੇ ਪਿਤਾ ਨੇ ਪੁੱਤਰ ਨੂੰ ਤਾੜਨਾ ਕੀਤੀ ਸੀ। ਇਹੀ ਬਾਗ਼ ਸੀ ਜਿੱਥੇ ਅਨੇਕ ਪ੍ਰਕਾਰ ਦੀਆਂ ਜੜ੍ਹੀਆਂ-ਬੂਟੀਆਂ ਦਾ ਵਿਸ਼ੇਸ਼ ਭੰਡਾਰ ਸੀ। ਇੱਥੇ ਹੀ **ਗੁਰਦੁਆਰਾ ਚੁਬੱਚਾ ਸਾਹਿਬ** ਹੈ ਜਿੱਥੇ ਗੁਰੂ ਸਾਹਿਬ ਆਪਣੇ ੨੨੦੦ ਘੋੜਿਆਂ ਦੀ ਦੇਖ-ਭਾਲ ਲਈ ਦਾਣਾ-ਪਾਣੀ ਦੇ ਪ੍ਰਬੰਧ ਦਾ ਧਿਆਨ ਰੱਖਦੇ ਸਨ। **ਗੁਰਦੁਆਰਾ ਮੰਜੀ ਸਾਹਿਬ** ਹੈ ਜੋ ਕਿ ਗੁਰੂ ਹਰਿਰਾਇ ਸਾਹਿਬ ਜੀ ਦੀ ਪੁੱਤਰੀ ਬੀਬੀ ਰੂਪ ਕੌਰ ਦੀ ਯਾਦ ਵਿਚ ਹੈ। ਬੀਬੀ ਜੀ ਦੀਆਂ ਕਈ ਵਸਤੂਆਂ ਇੱਥੇ ਹਨ। **ਗੁਰਦੁਆਰਾ ਤੀਰ ਸਾਹਿਬ** ਹੈ, ਜਿੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜੰਗੀ ਅਭਿਆਸ ਕਰਵਾਇਆ ਕਰਦੇ ਸਨ।

**ਸ੍ਰੀ ਕੀਰਤਪੁਰ ਸਾਹਿਬ** ਹੈ, ਜਿੱਥੋਂ ਇਕ ਸਾਲ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵੈਸਾਖੀ 'ਤੇ ਵੱਡਾ ਇਕੱਠ ਕਰ ਕੇ ਬਾਬਾ ਬਿਧੀ ਚੰਦ ਜੀ ਦੇ ਸਪੁੱਤਰ ਬਾਬਾ ਲਾਲ ਚੰਦ ਜੀ ਨੂੰ ਬਖਸ਼ਿਸ਼ਾਂ ਦੇ ਕੇ ਸੁਰ ਸਿੰਘ ਤੋਰਿਆ ਸੀ। ਭਾਈ ਜੋਧ ਰਾਇ ਨੂੰ ਦੀਨੇ ਕਾਂਗੜ ਅਤੇ ਭਾਈ ਭਾਨਾ ਜੀ ਨੂੰ ਝੰਡੇ ਰਾਮਦਾਸਪੁਰ ਭੇਜਿਆ ਸੀ।

ਸ੍ਰੀ ਕੀਰਤਪੁਰ ਸਾਹਿਬ ਵਿਖੇ ਬਾਬਾ ਗੁਰਦਿੱਤਾ ਜੀ ਚੇਤ ਸੁਦੀ ੧੦ ਸੰਮਤ ੧੬੯੫ ਸੰਨ ੧੬੩੮ ਨੂੰ ਅਕਾਲ ਚਲਾਣਾ ਕਰ ਗਏ ਸਨ। ਇੱਥੇ **ਗੁਰਦੁਆਰਾ ਦੇਹੁਰਾ ਬਾਬਾ ਗੁਰਦਿੱਤਾ ਜੀ** ਸੁਭਾਇਮਾਨ ਹੈ। ਜਿੱਥੇ "ਬਾਬਾ ਗੁਰਦਿੱਤਾ, ਦੀਨ ਦੁਨੀ ਦਾ ਟਿੱਕਾ, ਜੋ ਵਰ ਮੰਗਿਆ, ਸੋ ਵਰ ਦਿੱਤਾ", ਲਿਖਿਆ ਅੰਕਿਤ ਹੈ।

ਇੱਥੇ ਹੀ **ਸੀਸ ਮਹਿਲ** ਵਿਚ ਮਾਤਾ ਮਰਵਈ ਜੀ ਸੱਚਖੰਡ ਬਿਰਾਜ ਗਏ।

ਬਾਬਾ ਗੁਰਦਿੱਤਾ ਜੀ ਨੇ ਬਾਬਾ ਸ੍ਰੀ ਚੰਦ ਜੀ ਦੇ ਮਿਸ਼ਨ ਨੂੰ ਅੱਗੇ ਵਧਾਉਂਦਿਆਂ ਹੋਇਆ ਚਾਰ ਧੂਣੇ ਸਥਾਪਿਤ ਕੀਤੇ ਤੇ ਚਾਰ ਉੱਚ ਕੋਟੀ ਦੇ ਸਾਧੂ ਸਿੱਖਾਂ- ਬਾਬਾ ਫੂਲ, ਬਾਬਾ ਹਸਨਾ, ਬਾਬਾ ਅਲਮਸਤ ਅਤੇ ਬਾਬਾ ਗੋਂਦਾ (ਗੋਇੰਦਾ ਜੀ) ਜੀ ਨੂੰ ਨਿਯੁਕਤ ਕੀਤਾ। ਇਨ੍ਹਾਂ ਤੋਂ ਅੱਗੇ ਬਹੁਤ ਸਾਰੇ ਅਨੇਕਾਂ ਧੂਣੇ ਸਥਾਪਿਤ ਹੋਏ। ਜੇਕਰ ਇਨ੍ਹਾਂ ਧੂਣਿਆਂ ਦੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਧੂਣਿਆਂ ਦੀ ਸਿੱਖ ਧਰਮ ਨੂੰ ਬਹੁਤ ਵੱਡੀ ਦੇਣ ਹੈ। ਪਹਿਲੀ ਕਿ ਇਨ੍ਹਾਂ ਉਦਾਸੀ ਸਾਧੂਆਂ ਨੇ ਦੂਰ-ਦੁਰੇਡੀਆਂ ਥਾਵਾਂ 'ਤੇ ਪੁੱਜ ਕੇ ਸਿੱਖੀ ਦਾ ਪ੍ਰਚਾਰ ਕੀਤਾ, ਲੰਮੀਆਂ ਯਾਤਰਾਵਾਂ ਕੀਤੀਆਂ 'ਸਿੱਖ ਸੰਗਤਾਂ' ਸਥਾਪਿਤ ਕੀਤੀਆਂ। ਫਿਰ ਇਨ੍ਹਾਂ ਉਦਾਸੀ ਸਾਧੂਆਂ ਨੇ ਸਿੱਖ ਗੁਰਧਾਮਾਂ ਦੀ ਸੰਭਾਲ ਕੀਤੀ। ਜਦੋਂ ਅਠਾਰ੍ਹਵੀਂ ਸਦੀ ਵਿਚ ਸਿੱਖ ਜੰਗਲਾਂ ਵਿਚ ਸਨ, ਇਨ੍ਹਾਂ ਦਾ ਕੋਈ ਘਰ-ਘਾਟ ਨਹੀਂ ਸੀ, ਉਸ ਸਮੇਂ ਇਹ ਉਦਾਸੀ ਸਾਧੂ ਹੀ ਸਨ ਜਿਨ੍ਹਾਂ ਨੇ ਗੁਰਧਾਮਾਂ ਦੀ ਸੰਭਾਲ ਕੀਤੀ ਸੀ। ਸੱਚ ਇਹ ਹੈ ਕਿ ਇਨ੍ਹਾਂ ਉਦਾਸੀ ਸਾਧੂਆਂ ਦੀ ਦੇਣ ਦਿੱਤੀ ਹੀ ਨਹੀਂ ਜਾ ਸਕਦੀ।

ਸ੍ਰੀ ਕੀਰਤਪੁਰ ਸਾਹਿਬ **ਗੁਰਦੁਆਰਾ ਪਾਤਾਲਪੁਰੀ ਸਾਹਿਬ** ਵਿਖੇ ਜਿੱਥੇ ਬਾਬਾ ਗੁਰਦਿੱਤਾ ਜੀ, ਮਾਤਾ ਮਰਵਈ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਸਤਲੁਜ ਦੇ ਕੰਢੇ ਸਸਕਾਰ ਹੋਏ ਸਨ, ਸਿੱਖੀ ਦਾ ਪ੍ਰਸਿੱਧ ਕੇਂਦਰ ਹੈ। ਇਸ ਮਹਾਨ ਅਸਥਾਨ ਦਾ ੪੦੦ ਸਾਲਾ ਸਥਾਪਨਾ ਦਿਵਸ ੦੧ ਮਈ, ੨੦੨੬ ਨੂੰ ਮਨਾਇਆ ਜਾ ਰਿਹਾ ਹੈ।

■

---

## ਪਿੰਡ ਨਾਥਪੁਰ ਵਿਖੇ ਅੰਮ੍ਰਿਤ-ਸੰਚਾਰ

ਪ੍ਰਚਾਰਕ ਭਾਈ ਪੰਥਜੀਤ ਸਿੰਘ, ਭਾਈ ਗੁਰਪਿੰਦਰ ਸਿੰਘ ਤੇ ਕਵੀਸ਼ਰ ਭਾਈ ਮੋਹਨ ਸਿੰਘ ਖਾਲਸਾ ਵੱਲੋਂ ਪੁੱਜੀ ਰਿਪੋਰਟ ਅਨੁਸਾਰ ੨੮ ਮਾਰਚ, ੨੦੨੬ ਨੂੰ ਪਿੰਡ ਨਾਥਪੁਰ, ਜ਼ਿਲ੍ਹਾ ਗੁਰਦਾਸਪੁਰ ਵਿਖੇ ਭਾਈ ਤਾਰਾ ਸਿੰਘ ਜੀ ਵਾਂ ਦੀ ੩੦੦ ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਅੰਮ੍ਰਿਤ- ਸੰਚਾਰ ਕਰਵਾਇਆ ਗਿਆ।

ਇਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਨੇ ਖੰਡੇ-ਬਾਟੇ ਦੀ ਪਾਹੁਲ ਤਿਆਰ ਕੀਤੀ, ਜਿਸ ਤਹਿਤ ੨੩ ਪ੍ਰਾਣੀ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ।

■

# ਗੁਰਿਆਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

*-ਸ. ਜਸਬੀਰ ਸਿੰਘ 'ਤੇਗ'**

ਹਿੰਦੁਸਤਾਨ ਦਾ ਬਾਦਸ਼ਾਹ ਜਹਾਂਗੀਰ ਜੋ ਆਪਣੇ ਆਪ ਨੂੰ ਅਦਲੇ-ਇਨਸਾਫ਼, ਨਿਆਂਕਾਰੀ ਐਲਾਨਦਾ ਸੀ। ਇਸ ਦੀ ਆੜ ਥੱਲੇ ਨਿਆਂ ਨੂੰ ਛਿੱਕੇ-ਟੰਗ ਕੇ ਭਾਰੀ ਜ਼ੁਲਮ ਕਰਦਾ ਸੀ। ਹਿੰਦੁਸਤਾਨ ਦੀ ਗ਼ਰੀਬ ਜਨਤਾ ਤੇ ਹਿੰਦੂਆਂ 'ਤੇ ਬਹੁਤ ਜ਼ੁਲਮ ਢਾਹੁੰਦਾ ਸੀ। ਇਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ (ਸ਼ਾਂਤੀ ਦੇ ਪੁੰਜ) ਖ਼ਿਲਾਫ਼ ਕੀਤੀਆਂ ਗਈਆਂ ਝੂਠੀਆਂ ਸ਼ਿਕਾਇਤਾਂ ਦੀ ਪੁਣਛਾਣ ਕੀਤੇ ਬਗ਼ੈਰ ਗੁਰੂ ਸਾਹਿਬ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਦਾ ਫੁਰਮਾਨ ਜਾਰੀ ਕਰ ਦਿੱਤਾ।

ਗੁਰੂ ਸਾਹਿਬ ਨੇ ਵਕਤ ਨੂੰ ਵਿਚਾਰਿਆ, ਪ੍ਰਮੁੱਖ ਸਿੱਖਾਂ- ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਬਹਿਲੋ ਜੀ, ਭਾਈ ਸਾਲ੍ਹੋ ਜੀ ਆਦਿ ਨੂੰ ਪਾਸ ਬੁਲਾਇਆ ਤੇ ਇਨ੍ਹਾਂ ਨਾਲ ਭਵਿੱਖ ਪ੍ਰਤੀ ਡੂੰਘੀਆਂ ਵਿਚਾਰਾਂ ਕੀਤੀਆਂ। ਇਹ ਸਭ ਦੇ ਸਾਹਮਣੇ ਹੀ ਸੀ ਕਿ ਗੁਰੂ ਸਾਹਿਬ ਦੀ ਸ਼ਹਾਦਤ ਹੋ ਜਾਣੀ ਹੈ। ਗੁਰੂ ਸਾਹਿਬ ਨੇ ਸੰਕੇਤ ਦੇ ਦਿੱਤਾ ਕਿ ਇਸ ਅਨਿਆਂਕਾਰੀ ਹਕੂਮਤ ਖ਼ਿਲਾਫ਼ ਸਬਰ ਨਾਲ ਮੁਕਾਬਲਾ ਕਰਨ ਦਾ ਸਮਾਂ ਲੰਘ ਚੁੱਕਾ ਹੈ। ਇਸ ਖ਼ਿਲਾਫ਼ ਹੋਰ ਨੀਤੀ ਅਪਣਾਈ ਜਾਵੇ। ਤਾਂ ਕਿ ਜ਼ੋਰਦਾਰ ਢੰਗ ਨਾਲ ਜ਼ੁਲਮ ਦਾ ਮੁਕਾਬਲਾ ਕੀਤਾ ਜਾਵੇ। ਹੋਰ ਵੀ ਗੁਰੂ ਸਾਹਿਬ ਨੇ ਸੇਧਾਂ ਦਿੱਤੀਆਂ ਕਿ ਆਉਣ ਵਾਲੇ ਸਮੇਂ ਵਿਚ ਕੀ-ਕੀ ਬਦਲਾਅ ਕੀਤੇ ਜਾ ਸਕਦੇ ਹਨ।

ਜੇਠ ਸੁਦੀ ੪ (੧ ਹਾੜ) ਸੰਮਤ ੧੬੬੩ ਮੁਤਾਬਿਕ ੩੦ ਮਈ ਸੰਨ ੧੬੦੬ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਮੁਗ਼ਲ ਹਕੂਮਤ ਵੱਲੋਂ ਦਿੱਤੇ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ ਲਾਹੌਰ ਵਿਖੇ ਰਾਵੀ ਕੰਢੇ ਸ਼ਹੀਦੀ ਪਾ ਗਏ। ਇਹ ਖ਼ਬਰ ਆਸੇ-ਪਾਸੇ ਬਹੁਤ ਵੱਡੇ ਇਲਾਕੇ ਵਿਚ ਫੈਲ ਗਈ। ਇਸ ਨਾਲ ਸੰਗਤ ਵਿੱਚੋਂ ਹਕੂਮਤ ਖ਼ਿਲਾਫ਼ ਬਗਾਵਤੀ ਅਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ। ਸਾਰੇ ਪਾਸੇ ਜਬਰਦਸਤ ਰੋਸ ਪੈਦਾ ਹੋ ਗਿਆ। ਸੂਫੀ ਫਕੀਰਾਂ ਖਾਸ ਕਰਕੇ ਸਾਂਈ ਮੀਆਂ ਮੀਰ ਜੀ ਨੇ ਬਹੁਤ ਰੋਸ ਜ਼ਾਹਰ ਕੀਤਾ। ਇਹ ਗੱਲ ਸਾਹਮਣੇ ਆ ਗਈ ਕਿ ਜਿਹੜਾ ਬਾਦਸ਼ਾਹ ਆਪਣੇ ਆਪ ਨੂੰ ਨਿਆਂਕਾਰੀ ਐਲਾਨਦਾ ਸੀ ਉਹ ਕਿਤਨਾ ਜ਼ੁਲਮ ਢਾਹ ਰਿਹਾ ਹੈ। ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਦਿੱਤਾ।

ਇਧਰ ਇਹ ਖ਼ਬਰ ਸ੍ਰੀ ਅੰਮ੍ਰਿਤਸਰ ਪੁੱਜ ਗਈ, ਗੁਰੂ ਸਾਹਿਬ ਦੇ ਪਰਵਾਰ ਤੇ ਸੰਗਤ ਵਿਚ ਰੋਹ ਭਰ ਗਿਆ। ਮਾਤਾ ਗੰਗਾ ਜੀ ਤੇ ਸੰਗਤ ਦੀ ਵੈਰਾਗ-ਮਈ

** ਮਕਾਨ ਨੰ. ੪੨੩੪, ਗਲੀ ਨੰ. ੦੬ ਕੋਟ ਬਾਬਾ ਦੀਪ ਸਿੰਘ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੮੮੬੪੭੨੨੫*

ਦਸ਼ਾ ਵੇਖ ਕੇ ਬਾਬਾ ਬੁੱਢਾ ਜੀ ਨੇ ਧੀਰਜ ਦਿੱਤਾ।

ਪ੍ਰਮੁੱਖ ਸਿੱਖਾਂ ਨੇ ਇਕੱਤਰ ਹੋ ਕੇ ਵਿਚਾਰਾਂ ਕੀਤੀਆਂ, ਪੰਚਮ ਪਾਤਸ਼ਾਹ ਵੱਲੋਂ ਦਿੱਤੇ ਆਦੇਸ਼ ਨੂੰ ਵਿਚਾਰਿਆ। ਉਪਰੰਤ ਗੁਰਿਆਈ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਸੌਂਪਣ ਲਈ ਜੇਠ ਵਦੀ ੧੪ (੨੮ ਜੇਠ ਸੰਮਤ ੧੬੬੩ ਦਾ ਦਿਨ ਨਿਯਤ ਕੀਤਾ ਗਿਆ।

ਦੂਰ-ਨੇੜ੍ਹੇ ਦੀ ਸੰਗਤ ਨੂੰ ਸੁਨੇਹੇ ਭੇਜੇ ਗਏ। ਮਿੱਥੇ ਦਿਨ ਦੀਵਾਨ ਸਜਾਏ ਗਏ, ਬਹੁਤ ਸੰਗਤ ਆ ਜੁੜੀ। ਪਿਛਲੀ ਚਲਦੀ ਰੀਤ ਅਨੁਸਾਰ ਗੁਰਿਆਈ-ਆਸੀਨ ਕਰਨ ਦੀ ਰਸਮ ਤਹਿਤ ਮੰਜੀ, ਸੇਲੀ-ਟੋਪੀ ਲਿਆਂਦੀ ਗਈ। ਸੰਗਤ ਸ੍ਰੀ ਹਰਿਗੋਬਿੰਦ ਜੀ ਦੇ ਦੀਵਾਨ ਵਿਚ ਆਉਣ ਦੀ ਉਡੀਕ ਕਰ ਰਹੀ ਸੀ।

ਉਸ ਵਕਤ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਆਦਿ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਦਸਤਾਰ ਸਜਾ ਕੇ ਸੁੰਦਰ ਸ਼ਾਹੀ ਪੁਸ਼ਾਕੇ ਪਾ ਕੇ ਤੇ ਸਿਰ 'ਤੇ ਕਲਗੀ ਸਜਾ ਕੇ ਦੀਵਾਨ ਵਿਚ ਲੈ ਆਏ। ਉੱਚੇ ਆਸਣ 'ਤੇ ਬਿਰਾਜਮਾਨ ਕੀਤਾ ਗਿਆ। ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਦੋ ਤਲਵਾਰਾਂ ਪਹਿਨਾਈਆਂ ਗਈਆਂ। ਇਕ ਮੀਰੀ ਦੀ ਰਾਜ-ਸੱਤਾ ਦੀ ਲਖਾਇਕ ਤੇ ਇਕ ਪੀਰੀ ਦੀ ਫਕੀਰੀ ਦੀ ਲਖਾਇਕ। ਸੰਗਤ ਵਿਚ ਇਹ ਵੇਖ ਕੇ ਬਹੁਤ ਜੋਸ਼ ਵਧਿਆ। ਇਹ ਐਲਾਨ ਕੀਤਾ ਗਿਆ ਕਿ ਅੱਜ ਤੋਂ ਬਾਅਦ ਗੁਰੂ-ਘਰ ਲਈ ਨੌਜਵਾਨੀ, ਹਥਿਆਰ, ਘੋੜੇ ਭੇਟ ਕੀਤੇ ਜਾਣ। ਵੱਧ ਤੋਂ ਵੱਧ ਦਸਵੰਧ ਦਿੱਤਾ ਜਾਵੇ। ਇਸ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਸ਼ਾਹੀ ਸ਼ਾਨ ਵੇਖਣ ਯੋਗ ਸੀ।

ਕੁਝ ਸਮੇਂ ਬਾਅਦ ਹੀ ਗੁਰੂ-ਘਰ ਦੀ ਸ਼ਾਨ ਨਿਰਾਲੀ ਹੋ ਗਈ। ਚੰਗੇ ਜਵਾਨ, ਯੋਧੇ ਫੌਜ ਵਿਚ ਭਰਤੀ ਹੋਣ ਲੱਗ ਪਏ। ਜੰਗੀ ਅਭਿਆਸ ਅਰੰਭ ਹੋ ਗਏ।

ਪ੍ਰਮੁੱਖ ਸਿੱਖਾਂ ਤੇ ਗੁਰੂ ਸਾਹਿਬ ਨੇ ਵਿਚਾਰਾਂ ਕੀਤੀਆਂ ਕਿ ਵਕਤ ਦੀ ਹਕੂਮਤ ਨੂੰ ਟੱਕਰ ਦੇਣ ਲਈ ਉਸ ਦੇ ਮੁਕਾਬਲੇ ਇਕ ਸੱਚਾ ਤਖ਼ਤ ਸਿਰਜਿਆ ਜਾਵੇ ਜਿੱਥੋਂ ਨਿਆਂ ਦੀ ਗੱਲ ਹੋਵੇ। ਜ਼ਾਲਮਾਂ ਖ਼ਿਲਾਫ ਸੰਘਰਸ਼ ਹੋਵੇ। ਸਿੱਖਾਂ ਵਿਚ ਬੀਰ-ਰਸ ਭਰਨ ਲਈ ਢਾਡੀ ਵਾਰਾਂ ਗਾਉਣ। ਉਸ ਸੱਚੇ ਤਖ਼ਤ 'ਤੇ ਗੁਰੂ ਸਾਹਿਬ ਬਿਰਾਜਮਾਨ ਹੋ ਕੇ ਰਹਿਨੁਮਾਈ ਕਰਨ।

ਸੰਮਤ ੧੬੬੬ ਨੂੰ ਥੜਾ ਸਾਹਿਬ (ਅਕਾਲ ਬੁੰਗੇ) ਦੀ ਨੀਂਹ ਰੱਖੀ। ਥੜਾ ਸਾਹਿਬ ਨੂੰ ਅਕਾਲ ਦਾ ਤਖ਼ਤ ਮੰਨ ਕੇ ਬੜ੍ਹੇ ਸ਼ਰਧਾ ਭਾਵ ਤਹਿਤ ਗੁਰੂ ਸਾਹਿਬ, ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਆਦਿ ਸਿੱਖਾਂ ਨੇ ਸੇਵਾ ਕੀਤੀ। ਜਿਸ ਵਕਤ ਥੜ੍ਹਾ ਤਿਆਰ ਹੋ ਗਿਆ, ਤਾਂ ਦੀਵਾਨ ਸਜਾਇਆ ਗਿਆ। ਬਹੁਤ ਸੰਗਤ ਜੁੜੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸ਼ਾਹੀ ਠਾਠ ਨਾਲ (ਥੜ੍ਹਾ ਸਾਹਿਬ) ਤਖ਼ਤ 'ਤੇ ਬਿਰਾਜਮਾਨ ਹੋਏ। ਢਾਡੀਆਂ ਵੱਲੋਂ ਗੁਰੂ ਸਾਹਿਬ ਦਾ ਜਸ ਕੀਤਾ ਗਿਆ ਤੇ ਬੀਰ ਰਸੀ ਵਾਰਾਂ

ਗਾਇਨ ਕੀਤੀਆਂ ਗਈਆਂ। ਗੁਰੂ ਸਾਹਿਬ ਦੇ ਸੱਦੇ 'ਤੇ ਨੌਜਵਾਨ ਜੁੜਣ ਲੱਗੇ, ਸ਼ਸਤਰਾਂ ਦੇ ਅਭਿਆਸ ਅਰੰਭ ਹੋਏ, ਮੱਲ ਅਖਾੜੇ ਸੱਜਣ ਲੱਗੇ। ਗੁਰੂ ਸਾਹਿਬ ਸਿੱਖਾਂ ਨੂੰ ਲੈ ਕੇ ਸ਼ਿਕਾਰ ਖੇਡਦੇ, ਬਾਦਸ਼ਾਹੀ ਸ਼ਾਨ ਦਾ ਪ੍ਰਤੀਕ ਬਾਜ ਆਪਣੇ ਪਾਸ ਰੱਖਿਆ। ਗੁਰੂ ਸਾਹਿਬ ਥੜ੍ਹਾ ਸਾਹਿਬ 'ਤੇ ਬਿਰਾਜਮਾਨ ਹੋ ਕੇ ਲੋਕਾਂ ਦੀਆਂ ਸ਼ਿਕਾਇਤਾਂ ਸੁਣਦੇ ਤੇ ਉਨ੍ਹਾਂ ਦਾ ਸਾਮਾਧਾਨ ਵੀ ਕਰਦੇ।

ਗੁਰੂ ਸਾਹਿਬ ਸੱਚੇ ਪਾਤਸ਼ਾਹ ਇਸ ਅਸਥਾਨ 'ਤੇ ਬਿਰਾਜਮਾਨ ਹੋ ਕੇ ਬਾਦਸ਼ਾਹ ਦੀ ਤਰਜ਼ 'ਤੇ ਸੱਚਾ ਤਖ਼ਤ ਰਚਾ ਕੇ ਉਸ 'ਤੇ ਬੈਠ ਕੇ ਅਦਲ ਕਰਦੇ। ਸ਼ਾਹੀ ਠਾਠ ਨਾਲ ਵਿਚਰਦੇ। ਇਹ ਰਿਪੋਰਟਾਂ ਬਾਦਸ਼ਾਹ ਤਕ ਅੱਪੜ ਗਈਆਂ। ਬਾਦਸ਼ਾਹ ਪ੍ਰੇਸ਼ਾਨ ਹੋ ਗਿਆ, ਉਸ ਦੀ ਨੀਂਦ ਹਰਾਮ ਹੋ ਗਈ ਤੇ ਗੁਰੂ ਸਾਹਿਬ ਤੋਂ ਭੈ-ਭੀਤ ਹੋ ਗਿਆ। ਉਹ ਵਿਚਾਰਾਂ ਕਰਨ ਲੱਗਾ ਕਿ ਕਿਸ ਤਰ੍ਹਾਂ ਇਨ੍ਹਾਂ ਨੂੰ ਰੋਕਿਆ ਜਾਵੇ।

ਗੁਰੂ ਸਾਹਿਬ ਨੇ ਥੜ੍ਹਾ ਸਾਹਿਬ (ਅਕਾਲ ਬੁੰਗਾ) ਉਸਾਰ ਕੇ ਜਿੱਥੇ ਸਿੱਖ ਕੌਮ ਨੂੰ ਸਵੈਮਾਣ ਨਾਲ ਜਿਊਣ ਦਾ ਸੰਦੇਸ਼ ਕੀਤਾ, ਉੱਥੇ ਜ਼ਾਲਮ ਲਈ ਵੀ ਸਖ਼ਤ ਐਲਾਨ ਸੀ ਕਿ ਸਿੱਖ ਸਵੈਮਾਣ ਨਾਲ ਜਿੱਥੇ ਜੀਉਣਾ ਜਾਣਦੇ ਹਨ, ਉੱਥੇ ਜ਼ਾਲਮ ਦਾ ਨਾਸ਼ ਕਰਨ ਲਈ ਤਤਪਰ ਰਹਿੰਦੇ ਹਨ।

ਆਓ, ਗੁਰੂ ਸਾਹਿਬ ਦੇ ਦਿੱਤੇ ਉਪਦੇਸ਼ ਮੁਤਾਬਕ ਜੀਵਨ ਬਸਰ ਕਰੀਏ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੋਈਏ!

■

**ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋ-ਸਾਲਾ ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਚਲਾਇਆ ਜਾ ਰਿਹਾ ਹੈ। ਇਸ ਵਿਚ ੧੬ ਸਾਲ ਤੋਂ ਵੱਡੀ ਉਮਰ ਦਾ ਕੋਈ ਵੀ ਸਿੱਖ ਜਾਂ ਗੈਰ-ਸਿੱਖ, ਜੋ ਘੱਟੋ ਘੱਟ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਪੜ੍ਹ ਲਿਖ ਸਕਦਾ ਹੋਵੇ, ਦਾਖਲਾ ਲੈ ਸਕਦਾ ਹੈ। ਕੋਰਸ ਨਾਲ ਸੰਬੰਧਿਤ ਵਧੇਰੇ ਜਾਣਕਾਰੀ www.sgpc.net ਤੋਂ ਲਈ ਜਾ ਸਕਦੀ ਹੈ ਜਾਂ ੦੧੮੩-੨੫੫੩੯੫੬, ਐਕਸ:੩੦੫ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# 'ਅੰਮ੍ਰਿਤ'

*-ਸ. ਬਲਵਿੰਦਰ ਸਿੰਘ ਕਾਹਲਵਾਂ**

'ਅੰਮ੍ਰਿਤ' ਉਸ ਪਦਾਰਥ ਦਾ ਨਾਮ ਹੈ ਜਿਸ ਨੂੰ ਪੀ ਕੇ ਅਮਰ ਹੋਈਦਾ ਹੈ। ਮਨੁੱਖ ਪੁਰਾਣੇ ਸਮੇਂ ਤੋਂ ਅਜਿਹੇ ਪਦਾਰਥ ਦੀ ਖੋਜ ਕਰਦਾ ਆਇਆ ਹੈ ਜਿਸ ਨੂੰ ਪੀਣ ਨਾਲ ਉਹ ਮੌਤ ਉੱਤੇ ਜਿੱਤ ਪ੍ਰਾਪਤ ਕਰ ਕੇ ਅਮਰ ਹੋ ਸਕੇ। ਉਸ ਦਾ ਜਨਮ-ਮਰਨ ਦਾ ਗੇੜ ਕੱਟਿਆ ਜਾਵੇ ਅਤੇ ਉਹ ਆਵਾਗਾਵਣ ਵਿਚ ਪੈਣ ਤੋਂ ਬਚ ਸਕੇ। ਹਿੰਦੂ ਮਤ ਦੇ ਨਿਸਚੈ ਅਨੁਸਾਰ ਜਦ ਦੇਵਤਿਆਂ ਅਤੇ ਰਾਕਸ਼ਾਂ ਨੇ ਖੀਰ ਸਮੁੰਦਰ ਰਿੜਕਿਆ ਤਾਂ ਉਸ ਵਿੱਚੋਂ ੧੪ ਰਤਨ ਨਿਕਲੇ, ਜਿਨ੍ਹਾਂ ਵਿੱਚੋਂ ਇੱਕ 'ਅੰਮ੍ਰਿਤ' ਸੀ, ਜਿਸ ਨੂੰ ਪੀ ਕੇ ਦੇਵਤੇ ਅਮਰ ਹੋਏ। ਪੁਰਾਤਨ ਯੂਨਾਨੀ ਅਤੇ ਮਿਸਰੀ ਸੱਭਿਅਤਾਵਾਂ ਵਿਚ ਵੀ ਇਸ ਤਰ੍ਹਾਂ ਦੇ ਵਿਸ਼ਵਾਸ ਮਿਲਦੇ ਹਨ। ਕਹਿੰਦੇ ਹਨ ਕਿ ਸੰਸਾਰ-ਜੇਤੂ ਸਿਕੰਦਰ 'ਆਬ-ਏ-ਹਯਾਤ' ਦੀ ਭਾਲ ਵਿਚ ਕੌਸਰ ਦੇ ਚਸ਼ਮੇ 'ਤੇ ਪੁੱਜਾ। ਯੂਨਾਨੀਆਂ ਦੇ ਨਿਸ਼ਚੈ ਅਨੁਸਾਰ ਇਹ ਉਹ ਚਸ਼ਮਾ ਸੀ ਜਿਸ ਦਾ ਪਾਣੀ ਪੀਣ ਨਾਲ ਜੀਵ ਅਮਰ ਹੋ ਜਾਂਦਾ ਹੈ ਅਤੇ ਉਸ ਨੂੰ ਸਦੀਵੀ ਜੀਵਨ ਦੀ ਪ੍ਰਾਪਤੀ ਹੋ ਜਾਂਦੀ ਹੈ। ਕਹਿੰਦੇ ਹਨ ਕਿ ਸਿਕੰਦਰ ਨੇ ਜਿਸ ਸਮੇਂ ਇਸ ਚਸ਼ਮੇ ਦਾ 'ਆਬ-ਏ-ਹਯਾਤ' ਪੀਣ ਲਈ ਬੁੱਕ ਭਰਿਆ ਤਾਂ ਉਸ ਨੂੰ ਇਕ ਗੈਬੀ ਆਵਾਜ਼ ਸੁਣਾਈ ਦਿੱਤੀ ਜੋ ਕਹਿ ਰਹੀ ਸੀ ਕਿ, "ਸਿਕੰਦਰ! ਤੂੰ ਇਹ ਪਾਣੀ ਨਾ ਪੀ, ਕਿਉਂਕਿ ਮੈਂ ਵੀ ਇਹ ਪਾਣੀ ਪੀ ਬੈਠਾ ਸੀ। ਮੈਂ ਆਪਣੇ ਰੋਗੀ ਅਤੇ ਦਰਦਾਂ ਭਰੇ ਸਰੀਰ ਨਾਲ ਵਿਆਕੁਲ ਹਾਂ। ਨਾਂ ਮੈਨੂੰ ਮੌਤ ਆਉਂਦੀ ਹੈ, ਨਾਂ ਮੈਨੂੰ ਰੋਗ-ਗ੍ਰਸਤ ਸਰੀਰ ਤੋਂ ਛੁਟਕਾਰਾ ਮਿਲਦਾ ਹੈ।" ਇਸ ਤਰ੍ਹਾਂ ਸਿਕੰਦਰ ਨੂੰ ਅਸਲੀਅਤ ਦਾ ਗਿਆਨ ਹੋ ਗਿਆ ਅਤੇ ਉਸ ਨੇ ਕੌਸਰ ਦੇ ਚਸ਼ਮੇ ਤੋਂ 'ਆਬ-ਏ-ਹਯਾਤ' ਪੀਣ ਦਾ ਵਿਚਾਰ ਛੱਡ ਦਿੱਤਾ। ਮੌਤ ਤੋਂ ਅਸੀਂ ਸਾਰੇ ਡਰਦੇ ਹਾਂ, ਭਾਵੇਂ ਕੋਈ ਰੋਗੀ ਹੈ ਜਾਂ ਬੁੱਢਾ, ਅਮੀਰ ਹੈ ਜਾਂ ਨਿਰਧਨ ਜਾਂ ਹੋਰ ਕੁਦਰਤੀ ਆਫਤਾਂ ਦਾ ਮਾਰਿਆ ਹੋਇਆ ਹੈ। ਫਿਰ ਵੀ ਮਨੁੱਖ ਮਰਨਾ ਨਹੀਂ ਚਾਹੁੰਦਾ। ਉਹ ਜੀਵਨ ਲੋੜਦਾ ਹੈ। ਮਨੁੱਖ ਨੂੰ ਇਹ ਸਮਝ ਨਹੀਂ ਕਿ ਉਸ ਦਾ ਹੁਣ ਵਾਲਾ ਜੀਵਨ ਉਸ ਦਾ ਆਦਿ ਅਤੇ ਅੰਤ ਨਹੀਂ, ਸਗੋਂ ਮਨੁੱਖ ਦਾ ਇਹ ਜੀਵਨ ਮਨੁੱਖੀ ਜੀਵਨ ਦੀ ਅਨੰਦ ਗਤੀ ਅਤੇ ਅਤੁੱਟ ਵੇਗ ਦਾ ਇਕ ਛੋਟਾ ਜਿਹਾ ਭਾਗ ਹੈ। ਮਨੁੱਖ ਦੇ ਜਨਮ ਤੋਂ ਪਹਿਲਾਂ ਵੀ ਉਸ ਦੀ ਹੋਂਦ ਸੀ ਅਤੇ ਮਨੁੱਖ ਦੇ ਇਸ ਜਨਮ ਤੋਂ ਬਾਅਦ ਵੀ ਉਸ ਦੀ ਹੋਂਦ ਕਾਇਮ ਰਹੇਗੀ। ਮਨੁੱਖ ਨੂੰ ਇਸ ਸੱਚਾਈ ਦਾ ਗਿਆਨ ਨਹੀਂ। ਜਿਵੇਂ

** ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੮੭੬੦-੦੪੭੦੦*

ਅਸੀਂ ਪੁਰਾਣੇ ਕੱਪੜੇ ਉਤਾਰ ਕੇ ਨਵੇਂ ਕੱਪੜੇ ਪਹਿਨ ਲੈਂਦੇ ਹਾਂ। ਬਨਸਪਤੀ ਦੇ ਸੰਸਾਰ ਵਿਚ ਰੁੱਤਾਂ ਦੇ ਬਦਲਣ ਨਾਲ ਰੁੱਖਾਂ ਦੇ ਪੁਰਾਣੇ ਪੱਤੇ ਝੜ ਜਾਂਦੇ ਹਨ। ਇਸ ਤਰ੍ਹਾਂ ਹੀ ਇਸ ਜੀਵਨ ਦਾ ਅੰਤ ਹੋਣ ਨਾਲ ਮਨੁੱਖੀ ਆਤਮਾ ਦਾ ਅੰਤ ਨਹੀਂ ਹੁੰਦਾ। ਜਿਸ ਮੌਤ ਤੋਂ ਅਸੀਂ ਡਰਦੇ ਹਾਂ ਉਸ ਮੌਤ ਦੇ ਸੰਬੰਧ ਵਿਚ ਭਗਤ ਕਬੀਰ ਜੀ ਫੁਰਮਾਉਂਦੇ ਹਨ:

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬੫)*

ਮੌਤ ਦੇ ਸਬੰਧ ਵਿਚ ਡਾ. ਇਕਬਾਲ ਦਾ ਇੱਕ ਸ਼ੇਅਰ ਹੈ ਜਿਸ ਵਿਚ ਉਸ ਨੇ ਜੀਵ ਨੂੰ ਮੌਤ ਦੀ ਹਕੀਕਤ ਸਮਝਾਉਣ ਦਾ ਯਤਨ ਕੀਤਾ ਹੈ:-

*ਮੌਤ ਤਜ ਦੀਏ ਹਯੀਤ ਜਾਵਿਦਾ ਕਾ ਨਾਮ ਹੈ।*
*ਖ਼ਾਣ ਕੇ ਪਰਦੇ ਮੇਂ ਬੇਦਾਰੀ ਕਾ ਇਕ ਪੈਗਾਮ ਹੈ।*

ਮਨੁੱਖ ਆਪਣੇ ਸਰੀਰਕ ਜੀਵਨ ਨੂੰ ਸਦੀਵੀ ਬਣਾਉਣਾ ਚਾਹੁੰਦਾ ਹੈ। ਭਾਵ ਗੈਬੀ ਆਵਾਜ਼ ਭਾਵ ਉਸ ਦਾ ਆਤਮਿਕ ਅਨੁਭਵ ਜਾਂ ਬਿਬੇਕ ਬੁੱਧੀ ਉਸ ਨੂੰ ਸਮਝਾਉਂਦੀ ਹੈ ਕਿ ਇਹ ਸਰੀਰਕ ਜੀਵਨ ਦੁੱਖਾਂ-ਦਰਦਾਂ ਨਾਲ ਭਰਿਆ ਹੈ। ਜੇ ਗੱਲ ਪੈ ਗਿਆ ਤਾਂ ਇਹ ਗਲ਼ੋਂ ਨਹੀਂ ਲਹਿਣਾ।

ਮਨੁੱਖ ਇਸ ਗੱਲੋਂ ਬੇ-ਖ਼ਬਰ ਹੈ ਕਿ ਪਰਮਾਤਾ ਦੀ ਅੰਸ਼ ਹੋਣ ਕਰਕੇ ਉਸ ਦਾ ਜੀਵਨ ਹੈ ਹੀ ਸਦੀਵੀ। ਉਹ ਆਪਣੇ ਇਸ ਸਦੀਵੀ ਜੀਵਨ ਦੇ ਵਿਚਾਰ ਤੋਂ ਖੁੰਝ ਕੇ ਸਰੀਰ ਦੀ ਮਿੱਟੀ ਵਿਚ ਰੁਲ਼ ਰਿਹਾ ਹੈ। ਇਸ ਸਰੀਰ ਦੀ ਸਥਿਤੀ ਦਾ ਵਰਣਨ ਤਾਂ ਬਾਣੀ ਵਿਚ ਇਸ ਤਰ੍ਹਾਂ ਹੋਇਆ ਹੈ:

*ਜਲ ਕੀ ਭੀਤਿ ਪਵਨ ਕਾ ਥੰਬਾ ਰਕਤ ਬੁੰਦ ਕਾ ਗਾਰਾ॥*
*ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੯)*

ਇਸ ਸਰੀਰ ਵਿਚ ਆਉਣ ਸਮੇਂ ਮਨੁੱਖ ਆਪਣੇ ਪੈਦਾ ਕਰਨ ਵਾਲੇ ਨਾਲ ਕੋਈ ਵਾਅਦਾ ਕਰ ਕੇ ਆਇਆ ਸੀ ਅਤੇ ਵਾਅਦਾ ਇਹ ਸੀ ਕਿ ਮੈਂ ਤੈਨੂੰ (ਪਰਮਾਤਮਾ ਨੂੰ) ਹਮੇਸ਼ਾ ਯਾਦ ਰੱਖਾਂਗਾ, ਭੁਲਾਵਾਂਗਾ ਨਹੀਂ। ਪਰ ਇੱਥੇ ਆ ਕੇ ਮਨੁੱਖ ਆਪਣੇ ਉਸ ਵਾਅਦੇ ਨੂੰ ਭੁੱਲ ਬੈਠਾ ਹੈ:

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੧)*

ਗੁਰਮਤਿ ਨੇ ਬੇ-ਖ਼ਬਰ ਅਤੇ ਸੁੱਤੇ ਹੋਏ ਮਨੁੱਖ ਨੂੰ ਜਗਾ ਕੇ ਉਸ ਦੇ ਕੀਤੇ ਵਾਅਦੇ ਦਾ ਚੇਤਾ ਕਰਾਇਆ ਹੈ ਅਤੇ ਉਸ ਨੂੰ ਰੱਬ ਨਾਲ ਜੋੜਿਆ ਹੈ:

*ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥*
*ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੫)*

ਨਾਮ ਕੀ ਹੈ? ਗੁਰਮਤਿ ਅਨੁਸਾਰ ਅਸਲ ਵਿਚ ਇਹ ਨਾਮ ਹੀ 'ਆਬ-ਏ-ਹਯਾਤ' ਜਾਂ 'ਅੰਮ੍ਰਿਤ' ਹੈ। ਜਿਵੇਂ ਕਿ ਗੁਰ-ਫੁਰਮਾਨ ਹੈ:

*ਹਰਿ ਕਾ ਨਾਮੁ ਅਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ॥*
*ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੯)*

ਅਤੇ ਹੋਰ ਫੁਰਮਾਇਆ ਹੈ:

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥*
*ਮਨ ਸੁਕਾ ਹਰਿਆ ਹੋਆ ਮੇਰੀ ਜਿੰਦੁੜੀਏ*
*ਹਰਿ ਹਰਿ ਨਾਮੁ ਧਿਆਏ ਰਾਮ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੫੩੮)*

'ਆਬ-ਏ-ਹਯਾਤ' ਜਾਂ 'ਅੰਮ੍ਰਿਤ' ਤਾਂ ਪਰਮਾਤਮਾ ਦਾ ਨਾਮ ਹੀ ਹੈ। ਇਸ ਨੂੰ ਜਪਣ ਨਾਲ ਅਤੇ ਸੇਵਨ ਨਾਲ ਹਉਮੈਂ ਅਤੇ ਮਾਇਆ ਦੀ ਬਿਖ ਦੂਰ ਹੋ ਜਾਂਦੀ ਹੈ। ਮਨੁੱਖ ਦੁਬਿਧਾ ਵਿੱਚੋਂ ਨਿਕਲ ਜਾਂਦਾ ਹੈ। ਉਸ ਦਾ ਸੁੱਕਾ ਮਨ ਹਰਾ ਹੋ ਜਾਂਦਾ ਹੈ। ਸਤਿਗੁਰਾਂ ਦਾ ਫੁਰਮਾਨ ਹੈ:

*ਅਪੁਨੇ ਗੁਰ ਮਿਲਿ ਰਹੀਐ ਅੰਮ੍ਰਿਤੁ ਗਹੀਐ ਦੁਬਿਧਾ ਮਾਰਿ ਨਿਵਾਰੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੪੪)*

ਅੰਮ੍ਰਿਤ-ਪਾਨ ਕਰਨ ਨਾਲ ਮਨੁੱਖ ਨੂੰ ਸਰੀਰਕ ਰੂਪ ਵਿਚ ਸਦੀਵਤਾ ਪ੍ਰਾਪਤ ਨਹੀਂ ਹੁੰਦੀ ਸਗੋਂ ਆਤਮਿਕ ਜੀਵਨ ਦੀ ਸਦੀਵਤਾ ਪ੍ਰਾਪਤ ਹੁੰਦੀ ਹੈ। ਮਨੁੱਖ ਨੂੰ ਅੰਮ੍ਰਿਤ ਦਾ ਅਧਿਕਾਰੀ ਬਣਾਉਣ ਲਈ ਹੀ ਗੁਰੂ ਜੋਤਿ ਨੇ ਦਸ ਜਾਮੇ ਧਾਰਨ ਕੀਤੇ ਅਤੇ ਗੁਰੂ ਜੀ ਨੂੰ ਜਦ ਇਹ ਨਿਸਚਾ ਹੋ ਗਿਆ ਕਿ ਹੁਣ ਸਿੱਖ ਗੁਰੂ ਅੱਗੇ ਆਪਣਾ ਤਨ, ਮਨ ਅਤੇ ਧਨ ਅਰਪਣ ਕਰਨ ਲਈ ਤਿਆਰ ਹੈ ਅਤੇ ਗੁਰੂ ਦੇ ਪਿਆਰ ਦੀ ਖੇਡ ਖੇਡਣ ਲਈ ਆਪਣਾ ਸੀਸ ਤਲੀ ਉੱਤੇ ਧਰ ਕੇ ਪਿਆਰੇ ਦੀ ਗਲੀ ਵਿਚ ਆਉਣ ਲਈ ਤਤਪਰ ਹੈ ਤਾਂ ਸਤਿਗੁਰਾਂ ਨੇ ੧ ਵੈਸਾਖ, ੧੭੫੬ ਬਿਕ੍ਰਮੀ ਦੀ ਵੈਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਅਸਥਾਨ 'ਤੇ (ਜਲ) ਪਾਣੀ ਤੇ ਬਾਣੀ ਦੇ ਸੁਮੇਲ ਨਾਲ (ਵਿਚ ਪਤਾਸੇ ਪਾ ਕੇ) ਖੰਡੇ-ਬਾਟੇ ਦਾ 'ਅੰਮ੍ਰਿਤ' ਤਿਆਰ ਕੀਤਾ ਅਤੇ ਪੰਜ ਪਿਆਰਿਆਂ ਨੂੰ ਅੰਮ੍ਰਿਤ-ਪਾਨ ਕਰਵਾ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ। ਗੁਰੂ ਜੀ ਨੇ ਉਸ ਸਮੇਂ ਬੀਰ-ਰਸੀ ਜਲਾਲ ਵਿਚ ਨੰਗੀ ਕਿਰਪਾਨ ਹੱਥ ਵਿਚ ਫੜ ਕੇ ਹਜ਼ਾਰਾਂ ਦੀ ਗਿਣਤੀ ਵਿਚ ਜੁੜ ਬੈਠੀ ਸੰਗਤ ਵਿੱਚੋਂ ਇੱਕ ਸਿਰ ਦੀ ਮੰਗ ਕੀਤੀ। ਸਾਰੇ ਦੀਵਾਨ ਵਿਚ ਸੰਨਾਟਾ ਛਾ ਗਿਆ। ਸਭ

ਤੋਂ ਪਹਿਲਾਂ ਲਾਹੌਰ ਨਿਵਾਸੀ ਭਾਈ ਦਇਆ ਰਾਮ ਖੱਤਰੀ ਉੱਠਿਆ ਅਤੇ ਉਸ ਨੇ ਗੁਰੂ ਅੱਗੇ ਆਪਣਾ ਸੀਸ ਅਰਪਨ ਕੀਤਾ। ਇਉਂ ਪੰਜ ਵਾਰ ਗੁਰੂ ਜੀ ਵੱਲੋਂ ਇਹ ਮੰਗ ਦੁਹਰਾਏ ਜਾਣ ’ਤੇ ਉਹ ਪੰਜ ਮਰਜੀਵੜੇ ਵਾਰੀ-ਵਾਰੀ ਉੱਠੇ ਜਿਨ੍ਹਾਂ ਨੂੰ ਅਸੀਂ ‘ਪੰਜ ਪਿਆਰੇ’ ਕਹਿ ਕੇ ਸਤਿਕਾਰ ਨਾਲ ਯਾਦ ਕਰਦੇ ਹਾਂ, ਇਹ ਪੰਜ ਹਨ- ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ। ਸੀਸ ਭੇਟ ਕਰਨ ਵਾਲੇ ਇਨ੍ਹਾਂ ਪੰਜਾਂ ਨੂੰ ਸ਼ਸਤਰਾਂ-ਵਸਤਰਾਂ ਨਾਲ ਸਜਾ ਕੇ ਗੁਰੂ ਜੀ ਨੇ ਤੰਬੂ ਵਿੱਚੋਂ ਬਾਹਰ ਲਿਆਂਦਾ। ਖੰਡੇ-ਬਾਟੇ ਦੇ ਅੰਮ੍ਰਿਤ ਦੀ ਦਾਤ ਬਖਸ਼ੀ ਅਤੇ ਇਨ੍ਹਾਂ ਨੂੰ ਸਿੰਘ ਸਜਾਇਆ ਅਤੇ ਖਾਲਸੇ ਨੂੰ ਆਪਣਾ ਖਾਸ ਰੂਪ ਕਿਹਾ:

*ਖਾਲਸਾ ਮੇਰੋ ਰੂਪ ਹੈ ਖਾਸ॥*
*ਖਾਲਸੇ ਮਹਿ ਹੌ ਕਰੌਂ ਨਿਵਾਸ॥* *(ਖਾਲਸਾ ਮਹਿਮਾ)*

ਪੰਜ ਪਿਆਰੇ ਸਾਜਨ ਲਈ ਪੰਜ ਬਾਣੀਆਂ ਪੜ੍ਹੀਆਂ ਗਈਆਂ। ਪੰਜ ਹੀ ਜੈਕਾਰੇ ਛੱਡੇ ਗਏ। ਇਨ੍ਹਾਂ ਪੰਜਾਂ ਨੇ ਪੰਜਾਂ ਤੱਤਾਂ ਦੀ ਹਉਮੈਂ ਤਿਆਗੀ ਅਤੇ ਪੰਜ ਵਿਕਾਰਾਂ ਨੂੰ ਦਲ ਮਲ ਕੇ ਪ੍ਰਚੰਡ ਖਾਲਸਈ ਰੂਪ ਧਾਰਨ ਕੀਤਾ। ਔਰੰਗਜ਼ੇਬ ਦੇ ਮੁਖਬਰੀ ਵੱਲੋਂ ਬਾਦਸ਼ਾਹ ਨੂੰ ਭੇਜੀ ਗਈ ਖੁਫ਼ੀਆ ਰਿਪੋਰਟ ਅਨੁਸਾਰ ਦਿਨ੍ਹਾਂ ਵਿਚ ਹੀ ਹਜ਼ਾਰਾਂ ਸਿੱਖ ਅੰਮ੍ਰਿਤ-ਪਾਨ ਕਰ ਕੇ ਸਿੰਘ ਸਜ ਗਏ। ਗੁਰੂ ਸਾਹਿਬ ਨੇ ਖਾਲਸੇ ਨੂੰ ਆਪਣਾ ਸਰੀਰਿਕ ਰੂਪ ਬਖਸ਼ਿਆ:

*ਬਖਸ਼ ਕੀਓ ਖਾਲਸ ਕਉ ਜਾਮਾ॥*

ਆਪਣੇ ਹੱਥੀਂ ਤਿਆਰ ਕੀਤੇ ਖਾਲਸੇ ਅੱਗੇ ਗੁਰੂ ਸਾਹਿਬ ਨੇ ਆਪ ਝੋਲੀ ਅੱਡ ਕੇ ‘ਅੰਮ੍ਰਿਤ’ ਦੀ ਦਾਤ ਮੰਗੀ ਅਤੇ ਖਾਲਸੇ ਨੂੰ ਇਹ ਵਿਸ਼ਵਾਸ ਦਿਵਾਇਆ ਕਿ ਮੈਂ ਸਮਾਂ ਆਉਣ ’ਤੇ ਨਾ ਕੇਵਲ ਆਪਣਾ ਆਪ ਹੀ ਬਲਕਿ ਆਪਣਾ ਸਰਬੰਸ ਵੀ ਖਾਲਸੇ ਉੱਤੋਂ ਨਿਛਾਵਰ ਕਰ ਦੇਵਾਂਗਾ। ਕਿਸੇ ਇਤਿਹਾਸਕਾਰ ਨੇ ਇਸ ਘਟਨਾ ਦਾ ਵਰਣਨ ਕਰਦਿਆਂ ਲਿਖਿਆ ਹੈ, “ਗੁਰੂ ਸਿੱਖਾਂ ਨੂੰ ਅੰਮ੍ਰਿਤ ਛਕਾ ਰਿਹਾ ਹੈ ਅਤੇ ਸਿੱਖ ਗੁਰੂ ਨੂੰ।” ਇਸ ਤਰ੍ਹਾਂ ਧਰਮ ਦੇ ਖੇਤਰ ਵਿਚ ਗੁਣਤੰਤਰੀ ਲੋਕਤੰਤਰ ਦਾ ਇੱਕ ਨਵਾਂ ਤਜ਼ਰਬਾ ਹੋਇਆ। ਅਹਿਮਦ ਸ਼ਾਹ ਅਬਦਾਲੀ ਦਾ ਇਕ ਸੂਹੀਆ ਸਿੰਘਾਂ ਦੀ ਬੀਰਤਾ ਦਾ ਭੇਦ ਉਸ ਨੂੰ ਇਉਂ ਦੱਸਦਾ ਹੈ:

*ਮੁਰਸ਼ਦ ਇਨਕਾ ਬਲੀ ਭਇਉ ਹੈ, ਇਨ ਕੋ ਆਬੇ ਹਯਾਤ ਦਇਉ ਹੈ,*
*ਗਜਬ ਅਸਰ ਤਿਸ ਕਾ ਹਮ ਦੇਖਾ, ਬੁਜਦਿਲ ਹੋਵਤ ਸ਼ੇਰ ਬਿਸੇਖਾ,*
*ਕਾਣ ਨਾ ਕਾਹੂੰ ਕੀ ਇਹ ਰਾਖਤ, ਸ਼ਹਿਨਸ਼ਾਹ ਖੁਦ ਹੀ ਕੋ ਭਾਖਤ,*
*ਔਰ ਸਭਨ ਕੌ ਜੋਨ ਚੌਰਾਸੀ, ਮਾਨਤ ਆਪਨ ਤਾਹਿ ਅਬਿਨਾਸੀ।*

ਖਾਲਸਾ ਧਰਤੀ ਉੱਪਰ ਰੱਬ ਰੂਪ ਹੋ ਕੇ ਵਿਚਰਦਾ ਹੈ। ਭਾਈ ਰਤਨ ਸਿੰਘ

(ਭੰਗੂ) ਨੇ ਖਾਲਸੇ ਦੇ ਗੁਣਾਂ ਦਾ ਵਰਣਨ ਕਰਦਿਆਂ ਲਿਖਿਆ ਹੈ:

*ਖਾਲਸਾ ਹੋਵੈ ਖੁਦ ਖੁਦਾ ਜਿਮ ਖੂਬੀ ਖੂਬ ਖੁਦਾਇ।*
*ਆਨ ਨ ਮਾਨੈ ਆਨ ਕੀ ਇਕ ਬਿਨ ਸੱਚੇ ਪਾਤਿਸ਼ਾਹੇ।*

ਖਾਲਸੇ ਦੇ ਸਾਜਣਹਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸੇ ਦੀ ਮਹਿਮਾ ਦਾ ਵਰਣਨ ਆਪਣੇ ਇਨ੍ਹਾਂ ਸ਼ਬਦਾਂ ਦੁਆਰਾ ਕੀਤਾ ਹੈ:

*ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹੌ ਕਰੌਂ ਨਿਵਾਸ॥...*
*ਖਾਲਸਾ ਮੇਰੋ ਪਿੰਡ ਪ੍ਰਾਨ। ਖਾਲਸਾ ਮੇਰੀ ਜਾਨ ਕੀ ਜਾਨ॥*
*ਖਾਲਸਾ ਮੇਰੋ ਸਤਿਗੁਰ ਪੂਰਾ। ਖਾਲਸਾ ਮੇਰੋ ਸਜਨ ਸੂਰਾ॥*

ਗੁਰੂ ਸਾਹਿਬ ਨੇ ਇਹ ਜਾਣ ਕੇ ਕਿ ਕਿਧਰੇ ਉਨ੍ਹਾਂ ਦੇ ਸ਼ਬਦਾਂ ਨੂੰ ਇਕ ਕਾਵਿਕ ਅਤਿਕਥਨੀ ਨਾ ਸਮਝ ਲਿਆ ਜਾਵੇ; ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਪਾਰਬ੍ਰਹਮ ਪਰਮਾਤਮਾ ਨੂੰ ਸਾਖੀ ਜਾਣ ਕੇ ਆਪਣੇ ਵਿਸ਼ਵਾਸ ਦਾ ਪ੍ਰਗਟਾਵਾ ਇੰਝ ਕੀਤਾ ਹੈ:-

*ਯਾ ਮੈ ਰੰਚ ਨ ਮਿਥਿਆ ਭਾਖੀ॥*
*ਪਾਰਬ੍ਰਹਮ ਗੁਰ ਨਾਨਕ ਸਾਖੀ॥*

ਭਾਵ ਮੈਂ ਅਕਾਲ ਪੁਰਖ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹਾਜ਼ਰ ਜਾਣ ਕੇ ਇਹ ਕਹਿ ਰਿਹਾ ਹਾਂ ਕਿ ਮੈਂ ਖਾਲਸੇ ਦੀ ਮਹਿਮਾ ਦੇ ਇਹ ਸ਼ਬਦ ਗ਼ਲਤ ਨਹੀਂ ਆਖੇ। ਸਗੋਂ ਜੋ ਕੁਝ ਮੈਂ ਕਿਹਾ ਹੈ ਉਹ ਪੂਰਨ ਸੱਚ ਹੈ। ਗੁਰੂ ਸਾਹਿਬ ਨੇ ਖਾਲਸੇ ਨੂੰ ਪੰਜ ਕਕਾਰਾਂ-ਕੇਸ, ਕਿਰਪਾਨ, ਕੰਘਾ, ਕੜਾ, ਕਛਹਿਰਾ ਦਾ ਧਾਰਨੀ ਹੋਣ ਅਤੇ ਪੰਜ ਬਾਣੀਆਂ ਦਾ ਨਿੱਤਨੇਮੀ ਬਣਨ ਦੀ ਤਾਕੀਦ ਕੀਤੀ। ਇਕ ਅਕਾਲ ਪੁਰਖ ਤੋਂ ਬਿਨਾਂ ਕਿਸੇ ਹੋਰ ਦੇਵੀ-ਦੇਵਤੇ ਦੀ ਪੂਜਾ ਨਾ ਕਰਨੀ। ਦਸਾਂ ਪਾਤਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪਵਿੱਤਰ ਬਾਣੀ ਉੱਤੇ ਅਟੁੱਟ ਨਿਸਚਾ ਰੱਖਣ ਦੀ ਤਾਕੀਦ ਕੀਤੀ ਅਤੇ ਫ਼ੁਰਮਾਇਆ:

*ਜਾਗਤਿ ਜੋਤਿ ਜਪੈ ਨਿਸਿ ਬਾਸੁਰ*
*ਏਕੁ ਬਿਨਾਂ ਮਨਿ ਨੈਕ ਨ ਆਨੈ।*
*ਪੂਰਨ ਪ੍ਰੇਮ ਪ੍ਰਤੀਤਿ ਸਜੈ*
*ਬ੍ਰਤ ਗੋਰ ਮੜ੍ਹੀ ਮਠ ਭੂਲ ਨ ਮਾਨੈ॥*
*ਤੀਰਥ ਦਾਨ ਦਯਾ ਤਪ ਸੰਜਮ*
*ਏਕੁ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤਿ ਜਗੈ ਘਟ ਮੈਂ*
*ਤਬ ਖਾਲਿਸ ਤਾਹਿੰ ਨ ਖਾਲਿਸ ਜਾਨੈ॥* *(ਸ੍ਰੀ ਦਸਮ ਗ੍ਰੰਥ ਸਾਹਿਬ)*

ਗੁਰੂ ਜੀ ਨੇ ਖਾਲਸੇ ਲਈ ਇਨ੍ਹਾਂ ਚਾਰ ਬੱਜਰ ਕੁਰਹਿਤਾਂ ਤੋਂ ਬਚੇ ਰਹਿਣ ਦਾ ਆਦੇਸ਼ ਵੀ ਦਿੱਤਾ। ਰੋਮਾਂ ਦੀ ਬੇਅਦਬੀ ਨਾ ਕਰਨੀ, ਜਗਤ ਜੂਠ ਤਮਾਕੂ ਦਾ ਸੇਵਨ

ਨਾ ਕਰਨਾ, ਪਰ ਤਨ ਗਾਮੀ ਨਾ ਹੋਣਾ ਅਤੇ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤੇ ਹਲਾਲ ਜਾਂ ਕੁੱਠਾ ਮਾਸ ਨਹੀਂ ਵਰਤਣਾ। ਖਾਲਸਈ ਰਹਿਤ ਮਰਯਾਦਾ ਨੂੰ ਭਾਈ ਨੰਦ ਲਾਲ ਜੀ ਗੋਯਾ ਨੇ ਵਿਚ ਇੰਝ ਬਿਆਨ ਕੀਤਾ ਹੈ:

*ਨਿਸ਼ਾਨਿ ਸਿਖੀ ਈਂ ਪੰਜ ਹਰਫ ਕਾਫ਼।*
*ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ।*
*ਕੜਾ, ਕਾਰਦੋ, ਕੱਛ, ਕੰਘਾ, ਬਿਦਾਂ,*
*ਬਿਲਾ ਕੇਸ ਹੇਚ ਅਸਤ ਜੁਮਲਾ ਨਿਸ਼ਾਂ॥*

ਭਾਵ ਸਿੱਖੀ ਦੀਆਂ ਪੰਜ ਨਿਸ਼ਾਨੀਆਂ ਉਹ ਹਨ, ਜਿਹੜੀਆਂ ਕੱਕੇ ਸ਼ਬਦ ਨਾਲ ਸ਼ੁਰੂ ਹੁੰਦੀਆਂ ਹਨ। ਇਨ੍ਹਾਂ ਦਾ ਤਿਆਗ ਸਿੱਖ ਲਈ ਕਦੀ ਵੀ ਮੁਆਫ ਨਹੀਂ ਹੋ ਸਕਦਾ। ਇਹ ਪੰਜ ਹਨ- ਕੜਾ, ਕਿਰਪਾਨ, ਕੱਛ (ਕਛਹਿਰਾ), ਕੰਘਾ। ਪਰ ਜੇ ਕੋਈ ਸਿੱਖ ਕੇਸਾਂ ਦੀ ਬੇਅਦਬੀ ਕਰਦਾ ਹੈ ਤਾਂ ਉਸ ਦੇ ਦੂਸਰੇ ਸਾਰੇ ਕਕਾਰ ਰੱਖਣਾ ਵਿਅਰਥ ਹੈ। ਸੋ ਸਾਧ-ਸੰਗਤ ਜੀ ਸਾਨੂੰ ਵੀ ਚਾਹੀਦਾ ਹੈ ਕਿ ਅਸੀਂ ਵੀ ਨਸ਼ੇ ਪੱਤੇ ਕਰਨ ਅਤੇ ਰੋਮਾਂ ਦੀ ਬੇਅਦਬੀ ਕਰਨ ਜਿਹੇ ਸਿੱਖ ਧਰਮ ਵਿਰੋਧੀ ਕਰਮਾਂ ਤੋਂ ਸੰਕੋਚ ਕਰੀਏ ਅਤੇ ਗੁਰੂ-ਦਰ ਉੱਤੇ ਝੋਲੀ ਅੱਡ ਕੇ ਉਸ 'ਅੰਮ੍ਰਿਤ' ਦੀ ਉਸ ਅਮੋਲਕ ਦਾਤ ਲਈ ਜਾਚਨਾ ਕਰੀਏ ਜਿਸ 'ਅੰਮ੍ਰਿਤ' ਦੀ ਪ੍ਰਾਪਤੀ ਲਈ ਦੇਵਤੇ ਅਤੇ ਮਨੁੱਖ ਤਰਸਦੇ ਹਨ ਪਰ ਉਨ੍ਹਾਂ ਨੂੰ ਨਸੀਬ ਨਹੀਂ ਹੋਇਆ:

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੮)*

ਬਾਣੀ ਅਤੇ ਬਾਣੇ ਦੇ ਧਾਰਨੀ ਬਣ ਕੇ ਸਤਿਗੁਰਾਂ ਦੇ ਦਰ-ਘਰ ਦੇ ਸੱਚੇ-ਸੁੱਚੇ ਸੇਵਕ ਬਣੀਏ; ਕਿਉਂਕਿ ਸਤਿਗੁਰਾਂ ਦਾ ਫੁਰਮਾਨ ਵੀ ਹੈ:

*-ਰਹਿਣੀ ਰਹਹਿ ਸੋਈ ਸਿਖ ਮੇਰਾ।*
*ਵਹ ਠਾਕੁਰ ਮੈਂ ਉਸ ਕਾ ਚੇਰਾ॥...*
*-ਰਹਿਤ ਬਿਨਾਂ ਨਹਿ ਸਿਖ ਕਹਾਵੈ*
*ਰਹਿਤ ਬਿਨਾਂ ਦਰ ਚੋਟਾ ਖਾਵੈ॥*

■

# ਵਿਸ਼ਵ ਸੁਰੱਖਿਆ ਕੌਂਸਲ ਅਤੇ ਵਿਸ਼ਵ ਮਨੁੱਖੀ ਅਧਿਕਾਰ ਕੌਂਸਲ ਦੀ ਸਾਰਥਿਕਤਾ?

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਦੂਜੇ ਵਿਸ਼ਵ ਯੁੱਧ ਵਿਚ ਸੰਨ ੧੯੩੯-੧੯੪੫ ਸਮੇਂ ੬ ਅਤੇ ੮ ਅਗਸਤ, ੧੯੪੫ ਈ. ਨੂੰ ਅਮਰੀਕਾ ਵੱਲੋਂ ਨਾਗਾਸਾਕੀ ਅਤੇ ਹੀਰੋਸ਼ੀਮਾ ਵਿਖੇ ਦੋ ਹਾਈਡਰੋਜਨ ਬੰਬ ਸੁੱਟੇ ਗਏ ਸਨ। ਬਹੁਤ ਭਾਰੀ ਜਾਨੀ-ਮਾਲੀ ਨੁਕਸਾਨ ਹੋਇਆ। ਉਸ ਯੁੱਧ ਦੀਆਂ ਮਾਰੂ ਨਿਸ਼ਾਨੀਆਂ ਹੁਣ ਵੀ ਕਾਇਮ ਹਨ ਜੋ ਮਨੁੱਖਤਾ ਉੱਤੇ ਕਾਲਾ ਧੱਬਾ ਹਨ। ਮਹਾਂਯੁੱਧ ਦੇ ਖਤਮ ਹੋਣ ਉਪਰੰਤ ਇਹ ਨਿਮਨ ਸੰਸਥਾਵਾਂ ਹੋਂਦ ਵਿਚ ਆਈਆਂ ਜੋ ਹੁਣ ਬੇਅਰਥ ਹੋ ਕੇ ਰਹਿ ਗਈਆਂ ਹਨ। United Nations Security Council ੨੪ ਅਕਤੂਬਰ, ੧੯੪੫ ਵਿਚ ਬਣੀ ਸੀ। ਇਹ United Nations ਦਾ ਇੱਕ ਮੁੱਖ ਅੰਗ ਹੈ।

ਇਸ ਦਾ ਕੇਂਦਰੀ ਦਫ਼ਤਰ: United Nations Headquarters, New York City, United States ਵਿਚ ਹੈ। ਇਸ ਦਾ ਮੁੱਖ ਕੰਮ ਦੁਨੀਆ ਵਿਚ ਅੰਤਰਰਾਸ਼ਟਰੀ ਅਮਨ ਅਤੇ ਸੁਰੱਖਿਆ ਬਣਾਈ ਰੱਖਣਾ ਹੈ। Security Council ਵਿਚ ੧੫ ਮੈਂਬਰ ਦੇਸ਼ ਹੁੰਦੇ ਹਨ (੫ ਸਥਾਈ ਅਤੇ ੧੦ ਅਸਥਾਈ) ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨਾਲ ਆਮ ਤੌਰ 'ਤੇ ਭਾਵ United Nations Commission on Human Rights ਤੋਂ ਹੁੰਦਾ ਹੈ। ਇਸ ਦੀ ਸਥਾਪਨਾ ੧੯੪੬ ਈ. ਵਿਚ ਹੋਈ ਸੀ। ਇਹ ਕਮਿਸ਼ਨ United Nations ਵੱਲੋਂ ਬਣਾਇਆ ਗਿਆ ਸੀ। ਇਸ ਦਾ ਕੇਂਦਰੀ ਦਫ਼ਤਰ Geneva, Switzerland ਵਿਚ ਸਥਿਤ ਹੈ। ਇਹ ਸੰਸਥਾ ਦੁਨੀਆ ਭਰ ਵਿਚ ਮਨੁੱਖੀ ਅਧਿਕਾਰਾਂ ਦੀ ਰੱਖਿਆ ਅਤੇ ਉਨ੍ਹਾਂ ਦੀਆਂ ਉਲੰਘਣਾਵਾਂ ਦੀ ਜਾਂਚ ਲਈ ਕੰਮ ਕਰਦੀ ਸੀ। ਬਾਅਦ ਵਿਚ ਸੰਨ ੨੦੦੬ ਵਿਚ ਇਸ ਦੀ ਥਾਂ United Nations Human Rights Council ਨੇ ਲੈ ਲਈ।

੨੮ ਫਰਵਰੀ, ੨੦੨੬ ਈ. ਤੋਂ ਅਮਰੀਕਾ ਅਤੇ ਈਰਾਨ ਦਰਮਿਆਨ ਭਿਅੰਕਰ ਯੁੱਧ ਚੱਲ ਰਿਹਾ ਹੈ। ਹਜ਼ਾਰਾਂ ਹੀ ਨਿਰਦੋਸ਼ ਲੋਕ ਮਾਰੇ ਜਾ ਚੁੱਕੇ ਹਨ। ਅਰਬਾਂ-ਖਰਬਾਂ ਦੀਆਂ ਜਾਇਦਾਦਾਂ ਆਦਿ ਤਬਾਹ ਹੋ ਚੁੱਕੀਆਂ ਹਨ। ਕੋਈ ਵਿਚੋਲਾ ਬਣ ਕੇ ਯੁੱਧਬੰਦੀ ਕਰਾਉਣ ਦੇ ਸਮਰੱਥ ਹੀ ਨਹੀਂ ਹੈ। ੧੯੧੪-੧੯੧੯ ਈ. ਦੇ ਪਹਿਲੇ ਵਿਸ਼ਵ ਯੁੱਧ ਅਤੇ ਫਿਰ ੧੯੩੯-੧੯੪੫ ਈ. ਦੇ ਦੂਸਰੇ ਵਿਸ਼ਵ ਯੁੱਧ ਅਤੇ ਹੁਣ ੨੮ ਫਰਵਰੀ, ੨੦੨੬ ਈ. ਤੋਂ ਅਮਰੀਕਾ-ਇਜ਼ਰਾਈਲ ਅਤੇ ਈਰਾਨ ਦੇ ਯੁੱਧ ਵਿਚ ਕੋਈ ਲੋਕ ਭਲਾਈ ਦੇ ਮਸਲੇ ਨਹੀਂ ਸਗੋਂ ਵਿਸ਼ਵ ਨੇਤਾ ਬਣਨ ਦਾ ਗੰਭੀਰ

*ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੯੧੫੮੦੫੧੦੦

ਮਾਮਲਾ ਹੈ ਅਤੇ ਉਸ ਦੀ ਪ੍ਰਾਪਤੀ ਲਈ ਹੀ ਸਾਰਾ ਕੁਝ ਕੀਤਾ ਜਾ ਰਿਹਾ ਹੈ।

ਵਿਸ਼ਵ ਦਾ ਇਤਿਹਾਸ ਗਵਾਹ ਹੈ ਕਿ ਸਮੇਂ-ਸਮੇਂ ਵਿਸ਼ਵ ਜੇਤੂ ਬਣਨ ਲਈ ਮੁਹੰਮਦ ਬਿਨ ਕਾਸਿਮ, ਮਹਿਮੂਦ ਗਜ਼ਨਵੀ, ਡੇਰੀਅਰਸ, ਸਿਕੰਦਰ-ਏ-ਆਜ਼ਮ, ਨਪੋਲੀਅਨ ਬੋਨਾਪਾਰਟ, ਹਿਟਲਰ, ਮੁਸੋਲੀਨੀ, ਬਿਸਮਾਰਕ, ਜੂਲੀਅਸ ਸ਼ੀਜ਼ਰ, ਚੰਗੇਜ਼ ਖਾਨ ਅਨੇਕਾਂ ਹੀ ਜਾਬਰ ਅਤੇ ਜਾਲਮ ਦੁਨੀਆ ਵਿਚ ਆਏ ਅਤੇ ਵਿਸ਼ਵ ਜੇਤੂ ਹੋਣ ਦਾ ਸੁਪਨਾ ਪੂਰਾ ਕਰਦੇ-ਕਰਦੇ ਭਾਰੀ ਤਬਾਹੀ ਮਚਾ ਕੇ ਅੰਤ ਨੂੰ ਮੌਤ ਤੋਂ ਹਾਰ ਕੇ ਹੱਥ ਮਲਦੇ-ਮਲਦੇ ਖਾਲੀ ਹੱਥ ਚਲੇ ਗਏ। ਠੀਕ ਹੀ ਕਿਹਾ ਹੈ, "*ਦੌਰੇ ਸਿਕੰਦਰ ਹੋ ਯਾ ਦੌਰੇ ਚੰਗੇਜੀ, ਮਿਟੇ ਨਾਮੀਓ ਕੇ ਨਾਮ ਫਿਰ ਕੈਸੇ ਕੈਸੇ*"(ਅਲ੍ਹਾਮਾ ਇਕਬਾਲ) ਅਜਿਹੇ ਜਾਬਰ ਅਜੋਕੇ ਸਮੇਂ ਵਿਚ ਵੀ ਮੌਜੂਦ ਹਨ ਜੋ ਦੁਨੀਆ ਨੂੰ ਵਧੀਆ ਅਤੇ ਜਿਊਣਯੋਗ ਬਣਾਉਣ ਲਈ ਨਹੀਂ ਸਗੋਂ ਵਿਨਾਸ਼ ਕਰਨ ਉੱਤੇ ਤੁਲੇ ਹੋਏ ਹਨ। ਅਜੋਕੇ ਅਮਰੀਕਾ ਈਰਾਨ ਯੁੱਧ ਦਾ ਰਾਜ ਵੀ ਇਹੋ ਹੀ ਹੈ। ਦੋਹਾਂ ਦੇਸ਼ਾਂ ਦੇ ਹੰਕਾਰੀ ਨੇਤਾਵਾਂ ਨੇ ਧਰਤੀ ਉੱਤੇ ਨਿਰਦੋਸ਼ ਲੋਕਾਂ ਦੇ ਖ਼ੂਨ ਦੀ ਨਦੀਆਂ ਵਹਾ ਦਿੱਤੀਆਂ ਹਨ।

ਸੰਨ ੧੯੪੮, ੧੯੬੫, ੧੯੭੧, ੧੯੯੯ ਹਿੰਦ-ਪਾਕਿ ਜੰਗ ੧੯੬੨-੨੦੨੦ ਹਿੰਦ-ਚੀਨ ਜੰਗ ਵੀ ਲੱਗੇ, ਉਦੋਂ ਵੀ ਬਹੁਤ ਜਾਨੀ-ਮਾਲੀ ਤਬਾਹੀ ਹੋਈ ਪਰੰਤੂ ਇਨ੍ਹਾਂ ਦੋਹਾਂ ਸੰਸਥਾਵਾਂ ਨੇ ਉਦੋਂ ਵੀ ਕੁਝ ਨਹੀਂ ਕੀਤਾ। ੨ ਤੋਂ ੬ ਜੂਨ ੧੯੮੪ ਈ. ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਢਹਿ-ਢੇਰੀ ਕਰ ਦਿੱਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਅਤੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੋਲੀਆਂ ਦਾਗੀਆਂ ਗਈਆਂ, ਹਜ਼ਾਰਾਂ ਨਿਰਦੋਸ਼ਾਂ ਦਾ ਖ਼ੂਨ ਬੜੀ ਦਰਿੰਦਗੀ ਅਤੇ ਬੇਰਹਿਮੀ ਨਾਲ ਵਹਾ ਦਿੱਤਾ ਗਿਆ। ੧੫ ਸਾਲ ਸਿੱਖ ਨੌਜੁਆਨਾਂ ਦਾ ਖ਼ੂਨ ਵੀ ਬੜੀ ਦਰਿੰਦਗੀ ਅਤੇ ਬੇਰਹਿਮੀ ਨਾਲ ਵਹਾ ਦਿੱਤਾ ਗਿਆ। ੧੫ ਸਾਲ ਸਿੱਖ ਨੌਜੁਆਨਾਂ ਦੇ ਖ਼ੂਨ ਦੀ ਹੋਲੀ ਖੇਡੀ ਜਾਂਦੀ ਰਹੀ। ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਉਪਰੰਤ ਉਸ ਦੇ ਪੁੱਤਰ ਅਤੇ ਦੇਸ਼ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਇਸ਼ਾਰੇ ਉੱਤੇ ਸਿੱਖਾਂ ਨੂੰ ਦਿੱਲੀ ਸਮੇਤ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਸਿੱਖ ਨੌਜੁਆਨਾਂ, ਬੁੱਢਿਆਂ, ਬੀਬੀਆਂ, ਬੱਚਿਆਂ ਨੂੰ ਗਲ਼ਾਂ ਵਿਚ ਟਾਇਰ ਪਾ ਕੇ ਸਾੜਿਆ ਗਿਆ,ਪਰ ਇਹ ਦੋਵੇਂ ਸੰਸਥਾਵਾਂ ਸੁੱਤੀਆਂ ਹੀ ਰਹੀਆਂ।

ਇਹ ਦੋਵੇਂ ਸੰਸਥਾਵਾਂ ਕਾਗਜੀ ਸ਼ੇਰ ਤੋਂ ਵੱਧ ਕੁਝ ਨਹੀਂ ਹਨ। ਕਿਉਂਕਿ ਇਹ ਬੇਅਰਥ ਹੋ ਗਈਆਂ ਹਨ। ਹੁਣ ਸਿਕਿਓਰਿਟੀ ਕੌਂਸਲ ਦੇ ਮੁਖੀ ਮਿ. ਐਨਟੋਨੀਓ (Mr. Antonio) ਵੀ ਮੰਨ ਰਹੇ ਹਨ ਕਿ ਪੰਜ ਵੱਡੇ ਸ਼ਕਤੀਸ਼ਾਲੀ ਮੁਲਕਾਂ ਪਾਸ (Veto power) ਵੀਟੋ ਪਾਵਰ ਹੋਣ ਕਾਰਨ ਇਹ ਦੋਵੇਂ ਸੰਸਥਾਵਾਂ ਬੇਅਰਥ ਹੋ ਕੇ ਰਹਿ ਗਈਆਂ ਹਨ। ਐਸਾ ਬਿਆਨ ਨਿਸਚੇ ਹੀ ਮਿ. ਗੁਟੇਰੇਸ ਦੀ ਡੂੰਘੀ ਨਿਰਾਸ਼ਤਾ ਅਤੇ ਬੇਵਸੀ ਕਾਰਨ ਹੀ ਦਿੱਤਾ ਗਿਆ ਹੈ। ਇਨ੍ਹਾਂ ਦੋਹਾਂ ਸੰਸਥਾਵਾਂ ਨੂੰ ਭੰਗ ਕਰ ਕੇ ਦੋਵੇਂ ਵਿਸ਼ਾਲ ਅਤੇ ਸਾਰਥਕ ਸੰਸਥਾਵਾਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਇਨ੍ਹਾਂ ਪ੍ਰਸਤਾਵਿਤ ਕੌਂਸਲਾਂ ਤਥਾ ਸੰਸਥਾਵਾਂ ਦੇ ਫੈਸਲੇ (Veto power) ਵੀਟੋ

ਪਾਵਰ ਰਾਹੀਂ ਨਹੀਂ, ਸਗੋਂ ਫੈਸਲੇ ਲੋਕਤੰਤਰੀ ਢੰਗ ਨਾਲ ਸਰਬ-ਸੰਮਤੀ ਜਾਂ ਘੱਟੋ ਘੱਟ ਬਹੁਸੰਮਤੀ ਨਾਲ ਹੀ ਹੋਣੇ ਚਾਹੀਦੇ ਹਨ ਤਾਂ ਹੀ ਇਹ ਸੰਸਥਾ ਅਰਥ-ਭਰਪੂਰ ਹੋ ਸਕੇਗੀ। ਭਾਰਤ ਅਜਿਹੀ ਹੀ ਮੰਗ ਚਿਰਾਂ ਤੋਂ ਕਰਦਾ ਆ ਰਿਹਾ ਹੈ। ਅੱਜ ਦੇ ਅਮਰੀਕਾ-ਈਰਾਨ ਕਾਰਨ ਵਿਸ਼ਵ ਦੇ ਵਿਗੜਦੇ ਅਤਿ ਮਾਰੂ ਹਾਲਾਤ ਕਾਰਨ ਸਮੇਂ ਦੀ ਮੰਗ ਹੈ ਕਿ ਇਨ੍ਹਾਂ ਵਿਸ਼ਵੀ ਸੰਸਥਾਵਾਂ ਦਾ ਤੁਰੰਤ ਪੁਨਰਗਠਨ ਕੀਤਾ ਜਾਵੇ। ■

# "ਊੜੇ ਤੋਂ ਜੂੜਾ" (ਦਸਤਾਰ)

*-ਭਾਈ ਹਰਪ੍ਰੀਤ ਸਿੰਘ**

*ਰਾਤ ਮੈਂ ਸੁਫਨਾ ਦੇਖ ਰਿਹਾ ਸਾਂ*
*ਬਦਲਿਆ ਭੇਸ ਮੈਂ ਵੇਖ ਰਿਹਾ ਸਾਂ,*

*ਸਿਰ ਸੋਹਣੀ ਦਸਤਾਰ ਸਜਾ ਕੇ*
*ਆਪਣਾ ਆਪ ਮੈਂ ਵੇਖ ਰਿਹਾ ਸਾਂ,*

*ਚਿਣ ਚਿਣ ਲਾਏ ਲੜ ਦਸਤਾਰ ਦੇ*
*ਸਿਰ ਉੱਪਰੋਂ ਵੀ ਵੇਖ ਰਿਹਾ ਸਾਂ,*

*ਕੇਸ ਮੇਰੇ ਤਾਂ ਸੀਸ ਪਏ ਸੋਂਹਦੇ*
*ਕਿਉਂ ਹੈ ਨੀ ਜੂੜਾ ਵੇਖ ਰਿਹਾ ਸਾਂ,*

*ਬਿਨ ਜੂੜੇ ਕਿਉਂ ਦਿਸਿਆ ਕੰਘਾ*
*ਕਰ ਯਾਦ ਮੈਂ ਚੂਲਾ[੧] ਵੇਖ ਰਿਹਾ ਸਾਂ,*

*ਏ ਕਿਹੜੀ ਨੀਂਦ ਮੈਂ ਸੁੱਤਾ ਗੂੜ੍ਹਾ*
*ਕਰ ਯਾਦ ਮੈਂ ਊੜਾ ਵੇਖ ਰਿਹਾ ਸਾਂ,*

*ਮੈਂ ਨਾਨਕ ਦਾ ਸਿੱਖ ਹਾਂ ਸੋਹਣਾ*
*ਕਿਉਂ ਭੁੱਲਿਆ ਜੂੜਾ ਵੇਖ ਰਿਹਾ ਸਾਂ,*

*ਨੀਂਦ 'ਚੋਂ ਉੱਠ ਮੈਂ ਸੰਭਲ ਗਿਆ ਤੇ*
*ਸਿਰ ਜੂੜਾ ਸਜਿਆ ਵੇਖ ਰਿਹਾ ਸਾਂ,*

*ਤੇ ਉਸ ਜੂੜੇ ਵਿਚ ਸਜਿਆ ਕੰਘਾ*
*ਸੀਸ ਮੇਰੇ ਮੈਂ ਵੇਖ ਰਿਹਾ ਸਾਂ,*
*ਜਿਵੇਂ,*
*ਬਿਨ ਊੜੇ[੨] ਤੋਂ ਪਗ[੩] ਨਾ ਸੋਹਵੇ[੪]*
*ਤਿਵੇਂ, ਮੈਂ ਸੁਫਨਾ ਵੇਖ ਰਿਹਾ ਸਾਂ,*

*ਏਹੀ ਅਸਲ ਸਰੂਪ ਹੈ ਸੋਹਣਾ*
*ਪੜ੍ਹ ਨਾਨਕ ਤੋਂ ਊੜਾ ਵੇਖ ਰਿਹਾ ਸਾਂ,*

*ਰਾਤ ਮੈਂ ਸੁਫਨਾ ਦੇਖ ਰਿਹਾ ਸਾਂ*
*ਓਹੀ ਰੂਪ ਮੈਂ ਦੇਖ ਰਿਹਾ ਸਾਂ।*

**ਸੰਖੇਪ:** ਜਿਵੇਂ ਬੁੱਧ ਦਾ ਪ੍ਰਗਾਸ ਹੀ ਸੱਚਾ ਪਗ (ਮਾਰਗ) ਹੈ, ਤਿਵੇਂ ਜੂੜੇ ਤੋਂ ਬਿਨਾਂ ਦਸਤਾਰ ਸੰਪੂਰਨ ਨਹੀਂ ਹੈ।

*੧ ਪਾਹੁਲ-ਅੰਮ੍ਰਿਤ ਦਾ ਚੂਲਾ*
*੨. ਓ- ਸੱਚੇ ਗਿਆਨ ਦੇ ਪ੍ਰਕਾਸ਼ ਰੂਪ ਵਿਚ- ੳ (ਜੋ ਆਦਿ ਹੈ)*
*੩. ਪਗ ਭਾਵ ਮਾਰਗ (ਸੱਚ ਪੰਥ)*
*੪. ਸੋਭਣਾ*
■

** ਹਜ਼ੂਰੀ ਦਿਲਰੁਬਾ ਵਾਦਕ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ। ਮੋ. ੯੮੫੫੭੦੦੮੮੦*

ਕਵਿਤਾ

# ਛੋਟਾ ਘੱਲੂਘਾਰਾ

-ਡਾ. ਹਰੀ ਸਿੰਘ ਜਾਚਕ*

*ਏਨਾ ਸਮਾਂ ਭਿਆਨਕ ਸੀ ਜੇਸ ਅੰਦਰ, ਸਿੰਘਾਂ ਛੱਡੇ ਸੀ ਘਰ ਤੇ ਬਾਰ ਓਦੋਂ।*
*ਡੇਰੇ ਲਾਏ ਸੁਰੱਖਿਅਤ ਸਮਝ ਸਿੰਘਾਂ, ਕਾਹਨੂੰਵਾਨ ਦੇ ਛੰਭ ਵਿਚਕਾਰ ਓਦੋਂ।*
*ਦਾਣਾ ਪਾਣੀ ਵੀ ਖਤਮ ਸੀ ਹੋ ਚੁੱਕਾ, ਕਈ ਪੈ ਗਏ ਸਿੰਘ ਬੀਮਾਰ ਓਦੋਂ।*
*ਸਾਰੇ ਜੰਗਲ ਨੂੰ ਦੁਸ਼ਮਣ ਫਿਰ ਅੱਗ ਲਾਈ, ਫਸ ਗਏ ਸਿੰਘ ਸਨ ਬੇਸ਼ੁਮਾਰ ਓਦੋਂ।*
*ਜਾਨਾਂ ਤਲੀ 'ਤੇ ਰੱਖ ਕੇ ਕਈ ਸਿੰਘਾਂ, ਕੀਤਾ ਰਾਵੀ ਦਰਿਆ ਨੂੰ ਪਾਰ ਓਦੋਂ।*
*ਜੂਨ ਮਹੀਨੇ ਦੀ ਤੱਤੀ ਦੁਪਹਿਰ ਅੰਦਰ, ਗਰਮ ਰੇਤੇ 'ਤੇ ਤੁਰੇ ਸਰਦਾਰ ਓਦੋਂ।*

*ਲੱਖਪਤ ਦੀ ਫੌਜ ਸੀ ਆਣ ਪਹੁੰਚੀ, ਪਹਾੜੀ ਰਾਜੇ ਸਨ ਅੱਗੋਂ ਤਿਆਰ ਓਦੋਂ।*
*ਦੱਖਤ ਕੱਦ ਪਹਾੜ ਸੀ ਇਕ ਪਾਸੇ, ਬਿਆਸ ਰਿਹਾ ਸੀ ਓਧਰ ਲਲਕਾਰ ਓਦੋਂ।*
*ਕੀਤਾ ਸਿੰਘਾਂ ਦਾ ਸੁਆਗਤ ਸੀ ਗੋਲੀਆਂ ਨੇ, ਦੁਸ਼ਮਣ ਖੜੇ ਸਨ ਲੈ ਹਥਿਆਰ ਓਦੋਂ।*
*ਚਾਰੇ ਪਾਸਿਓਂ ਮੌਤ ਨੇ ਰਾਹ ਮੱਲੇ, ਘਿਰ ਗਏ ਸਿੰਘ ਸਨ ਵਿਚ ਮੰਝਧਾਰ ਓਦੋਂ।*
*ਭਾਵੇਂ ਬਿਪਤਾ ਤੇ ਕਸ਼ਟਾਂ ਦੀ ਘੜੀ ਸੀ ਇਹ, ਸਿੰਘਾਂ ਮੰਨੀ ਨਾ ਫੇਰ ਵੀ ਹਾਰ ਓਦੋਂ।*
*ਸਿੰਘ ਸਿੰਘਣੀਆਂ ਤੇ ਬੱਚੇ ਖਾਲਸੇ ਦੇ, ਆਪਾ ਪੰਥ ਤੋਂ ਗਏ ਸਨ ਵਾਰ ਓਦੋਂ।*

*ਪਹਿਲਾ ਘੱਲੂਘਾਰਾ ਇਹਨੂੰ ਆਖਦੇ ਨੇ, ਕਿੰਨੇ ਹੀ ਸਿੰਘ ਸ਼ਹੀਦੀਆਂ ਪਾ ਗਏ ਸੀ।*
*ਕਰ ਦਿੱਤੇ ਨੇ ਸਿੰਘ ਹੁਣ ਖਤਮ ਏਥੇ, 'ਲੱਖਪਤ' ਜਹੇ ਭੁਲੇਖਾ ਇਹ ਖਾ ਗਏ ਸੀ।*
*ਬੜੀ ਛੇਤੀ ਫਿਰ ਮਿਸਲਾਂ ਬਣਾ ਕੇ ਤੇ, ਸਿੰਘ ਵਿਚ ਮੈਦਾਨ ਦੇ ਆ ਗਏ ਸੀ।*
*ਜੀਨ੍ਹੇ ਜੀਨ੍ਹੇ ਵੀ ਕੀਤੇ ਸਨ ਜ਼ੁਲਮ ਏਥੇ, ਓਹਨੂੰ ਕੀਤੀ ਦਾ ਮਜ਼ਾ ਚਖਾ ਗਏ ਸੀ।*
*ਏਥੋਂ ਤੀਕਰਾਂ ਕਿ 'ਲਾਲ ਕਿਲ੍ਹੇ' ਉੱਪਰ ਖਾਲਸਈ ਨਿਸ਼ਾਨ ਝੁਲਾ ਗਏ ਸੀ।*
*ਕੱਠੇ ਹੋ ਕੇ ਬੱਦਲਾਂ ਵਾਂਗ 'ਜਾਚਕ', ਸਿੰਘ ਸਾਰੇ ਪੰਜਾਬ 'ਤੇ ਛਾ ਗਏ ਸੀ।*

■

** ੨੨੨ ਮਾਡਲ ਗਰਾਮ, ਨੇੜੇ ਮਾਲਵਾ ਸਕੂਲ, ਲੁਧਿਆਣਾ-੧੪੧੦੦੨; ਮੋ. ੯੯੮੮੩੨੧੨੪੫*

# ਮਹਾਨ ਸਿੱਖ ਜਰਨੈਲ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਸੰਘਰਸ਼ਮਈ ਜੀਵਨ

*-ਡਾ. ਸਰਬਜੀਤ ਸਿੰਘ ਛੀਨਾ**

ਦੁਨੀਆ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਪੰਜਾਬ ਵਿਚ ਸਿੱਖਾਂ ਨੂੰ ਮੁਗ਼ਲਾਂ ਦੇ ਵੱਡੇ ਜ਼ੁਲਮਾਂ ਦਾ ਸਾਹਮਣਾ ਕਰਨਾ ਪਿਆ। ੧੮ਵੀਂ ਸਦੀ ਨੂੰ ਸਿੱਖ ਸ਼ਹੀਦਾਂ ਦੀ ਸਦੀ ਕਿਹਾ ਜਾਂਦਾ ਹੈ। ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਸ਼ਹੀਦੀ ਤੋਂ ਬਾਅਦ ਬਹੁਤ ਜ਼ਿਆਦਾ ਸਿੱਖਾਂ ਦੀਆਂ ਸ਼ਹੀਦੀਆਂ ਹੋਈਆਂ। ਪੰਜਾਬ ਵਿਚ ਉਸ ਵਕਤ ਦੀ ਹਕੂਮਤ ਦਾ ਅੰਦਾਜ਼ਾ ਇਸ ਗੱਲ ਤੋਂ ਲੱਗਦਾ ਹੈ ਕਿ ਸੰਨ ੧੭੫੫ ਅਤੇ ੧੭੫੬ ਦੇ ਦੋ ਸਾਲਾਂ ਵਿਚ ਹੀ ਪੰਜਾਬ ਦੇ ੯ ਗਵਰਨਰ ਬਦਲੇ। ਇਸ ਸਮੇਂ ਪੰਜਾਬ ਨੂੰ ਅਫ਼ਗਾਨਿਸਤਾਨ ਦੇ ਹਮਲਾਵਰ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਪਹਿਲਾਂ ਵੀ ਅਫ਼ਗਾਨਿਸਤਾਨ ਦੇ ਹਾਕਮ ਜਿਵੇਂ- ਤੈਮੂਰ, ਮੁਹੰਮਦ ਗੌਰੀ, ਨਾਦਰ ਸ਼ਾਹ, ਮਹਿਮੂਦ ਗ਼ਜ਼ਨਵੀ ਆਦਿ ਨੇ ਆਸਾਨੀ ਨਾਲ ਪੇਸ਼ਾਵਰ ਤੋਂ ਅੱਗੇ ਵਧ ਕੇ ਪੰਜਾਬ ਰਾਹੀਂ ਦਿੱਲੀ 'ਤੇ ਕਈ ਹਮਲੇ ਕੀਤੇ ਸਨ ਪਰ ਹੁਣ ਪੰਜਾਬ ਵਿਚ ਸਿੱਖ ਇੱਕ ਵੱਡੀ ਤਾਕਤ ਵਜੋਂ ਸਾਹਮਣੇ ਆਏ ਅਤੇ ਉਨ੍ਹਾਂ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਲਲਕਾਰਿਆ ਤੇ ਉਨ੍ਹਾਂ ਨੂੰ ਭਾਜ ਦਿੱਤੀ ਜਿਸ ਦੀ ਅਗਵਾਈ ਉਸ ਵਕਤ ਦੇ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਹੀ ਕੀਤੀ ਅਤੇ ਉਸ ਤੋਂ ਬਾਅਦ ਅਫ਼ਗਾਨਿਸਤਾਨ ਵੱਲੋਂ ਹੁੰਦੇ ਹਮਲੇ ਰੁਕ ਗਏ ਸਗੋਂ ਬਾਅਦ ਵਿਚ ਪੰਜਾਬ ਵੱਲੋਂ ਅਫ਼ਗਾਨਿਸਤਾਨ ਵੱਲ ਹਮਲਿਆਂ ਦਾ ਦੌਰ ਸ਼ੁਰੂ ਹੋ ਗਿਆ।

ਮਹਾਨ ਜਰਨੈਲ ਅਤੇ ਦੂਰਅੰਦੇਸ਼ ਸੂਝਵਾਨ ਨੇਤਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ੩ ਮਈ, ੧੭੧੮ ਈ. ਵਿਚ ਸਰਦਾਰ ਬਦਰ ਸਿੰਘ ਜੀ ਦੇ ਘਰ ਪਿੰਡ ਆਹਲੂ, ਜ਼ਿਲ੍ਹਾ ਲਾਹੌਰ ਵਿਖੇ ਹੋਇਆ ਸੀ। ਇਹ ਸਿੱਖਾਂ ਵਾਸਤੇ ਬੜਾ ਕਠਿਨ ਸਮਾਂ ਸੀ ਪਰ ਉਸ ਦੇ ਨਾਲ ਇਹ ਸਮਾਂ ਸੂਰਬੀਰ ਸੰਤ-ਸਿਪਾਹੀਆਂ ਦੇ ਜਨਮ ਦਾ ਵੀ ਸਮਾਂ ਸੀ। ਇਸ ਸਮੇਂ ਵਿਚ ਹੀ ਭੰਗੀ, ਰਾਮਗੜ੍ਹੀਏ, ਕਨ੍ਹਈਆ ਅਤੇ ਚੜ੍ਹਤ ਸਿੰਘ ਸ਼ੁੱਕਰਚੱਕੀਏ ਦਾ ਜਨਮ ਹੋਇਆ ਤੇ ਉਨ੍ਹਾਂ ਸੂਰਬੀਰਾਂ ਨੇ ਪੰਜਾਬ ਤੋਂ ਮੁਗ਼ਲਾਂ ਤੇ ਅਫ਼ਗਾਨਿਸਤਾਨ ਦੇ ਪਠਾਣਾਂ ਦੋਵਾਂ ਤੋਂ ਪੰਜਾਬ ਨੂੰ ਮੁਕਤ ਕਰ ਕੇ ਸਿੱਖ ਰਾਜ ਦੀ ਨੀਂਹ ਰੱਖੀ ਸੀ। ਬਾਲਕ ਜੱਸਾ ਸਿੰਘ ਅਜੇ ੪ ਸਾਲ ਦੇ ਸਨ ਕਿ ਉਨ੍ਹਾਂ ਦੇ ਪਿਤਾ ਸਰਦਾਰ ਬਦਰ ਸਿੰਘ ੧੮੨੨ ਈ. ਵਿਚ ਚੜ੍ਹਾਈ ਕਰ ਗਏ। ਆਪ ਦੀ ਪਾਲਣ-ਪੋਸ਼ਣਾ ਆਪ ਜੀ ਦੀ ਮਾਤਾ ਨੇ ਬੜੀ ਲਗਨ ਨਾਲ ਕੀਤੀ

** Prof. Emeritus, Akal University, Talwandi Sabo, Bathinda. M. 7889039596*

ਅਤੇ ਉਨ੍ਹਾਂ ਦੀ ਧਾਰਮਿਕ ਵਿੱਦਿਆ ਲਈ ਪ੍ਰਬੰਧ ਕੀਤਾ। ਇਹ ਉਹ ਸਮਾਂ ਸੀ ਕਿ ਸਿੱਖ ਹੋਣਾ ਹੀ ਮੌਤ ਸਹੇੜਨਾ ਸੀ ਪਰ ਉਨ੍ਹਾਂ ਦੀ ਮਾਤਾ ਆਪਣੇ ਬੱਚੇ ਨੂੰ ਨਾਲ ਲੈ ਕੇ ਜੰਗਲਾਂ ਤੇ ਜੂਹਾਂ ਵਿਚ ਵੀ ਧਾਰਮਿਕ ਉਤਸਵਾਂ ਵਿਚ ਹਿੱਸਾ ਲੈਂਦੇ ਰਹੇ।

ਸੰਨ ੧੭੨੩ ਵਿਚ ਜੱਸਾ ਸਿੰਘ ਦੀ ਮਾਤਾ ਆਪਣੇ ਭਰਾ ਸਰਦਾਰ ਬਾਘ ਸਿੰਘ ਨੂੰ ਨਾਲ ਲੈ ਕੇ ਮਾਤਾ ਸੁੰਦਰੀ ਜੀ ਦਾ ਅਸ਼ੀਰਵਾਦ ਲੈਣ ਲਈ ਦਿੱਲੀ ਪਹੁੰਚੇ ਤਾਂ ਮਾਤਾ ਸੁੰਦਰੀ ਜੀ ਨੇ ਦੋਵਾਂ ਨੂੰ ਦਿੱਲੀ ਹੀ ਰਹਿਣ ਲਈ ਕਿਹਾ। ਉੱਥੇ ਰਹਿੰਦਿਆਂ ਜੱਸਾ ਸਿੰਘ ਨੇ ਫ਼ਾਰਸੀ, ਅਰਬੀ ਅਤੇ ਗੁਰਮੁਖੀ ਬੋਲੀਆਂ ਦੀ ਸਿੱਖਿਆ ਲੈਣ ਤੋਂ ਇਲਾਵਾ ਹਥਿਆਰ ਚਲਾਉਣ ਅਤੇ ਜੰਗੀ ਮਸ਼ਕਾਂ ਦੀ ਜਾਣਕਾਰੀ ਪ੍ਰਾਪਤ ਕੀਤੀ। ਕੋਈ ੭ ਸਾਲ ਬਾਅਦ ਸਰਦਾਰ ਬਾਘ ਸਿੰਘ ਫਿਰ ਦਿੱਲੀ ਆਏ ਅਤੇ ਉਹ ਜੱਸਾ ਸਿੰਘ ਨੂੰ ਆਪਣਾ ਉੱਤਰਾਧਿਕਾਰੀ ਥਾਪਣਾ ਚਾਹੁੰਦੇ ਸਨ। ਸੋ ਸਰਦਾਰ ਬਾਘ ਸਿੰਘ ਉਸ ਸਮੇਂ ਜਲੰਧਰ ਰਿਹਾਇਸ਼ ਰੱਖਦੇ ਸਨ ਕਿਉਂ ਜੋ ਉਨ੍ਹਾਂ ਦਾ ਪੁਰਾਣੇ ਪਿੰਡ ਹੱਲੋ ਜੋ ਲਾਹੌਰ ਦੇ ਨਜ਼ਦੀਕ ਸੀ, ਉਹ ਹਰ ਵਕਤ ਲਾਹੌਰ ਦੇ ਹਾਕਮਾਂ ਦੀ ਨਜ਼ਰ-ਅਧੀਨ ਸੀ ਅਤੇ ਉੱਥੋਂ ਦੇ ਗਵਰਨਰ ਉੱਥੇ ਸਿੱਖਾਂ 'ਤੇ ਬਹੁਤ ਜ਼ੁਲਮ ਕਰਦੇ ਸਨ। ਸਰਦਾਰ ਕਪੂਰ ਸਿੰਘ ਜਿਹੜੇ ਦਲੇਰ ਅਤੇ ਸੂਰਬੀਰ ਆਗੂ ਸਨ ਉਹਨੀਂ ਦਿਨੀਂ ਕਰਤਾਰਪੁਰ ਰਹਿੰਦੇ ਸਨ। ਉਨ੍ਹਾਂ ਦੀ ਸੂਰਬੀਰਤਾ ਕਰਕੇ ਹੀ ਉਨ੍ਹਾਂ ਨੂੰ ੧੯੩੩ ਈ. ਵਿਚ ਹਕੂਮਤ ਵੱਲੋਂ ਨਵਾਬੀ ਦੀ ਪੇਸ਼ਕਸ਼ ਕੀਤੀ ਗਈ ਸੀ ਪਰ ਸਰਦਾਰ ਕਪੂਰ ਸਿੰਘ ਨੇ ਜਵਾਬ ਦਿੱਤਾ ਸੀ ਕਿ, "ਗੁਰੂ ਖ਼ਾਲਸੇ ਵੱਲੋਂ ਦਿੱਤੀ ਖਿਅਲਤ ਤਾਂ ਮੈਂ ਲੈਣੋ ਨਾਂਹ ਨਹੀਂ ਕਰਦਾ ਪਰ ਮੇਰੇ ਪਾਸੋਂ ਖਾਲਸੇ ਦੀ ਪੱਖੇ, ਲੰਗਰ ਆਦਿ ਦੀ ਸੇਵਾ ਨਾ ਖੋਹੀ ਜਾਵੇ।" ਉੱਥੇ ਜਦੋਂ ਸਰਦਾਰ ਜੱਸਾ ਸਿੰਘ ਜੀ ਕੋਈ ਇੱਕ ਮਹੀਨਾ ਰਹੇ ਤਾਂ ਉਨ੍ਹਾਂ ਨੇ ਸਰਦਾਰ ਕਪੂਰ ਸਿੰਘ ਨੂੰ ਬਹੁਤ ਪ੍ਰਭਾਵਿਤ ਕੀਤਾ ਤਾਂ ਸਰਦਾਰ ਕਪੂਰ ਸਿੰਘ ਨੇ ਸਰਦਾਰ ਜੱਸਾ ਸਿੰਘ ਦੀ ਮਾਤਾ ਅਤੇ ਉਨ੍ਹਾਂ ਦੇ ਭਰਾ ਸਰਦਾਰ ਬਾਘ ਸਿੰਘ ਨੂੰ ਬੇਨਤੀ ਕੀਤੀ ਕਿ ਉਸ ਨੌਜਵਾਨ ਜੱਸਾ ਸਿੰਘ ਨੂੰ ਉੱਥੇ ਰਹਿਣ ਦਿੱਤਾ ਜਾਵੇ, ਜਿਸ ਨੂੰ ਉਨ੍ਹਾਂ ਪ੍ਰਵਾਨ ਕਰ ਲਿਆ ਅਤੇ ਸਰਦਾਰ ਜੱਸਾ ਸਿੰਘ ਹਰ ਵਕਤ ਸਰਦਾਰ ਕਪੂਰ ਸਿੰਘ ਦੇ ਕੋਲ ਰਹਿਣ ਲੱਗ ਪਏ।

ਸਰਦਾਰ ਜੱਸਾ ਸਿੰਘ ਯੁੱਧ-ਵਿੱਦਿਆ ਅਤੇ ਹਥਿਆਰ ਚਲਾਉਣ ਵਿਚ ਨਿਪੁੰਨ ਸਨ। ਇਸ ਲਈ ਉਹ ਸਰਦਾਰ ਕਪੂਰ ਸਿੰਘ ਨਾਲ ਮੁਹਿੰਮਾਂ 'ਤੇ ਨਾਲ ਜਾਂਦੇ ਰਹੇ। ੧੭੩੯ ਈ. ਵਿਚ ਈਰਾਨ ਦਾ ਬਾਦਸ਼ਾਹ ਨਾਦਰ ਸ਼ਾਹ ਦਿੱਲੀ ਨੂੰ ਲੁੱਟਣ ਦੀ ਖ਼ਾਤਰ ਪਹਿਲਾਂ ਲਾਹੌਰ ਪਹੁੰਚਿਆ। ਪੰਜਾਬ ਵਿਚ ਭਗਦੜ ਮੱਚ ਗਈ। ਉਸ ਵਕਤ ਪੰਜਾਬ ਦਾ ਗਵਰਨਰ ਜ਼ਕਰੀਆ ਖ਼ਾਨ ਸੀ। ਨਾਦਰ ਸ਼ਾਹ ਨੇ ਲਾਹੌਰ 'ਤੇ ਕਬਜ਼ਾ ਕਰ ਕੇ ਜ਼ਕਰੀਆ ਖ਼ਾਨ ਨੂੰ ਹੀ ਪੰਜਾਬ ਦਾ ਗਵਰਨਰ ਨਿਯੁਕਤ ਕਰ ਦਿੱਤਾ। ਦਿੱਲੀ ਵਿਚ ਮੁਹੰਮਦ ਸ਼ਾਹ ਰੰਗੀਲੇ ਦੀ ਹਕੂਮਤ ਸੀ। ਉਹ ਬਹੁਤ ਕਮਜ਼ੋਰ ਹਾਕਮ ਸੀ। ਉਸ ਨੇ ਇੱਕ ਦਮ ਅਧੀਨਗੀ ਪ੍ਰਵਾਨ ਕਰ ਲਈ। ਨਾਦਰ ਸ਼ਾਹ ਨੇ ਦਿੱਲੀ ਨੂੰ ਬੁਰੀ ਤਰ੍ਹਾਂ ਲੁੱਟਿਆ ਪਰ ਕੁਝ

ਸ਼ਰਤਾਂ 'ਤੇ ਉਸ ਨੇ ਫਿਰ ਹਿੰਦੁਸਤਾਨ ਦੀ ਹਕੂਮਤ ਉਸ ਨੂੰ ਹੀ ਸੌਂਪ ਦਿੱਤੀ ਪਰ ਉਸ ਨੇ ਦਿੱਲੀ ਵਿਚ ਬਹੁਤ ਕਤਲ-ਏ-ਆਮ ਕੀਤੀ ਜਿਸ ਵਿਚ ਮਰਦ, ਇਸਤਰੀਆਂ ਤੇ ਬੱਚੇ ਵੀ ਸਨ। ਨਾਦਰ ਸ਼ਾਹ ਭਾਰਤ ਤੋਂ ਬਹੁਤ ਜ਼ਿਆਦਾ ਧਨ ਲੈ ਕੇ ਵਾਪਸ ਮੁੜ ਗਿਆ ਪਰ ਜਦੋਂ ਉਹ ਮਈ ਦੇ ਤੀਸਰੇ ਹਫ਼ਤੇ ਦਿੱਲੀ ਤੋਂ ਵਾਪਸ ਆਪਣੇ ਦੇਸ਼ ਜਾ ਰਿਹਾ ਸੀ ਤਾਂ ਕੀਰਤਪੁਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਦੀਆਂ ਪਹਾੜੀਆਂ ਵਿਚ ਛਿਪੇ ਸਿੱਖਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਨਾਦਰ ਸ਼ਾਹ ਦੀ ਫ਼ੌਜ 'ਤੇ ਹਮਲਾ ਕੀਤਾ ਅਤੇ ਬਹੁਤ ਜ਼ਿਆਦਾ ਮਾਲ ਉਸ ਕੋਲੋਂ ਲੁੱਟ ਲਿਆ। ਨਾਦਰ ਸ਼ਾਹ ਹੁਣ ਸਾਰੀਆਂ ਇਸਤਰੀਆਂ ਨੂੰ ਬੰਦੀ ਬਣਾ ਕੇ ਆਪਣੇ ਨਾਲ ਲਿਜਾ ਰਿਹਾ ਸੀ। ਸਰਦਾਰ ਜੱਸਾ ਸਿੰਘ ਨੇ ਹਮਲਾ ਕਰ ਕੇ ਉਹ ਇਸਤਰੀਆਂ ਛੁਡਵਾ ਲਈਆਂ ਅਤੇ ਬਹੁਤ ਸਤਿਕਾਰ ਨਾਲ ਉਨ੍ਹਾਂ ਦੇ ਘਰੇ ਭੇਜੀਆਂ। ਇਸ ਬਹੁਤ ਵੱਡੀ ਬਹਾਦਰੀ ਵਾਲੇ ਕਾਰਨਾਮੇ ਤੋਂ ਬਾਅਦ ਸਰਦਾਰ ਜੱਸਾ ਸਿੰਘ ਇੱਕ ਹੋਰ ਹਰਮਨ-ਪਿਆਰਾ ਆਗੂ ਮੰਨਿਆ ਜਾਣ ਲੱਗਾ।

ਮੁਗ਼ਲਾਂ ਦੀ ਸ਼ਕਤੀ ਬਹੁਤ ਕਮਜ਼ੋਰ ਹੋ ਰਹੀ ਸੀ। ਨਾਦਰ ਸ਼ਾਹ ਦੀ ਲੁੱਟ-ਮਾਰ ਤੇ ਹਮਲੇ ਕਰਕੇ ਦੇਸ਼ ਵਿਚ ਅਨਿਸ਼ਚਿਤਾ ਵਾਲੀ ਸਥਿਤੀ ਸੀ। ਸਰਦਾਰ ਕਪੂਰ ਸਿੰਘ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਦੂਰਅੰਦੇਸ਼ੀ ਨਾਲ ਇਸ ਮੌਕੇ ਦਾ ਲਾਭ ਉਠਾਉਣ ਅਤੇ ਭਵਿੱਖ ਵਿਚ ਪੰਜਾਬ ਵਿਚ ਆਪਣੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਰਾਵੀ ਦਰਿਆ ਦੇ ਕੰਢੇ 'ਤੇ ਡੱਲੇਵਾਲ ਪਿੰਡ ਵਿਚ ਇੱਕ ਕਿਲ੍ਹਾ ਸਥਾਪਿਤ ਕਰ ਲਿਆ। ਭਾਵੇਂ ਇਹ ਕੱਚੀ ਗੜ੍ਹੀ ਸੀ ਪਰ ਇਹ ਇਸ ਗੱਲ ਦਾ ਪ੍ਰਤੀਕ ਸੀ ਕਿ ਆਉਣ ਵਾਲੇ ਸਮੇਂ ਵਿਚ ਸਿੱਖ ਆਪਣੀ ਰਾਜਨੀਤਿਕ ਸਥਿਤੀ ਬਣਾਉਣ ਲਈ ਪੱਕੇ ਸਨ ਅਤੇ ਸਰਦਾਰ ਜੱਸਾ ਸਿੰਘ ਹੁਣ ਇੱਥੇ ਹੀ ਰਹਿਣ ਲੱਗ ਪਏ। ਉਸ ਵਕਤ ਪੰਜਾਬ ਦਾ ਗਵਰਨਰ ਜ਼ਕਰੀਆ ਖ਼ਾਨ ਸੀ। ਉਹ ਸਿੱਖਾਂ ਦੀ ਵਧਦੀ ਤਾਕਤ ਤੋਂ ਡਰਦਾ ਸੀ ਅਤੇ ਸੁਚੇਤ ਰਹਿੰਦਾ ਸੀ। ਉਸ ਦੇ ਕੰਨਾਂ ਵਿਚ ਨਾਦਰ ਸ਼ਾਹ ਦੇ ਕਹੇ ਹੋਏ ਸ਼ਬਦ ਗੂੰਜਦੇ ਸਨ। ਜਦੋਂ ਨਾਦਰ ਸ਼ਾਹ ਦੀ ਫ਼ੌਜ ਕੋਲੋਂ ਸਿੱਖਾਂ ਨੇ ਕਾਫ਼ੀ ਮਾਲ ਲੁੱਟ ਲਿਆ ਸੀ ਅਤੇ ਇਸਤਰੀਆਂ ਨੂੰ ਛੁਡਾ ਕੇ ਉਨ੍ਹਾਂ ਦੇ ਘਰਾਂ ਵਿਚ ਭੇਜਿਆ ਸੀ। ਉਸ ਤੋਂ ਬਾਅਦ ਉਹ ਲਾਹੌਰ ਵਿਚ ਜ਼ਕਰੀਆ ਖ਼ਾਨ ਨੂੰ ਮਿਲਿਆ ਤਾਂ ਉਸ ਨੇ ਜ਼ਕਰੀਆ ਖ਼ਾਨ ਨੂੰ ਪੁੱਛਿਆ ਕਿ ਇਹ ਸਿੱਖ ਕੌਣ ਹਨ? ਤਾਂ ਜ਼ਕਰੀਆ ਖ਼ਾਨ ਨੇ ਜਵਾਬ ਦਿੱਤਾ ਸੀ ਕਿ ਇਹ ਫਕੀਰਾਂ ਦਾ ਟੋਲਾ ਹੈ। ਇਨ੍ਹਾਂ ਦੇ ਘਰ ਇਨ੍ਹਾਂ ਦੇ ਘੋੜਿਆਂ ਦੀਆਂ ਕਾਠੀਆਂ 'ਤੇ ਹਨ ਤਾਂ ਨਾਦਰ ਸ਼ਾਹ ਦਾ ਜਵਾਬ ਸੀ ਕਿ ਉਹ ਸਮਾਂ ਨਜ਼ਦੀਕ ਹੀ ਹੈ, ਜਦੋਂ ਇਹ ਮੁਲਕ ਦੇ ਹਾਕਮ ਬਣ ਜਾਣਗੇ।

ਨਾਦਰ ਸ਼ਾਹ ਦੇ ਵਾਪਸ ਮੁੜਨ ਤੋਂ ਬਾਅਦ ਜ਼ਕਰੀਆ ਖ਼ਾਨ ਨੇ ਫਿਰ ਸਿੱਖਾਂ 'ਤੇ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ। ਉਸ ਨੇ ਗਸ਼ਤੀ ਫ਼ੌਜ ਬਣਾਈ। ਡੱਲੇਵਾਲ ਦਾ ਕਿਲ੍ਹਾ ਢਾਹ ਦਿੱਤਾ। ਉਸ ਨੇ ਇਲਾਕੇ ਦੇ ਚੌਧਰੀਆਂ ਦੇ ਨਾਂ ਇਸ ਤਰ੍ਹਾਂ ਦੇ ਹੁਕਮ

ਜਾਰੀ ਕੀਤੇ ਕਿ ਜੋ ਵੀ ਸਿੱਖਾਂ ਨੂੰ ਮਾਰੇਗਾ ਜਾਂ ਉਨ੍ਹਾਂ ਦਾ ਪਤਾ ਦੇਵੇਗਾ, ਉਸ ਨੂੰ ਇਨਾਮ ਦਿੱਤਾ ਜਾਵੇਗਾ। ਸ੍ਰੀ ਅੰਮ੍ਰਿਤਸਰ ਤੇ ਤਰਨ ਤਾਰਨ ਦੇ ਸਰੋਵਰਾਂ 'ਤੇ ਚੌਂਕੀਆਂ ਨੂੰ ਚੌਕਸ ਕਰ ਦਿੱਤਾ ਗਿਆ ਕਿ ਕੋਈ ਸਿੰਘ ਇਸ਼ਨਾਨ ਨਾ ਕਰ ਸਕੇ। ਉਸ ਨੇ ਬਹੁਤ ਸਾਰੇ ਸਿੱਖ-ਵਿਰੋਧੀ ਲੋਕਾਂ ਨੂੰ ਉਤਸ਼ਾਹਿਤ ਕੀਤਾ, ਜਿਸ ਵਿਚ ਨਿਰੰਜਣੀਏ, ਸਾਹਿਬ ਰਾਏ, ਕਰਮਾ ਛੀਨਾ, ਧਰਮ ਦਾਸ, ਯੋਧਾ ਨਗਰੀਆ, ਰਾਮਾ ਰੰਧਾਵਾ ਆਦਿ ਸਨ। ਮੱਸਾ ਰੰਘੜ ਨੇ ਸ੍ਰੀ ਦਰਬਾਰ ਸਾਹਿਬ ਵਿਚ ਧਾਰਮਿਕ ਸਥਾਨਾਂ ਦੀ ਬੇਅਦਬੀ ਕੀਤੀ। ਉਸ ਸਮੇਂ ਸਿੱਖਾਂ ਲਈ ਬੜੇ ਕਸ਼ਟ ਦਾ ਸਮਾਂ ਸੀ। ਬਹੁਤ ਸਾਰੇ ਸਿੱਖਾਂ ਨੇ ਸ਼ਹੀਦੀਆਂ ਪਾਈਆਂ।

ਪਰ ਉਸ ਸਮੇਂ ਸਰਦਾਰ ਕਪੂਰ ਸਿੰਘ ਅਤੇ ਸਰਦਾਰ ਜੱਸਾ ਸਿੰਘ ਨੇ ਮੁਗ਼ਲਾਂ ਦੀ ਗਸ਼ਤੀ ਫ਼ੌਜ ਦਾ ਕਈ ਵਾਰ ਮੁਕਾਬਲਾ ਕੀਤਾ ਅਤੇ ਸਿੱਖਾਂ ਦਾ ਹੌਸਲਾ ਵਧਾਉਂਦੇ ਰਹੇ। ਜ਼ਕਰੀਆ ਖ਼ਾਨ ਵੱਲੋਂ ਇਸ ਸਮੇਂ ਪੰਜਾਬ ਵਿਚ ਬੜਾ ਜ਼ੁਲਮ ਕੀਤਾ ਗਿਆ। ਇਹ ਉਹ ਸਮਾਂ ਸੀ ਜਦੋਂ ਭਾਈ ਮਨੀ ਸਿੰਘ, ਭਾਈ ਹਕੀਕਤ ਸਿੰਘ, ਭਾਈ ਸੁਬੇਗ ਸਿੰਘ ਅਤੇ ਭਾਈ ਸ਼ਾਹਬਾਜ਼ ਸਿੰਘ, ਬਾਬਾ ਬੋਤਾ ਸਿੰਘ ਅਤੇ ਬਾਬਾ ਗਰਜਾ ਸਿੰਘ, ਭਾਈ ਤਾਰੂ ਸਿੰਘ ਤੇ ਹੋਰ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ। ਪਰ ਇਸ ਹੀ ਸਮੇਂ ਵਿਚ ਸਿੱਖਾਂ ਨੇ ਮੱਸੇ ਰੰਘੜ ਨੂੰ ਮਾਰ ਕੇ ਸਾਬਿਤ ਕਰ ਦਿੱਤਾ ਕਿ ਸਿੱਖ ਵੱਡੀ ਤਾਕਤ ਬਣ ਚੁੱਕੇ ਹਨ। ਜ਼ਕਰੀਆ ਖ਼ਾਨ ਦੀ ਪਿਸ਼ਾਬ ਬੰਦ ਹੋਣ ਕਰਕੇ ਮੌਤ ਹੋ ਗਈ। ੧੭੪੮ ਈ. ਦੀ ਵੈਸਾਖੀ ਵਾਲੇ ਦਿਨ ਸਰਦਾਰ ਕਪੂਰ ਸਿੰਘ ਨੇ 'ਦਲ਼ ਖ਼ਾਲਸਾ' ਦੀ ਜ਼ਿੰਮੇਵਾਰੀ ਸਰਦਾਰ ਜੱਸਾ ਸਿੰਘ ਨੂੰ ਦੇ ਦਿੱਤੀ। ਇਸ ਤੋਂ ਬਾਅਦ ਸਰਦਾਰ ਜੱਸਾ ਸਿੰਘ ਨੇ ਲਗਾਤਾਰ ਸਿੱਖਾਂ ਨੂੰ ਸੰਗਠਿਤ ਕਰਨ ਵੱਲ ਬਹੁਤ ਗੰਭੀਰਤਾ ਨਾਲ ਧਿਆਨ ਦਿੱਤਾ। ਜਦੋਂ ਮੁਗ਼ਲਾਂ ਤੇ ਅਫ਼ਗਾਨਿਸਤਾਨ ਦੇ ਹਾਕਮਾਂ ਵੱਲੋਂ ਸਿੱਖਾਂ ਨਾਲ ਸਮਝੌਤੇ ਦੀਆਂ ਪੇਸ਼ਕਸ਼ਾਂ ਕੀਤੀਆਂ ਗਈਆਂ ਤਾਂ ਸਰਦਾਰ ਜੱਸਾ ਸਿੰਘ ਦੀ ਅਗਵਾਈ ਵਿਚ 'ਸਰਬੱਤ ਖ਼ਾਲਸਾ' ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬੁਲਾ ਕੇ ਪਹਿਲਾ ਮਤਾ ਪਾਸ ਕੀਤਾ ਕਿ ਪੰਜਾਬ ਨੂੰ ਨਾ ਤਾਂ ਮੁਗ਼ਲ ਸਾਮਰਾਜ ਦਾ ਹਿੱਸਾ ਰਹਿਣ ਦੇਣਾ ਹੈ ਅਤੇ ਨਾ ਹੀ ਅਫ਼ਗਾਨ ਸਾਮਰਾਜ ਦਾ ਬਣਨ ਦੇਣਾ ਹੈ।

ਬਾਅਦ ਵਿਚ ਜਦੋਂ ਮੀਰ ਮੰਨੂ ਪੰਜਾਬ ਦਾ ਗਵਰਨਰ ਬਣਿਆ ਤਾਂ ਉਸ ਨੇ ਅਦੀਨਾ ਬੇਗ਼ ਨੂੰ ਸਿੱਖਾਂ ਵਿਰੁੱਧ ਵੱਧ ਤੋਂ ਵੱਧ ਸਖ਼ਤੀ ਕਰਨ ਦੇ ਹੁਕਮ ਦਿੱਤੇ ਪਰ ਅਦੀਨਾ ਬੇਗ਼ ਸਿੱਖਾਂ ਤੋਂ ਡਰਦਾ ਸੀ। ਉਸ ਨੇ ਸਰਦਾਰ ਜੱਸਾ ਸਿੰਘ ਨੂੰ ਸੱਦਾ ਭੇਜਿਆ ਕਿ ਸਿੱਖਾਂ ਲਈ ਵੱਖ ਰਾਜ ਦਿਵਾ ਦਿੰਦੇ ਹਨ, ਜਿਸ ਨੂੰ ਦਿੱਲੀ ਅਤੇ ਲਾਹੌਰ ਦੋਵੇਂ ਮੰਨ ਲੈਣਗੇ ਪਰ ਅੱਗੋਂ ਸਰਦਾਰ ਜੱਸਾ ਸਿੰਘ ਦਾ ਜਵਾਬ ਬੜਾ ਸਖ਼ਤ ਸੀ। ਉਨ੍ਹਾਂ ਨੇ ਕਿਹਾ ਕਿ, "ਸਮਝੌਤਾ ਕਿਸੇ ਵੀ ਸ਼ਰਤ ਵਿਚ ਨਹੀਂ ਹੋ ਸਕਦਾ ਕਿਉਂ ਜੋ ਦੋਵਾਂ ਵਿਚ ਖ਼ਿਆਲਾਂ ਦਾ ਬਹੁਤ ਮੱਤਭੇਦ ਹੈ। ਸਿੱਖ ਉਸੇ ਹੀ ਤਲਵਾਰ ਨਾਲ ਰਾਜ ਬਣਾਉਣਗੇ, ਜਿਸ ਨਾਲ ਮੁਗ਼ਲਾਂ ਨੇ ਬਣਾਇਆ ਹੈ।

ਮੁਲਾਕਾਤ ਜੰਗ ਦੇ ਮੈਦਾਨ ਵਿਚ ਹੀ ਹੋਵੇਗੀ। ਸ਼ਹਾਦਤਾਂ ਦੇਣ ਅਤੇ ਖ਼ੂਨ ਵਹਾਉਣ ਤੋਂ ਬਗੈਰ ਅਜ਼ਾਦੀਆਂ ਨਹੀਂ ਮਿਲਦੀਆਂ। ਹੁਣ ਸਿੱਖਾਂ ਦੀ ਚਮਕਦੀ ਤਲਵਾਰ ਵੇਖ ਕੇ ਮੁਗ਼ਲ ਅਮਨ ਦੀਆਂ ਗੱਲਾਂ ਕਰਨ ਲੱਗੇ ਹਨ। ਜਦ ਇਹ ਕਿਰਪਾਨ ਚੱਲ ਪਈ ਤਾਂ ਰਾਜ ਕਦਮਾਂ ਵਿਚ ਆਵੇਗਾ- 'ਰਾਜ ਕਰੇਗਾ ਖ਼ਾਲਸਾ'- ਕਿਸੇ ਦੇ ਰਹਿਮ ਨਾਲ ਨਹੀਂ, ਵਾਹਿਗੁਰੂ ਦੀ ਰਹਿਮਤ ਨਾਲ ਹੋਵੇਗਾ। "

ਉਸ ਵਕਤ ਪੰਜਾਬ ਦੀ ਹਕੂਮਤ ਸਥਿਰ ਨਹੀਂ ਸੀ। ਅੱਜ ਕੋਈ ਗਵਰਨਰ, ਕੱਲ੍ਹ ਕੋਈ ਹੋਰ ਹੁੰਦਾ ਸੀ। ਸਿੱਖਾਂ ਦੀ ਤਾਕਤ ਵਧਦੀ ਜਾ ਰਹੀ ਸੀ। ਸਿੱਖਾਂ ਨੇ ੧੨ ਮਿਸਲਾਂ ਵਿਚ ਰਾਜ ਨੂੰ ਵੰਡ ਲਿਆ। ਸਰਦਾਰ ਜੱਸਾ ਸਿੰਘ ਨੇ ਸਿੱਖਾਂ ਵਿੱਚੋਂ ਦੂਰਦਰਸ਼ਤਾ ਨਾਲ ਏਕਤਾ ਕਰਵਾਈ। ਉਹ ਵੱਖ-ਵੱਖ ਮਿਸਲਾਂ ਦੀਆਂ ਫ਼ਰਦਾਂ ਬਣਾ ਲੈਂਦਾ ਸੀ ਅਤੇ ਉਹ ਸਰਦਾਰਾਂ ਨੂੰ ਇਸ ਗੱਲ ਤੋਂ ਮਨ੍ਹਾਂ ਕਰਦਾ ਸੀ ਕਿ ਉਹ ਕਿਸੇ ਹੋਰ ਦੀ ਮਿਸਲ ਵਿਚ ਦਖ਼ਲ ਦੇਣ। ਜੇ ਮਿਸਲਦਾਰ 'ਤੇ ਕੋਈ ਬਾਹਰਲਾ ਹਮਲਾ ਕਰ ਦਿੰਦਾ ਸੀ ਤਾਂ ਸਾਰੀਆਂ ਮਿਸਲਾਂ ਦੇ ਸਰਦਾਰ ਦਲ਼ ਖ਼ਾਲਸਾ ਦੇ ਰੂਪ ਵਿਚ ਕਾਰਵਾਈ ਕਰਦੇ ਸਨ। 'ਦਲ਼ ਖ਼ਾਲਸਾ' ਦੀ ਸੁਪਰੀਮ ਕਮਾਂਡ ਸਰਦਾਰ ਜੱਸਾ ਸਿੰਘ ਦੇ ਹੱਥਾਂ ਵਿਚ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਮਿਸਲ ਦਾ ਮੁਖੀ ਸੀ, ਜਿਸ ਦਾ ਹੈੱਡਕੁਆਰਟਰ ਭਾਵੇਂ ਕਪੂਰਥਲੇ ਸੀ ਪਰ ਜੱਸਾ ਸਿੰਘ ਜ਼ਿਆਦਾ ਫ਼ਤਿਹਾਬਾਦ ਵਿਚ ਹੀ ਰਹਿੰਦਾ ਸੀ।

੫ ਫਰਵਰੀ, ੧੭੬੨ ਈ. ਨੂੰ ਜੋ ਅਹਿਮਦ ਸ਼ਾਹ ਅਬਦਾਲੀ ਨੇ ਮਲੇਰਕੋਟਲੇ ਦੇ ਨੇੜੇ ਕੁਪ ਪਿੰਡ ਵਿਚ ਸਿੱਖਾਂ ਦੇ ਇਕੱਠ 'ਤੇ ਹਮਲਾ ਕਰ ਦਿੱਤਾ, ਜਿਸ ਨੂੰ 'ਵੱਡਾ ਘੱਲੂਘਾਰਾ' ਕਹਿੰਦੇ ਹਨ। ਉਸ ਨੂੰ ਸਰਦਾਰ ਜੱਸਾ ਸਿੰਘ ਨੇ ਉਸ ਜਥੇ ਵਿਚ ਅਹਿਮਦ ਸ਼ਾਹ ਦੀਆਂ ਫ਼ੌਜਾਂ ਨਾਲ ਲੜਦਿਆਂ ਆਪਣੀ ਸੂਝ ਅਤੇ ਸੂਰਬੀਰਤਾ ਵਿਖਾਈ। ਇਸ ਯੁੱਧ ਵਿਚ ਸਰਦਾਰ ਜੱਸਾ ਸਿੰਘ ਨੂੰ ੨੨ ਜ਼ਖ਼ਮ ਆਏ। ਅਹਿਮਦ ਸ਼ਾਹ ਸਮਝਦਾ ਸੀ ਕਿ ਉਨ੍ਹਾਂ ਨੇ ਸਿੱਖਾਂ ਨੂੰ ਖ਼ਤਮ ਕਰ ਦਿੱਤਾ ਹੈ ਪਰ ੧੭੬੨ ਦੀ ਵੈਸਾਖੀ ਵਾਲੇ ਦਿਨ ਸਿੱਖਾਂ ਨੇ ਫਿਰ ਸ੍ਰੀ ਦਰਬਾਰ ਸਾਹਿਬ ਵਿਚ ਪਹੁੰਚ ਕੇ ਦੀਵਾਲੀ ਦਾ ਤਿਉਹਾਰ ਮਨਾਇਆ ਅਤੇ ੧੭ ਅਕਤੂਬਰ, ੧੭੬੨ ਈ. ਨੂੰ ਅਬਦਾਲੀ 'ਤੇ ਹਮਲਾ ਕਰ ਦਿੱਤਾ। ਬਾਅਦ ਵਿਚ ਸਿੱਖ ਕੌਮ ਵੱਲੋਂ ਸਰਦਾਰ ਜੱਸਾ ਸਿੰਘ ਨੂੰ 'ਸੁਲਤਾਨ-ਉਲ-ਕੌਮ' ਕਿਹਾ ਜਾਂਦਾ ਸੀ ਕਿਉਂ ਜੋ ਉਨ੍ਹਾਂ ਨੇ ਕੌਮ ਦੇ ਯੋਗ ਆਗੂ ਦੇ ਰੂਪ ਵਿਚ ਵੱਡੀ ਭੂਮਿਕਾ ਨਿਭਾਈ ਸੀ। ੧੬ ਅਪ੍ਰੈਲ, ੧੭੬੫ ਈ. ਨੂੰ ਹੋਰ ਸਿੱਖ ਮਿਸਲਦਾਰਾਂ ਨਾਲ ਮਿਲ ਕੇ ਲਾਹੌਰ 'ਤੇ ਕਬਜ਼ਾ ਕਰ ਲਿਆ ਸੀ ਅਤੇ ਹੁਣ ਸਿੱਖਾਂ ਦੀ ਪੰਜਾਬ ਵਿਚ ਵੱਡੀ ਤਾਕਤ ਬਣ ਗਈ ਸੀ। ਉਹ ਮਹਾਨ ਜਰਨੈਲ ੧੭੮੩ ਦੀ ਦੀਵਾਲੀ ਤੋਂ ਪਹਿਲਾਂ ਜਦੋਂ ਫ਼ਤਿਹਾਬਾਦ ਤੋਂ ਸ੍ਰੀ ਅੰਮ੍ਰਿਤਸਰ ਆ ਰਹੇ ਸਨ ਪਰ ਦੀਵਾਲੀ ਤੋਂ ਪਹਿਲਾਂ ਹੀ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਸੰਘਰਸ਼ਮਈ ਜੀਵਨ ਕਰਕੇ ਉਨ੍ਹਾਂ ਦਾ ਨਾਂ ਸਿੱਖ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਲਿਖਿਆ ਜਾਂਦਾ ਹੈ। ■

# ਪ੍ਰਸਿੱਧ ਕੀਰਤਨੀਏ : ਭਾਈ ਜੁਵਾਲਾ ਸਿੰਘ ਜੀ

*-ਪ੍ਰੋ. ਨਵ ਸੰਗੀਤ ਸਿੰਘ**

ਭਾਈ ਜੁਵਾਲਾ ਸਿੰਘ ਜੀ ਦਾ ਸੰਬੰਧ ਕੀਰਤਨੀਆਂ ਦੀ ਉਸ ਪਰੰਪਰਾ ਨਾਲ ਹੈ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਮੇਂ ਤੋਂ ਚੱਲੀ ਆ ਰਹੀ ਹੈ। ਭਾਈ ਸਾਹਿਬ ਜਿੱਥੇ ਧਰੁਪਦ ਗਾਇਨ ਵਿਚ ਮਾਹਿਰ ਸਨ, ਉੱਥੇ ਪੜਤਾਲ ਗਾਇਕੀ ਵਿਚ ਵੀ ਉਨ੍ਹਾਂ ਦਾ ਕੋਈ ਸਾਨੀ ਨਹੀਂ ਸੀ। ਉਨ੍ਹਾਂ ਨੇ ਤੰਤੀ-ਸਾਜ਼ਾਂ ਦੀ ਪਰੰਪਰਾ ਨੂੰ ਆਪਣੇ ਜੀਵਨ-ਕਾਲ ਵਿਚ ਸਜੀਵ ਰੱਖਿਆ।

ਭਾਈ ਜੁਵਾਲਾ ਸਿੰਘ ਜੀ ਦੀ ਜਨਮ ਤਰੀਕ ਬਾਰੇ ਉਨ੍ਹਾਂ ਦੇ ਪਰਵਾਰ ਵਿਚ ਵੀ ਕਿਸੇ ਨੂੰ ਪੱਕਾ ਪਤਾ ਨਹੀਂ ਹੈ, ਤਾਂ ਵੀ ਉਨ੍ਹਾਂ ਦਾ ਜਨਮ ੨੪ ਪੋਹ, ਦਿਨ ਮੰਗਲਵਾਰ ੧੯੩੬ ਬਿਕ੍ਰਮੀ ਮੁਤਾਬਕ ਸੰਨ ੧੮੭੯ ਈ. ਦਾ ਮੰਨਿਆ ਜਾਂਦਾ ਹੈ। ਉਹ ਭਾਈ ਦੇਵਾ ਸਿੰਘ ਦੇ ਘਰ ਮਾਤਾ ਨੰਦਾ (ਨੰਦ ਕੌਰ) ਦੀ ਕੁੱਖੋਂ ਪਿੰਡ ਸੈਦਪੁਰ (ਠੱਟਾ ਟਿੱਬਾ) ਜ਼ਿਲ੍ਹਾ ਕਪੂਰਥਲਾ ਵਿਖੇ ਪੈਦਾ ਹੋਏ। ਉਨ੍ਹਾਂ ਦੇ ਤਿੰਨ ਹੋਰ ਵੱਡੇ ਭਰਾ ਵੀ ਸਨ—ਸੁੰਦਰ ਸਿੰਘ, ਨਰੈਣ ਸਿੰਘ ਅਤੇ ਸਾਵਣ ਸਿੰਘ।

ਕੀਰਤਨ ਦੀ ਦਾਤ ਭਾਈ ਜੁਵਾਲਾ ਸਿੰਘ ਜੀ ਨੂੰ ਵਿਰਸੇ ਵਿਚ ਪ੍ਰਾਪਤ ਹੋਈ। ਉਨ੍ਹਾਂ ਦੇ ਪਿਤਾ ਭਾਈ ਦੇਵਾ ਸਿੰਘ ਵੀ ਪੱਕੇ ਰਾਗਾਂ ਵਿਚ ਕੀਰਤਨ ਕਰਨ ਦੇ ਮਾਹਿਰ ਸਨ। ਭਾਈ ਨਰੈਣ ਸਿੰਘ ਅਤੇ ਭਾਈ ਸਾਵਣ ਸਿੰਘ ਪਿਤਾ ਨਾਲ ਤਾਊਸ ਅਤੇ ਜੋੜੀ ਉੱਤੇ ਸੰਗਤ ਕਰਿਆ ਕਰਦੇ ਸਨ। ਭਾਈ ਜੁਵਾਲਾ ਸਿੰਘ ਦੇ ਦਾਦਾ ਭਾਈ ਮੋਹਰ ਸਿੰਘ (ਟਹਿਲ ਸਿੰਘ) ਨੂੰ ਵੀ ਕੀਰਤਨ ਦਾ ਸ਼ੌਂਕ ਸੀ। ਭਾਈ ਮੋਹਰ ਸਿੰਘ ਤੇ ਭਾਈ ਦੇਵਾ ਸਿੰਘ ਫਤਿਆਬਾਦ ਰਹਿੰਦੇ ਸਮੇਂ ਦੀਵਾਲੀ ਤੇ ਵੈਸਾਖੀ ਦੇ ਦਿਨਾਂ ਵਿਚ ਸ੍ਰੀ ਅੰਮ੍ਰਿਤਸਰ ਦੀ ਯਾਤਰਾ ਨੂੰ ਜਾਣ ਵਾਲੀ ਸੰਗਤ ਦੀ ਟਹਿਲ-ਸੇਵਾ ਕਰ ਕੇ ਬੜੇ ਖੁਸ਼ ਹੁੰਦੇ ਹਨ ਤੇ ਇਸੇ ਸੰਗਤ ’ਚੋਂ ਉਹ ਕਿਸੇ ਵਿਦਵਾਨ ਰਾਗੀ ਨੂੰ ਕੁਝ ਦਿਨ ਆਪਣੇ ਕੋਲ ਰੱਖ ਲੈਂਦੇ ਅਤੇ ਉਸ ਪਾਸੋਂ ਸ਼ਬਦ ਰੀਤਾਂ ਦੀ ਜਾਣਕਾਰੀ ਹਾਸਲ ਕਰਦੇ। ਰਾਤ ਸਮੇਂ ਸੌਣ ਤੋਂ ਪਹਿਲਾਂ ਸਾਰਾ ਪਰਵਾਰ ਮਿਲ ਕੇ ਕੁਝ ਸਮਾਂ ਸਿਰੰਦੇ, ਤਾਊਸ ਅਤੇ ਜੋੜੀ ਨਾਲ ਕੀਰਤਨ ਕਰਿਆ ਕਰਦਾ ਸੀ।

੧੯੩੯ ਈ. ਦੇ ਆਸਪਾਸ ਭਾਈ ਦੇਵਾ ਸਿੰਘ ਪਹਿਲਾਂ ਬਿਧੀਪੁਰ ਆਏ ਅਤੇ ਫਿਰ ਸੁਲਤਾਨਪੁਰ ਲੋਧੀ ਦੇ ਨੇੜ੍ਹੇ ਸੈਦਪੁਰ ਵਿਖੇ ਆ ਕੇ ਟਿਕ ਗਏ। ਉਹ ਰਾਮਗੜ੍ਹੀਆ ਖ਼ਾਨਦਾਨ ਨਾਲ ਸੰਬੰਧਿਤ ਸੈਂਭੀ ਪਰਵਾਰ ਵਿੱਚੋਂ ਸਨ। ਉਨ੍ਹਾਂ ਦਾ ਮੁੱਖ ਕਿੱਤਾ

** #੧, ਲਤਾ ਗ੍ਰੀਨ ਇਨਕਲੇਵ, ਪਟਿਆਲਾ-੧੪੭੦੦੧; ਮੋ. ੯੪੧੭੬੯੨੦੧੫*

ਦਸਤਕਾਰੀ, ਤਰਖਾਣਾ, ਲੋਹਾਰਾ ਸੀ, ਜਦ ਕਿ ਸ਼ੌਂਕੀਆ ਤੌਰ 'ਤੇ ਉਹ ਖੇਤੀਬਾੜੀ ਵੀ ਕਰਦੇ ਹਨ।

ਪੰਜ ਕੁ ਸਾਲ ਦੀ ਉਮਰ ਵਿਚ ਉਨ੍ਹਾਂ ਨੂੰ ਪਿੰਡ ਦੇ ਗ੍ਰੰਥੀ ਭਾਈ ਪਾਲਾ ਸਿੰਘ ਕੋਲ ਗੁਰਮੁਖੀ ਸਿੱਖਣ ਲਈ ਭੇਜਿਆ ਗਿਆ, ਜਿੱਥੇ ਉਨ੍ਹਾਂ ਨੇ 'ਪੰਜ ਗ੍ਰੰਥੀ', 'ਬਾਈ ਵਾਰਾਂ ਦੀ ਪੋਥੀ', 'ਭਗਤ ਬਾਣੀ' ਦੇ ਨਾਲ-ਨਾਲ 'ਹਨੂੰਮਾਨ ਨਾਟਕ' ਵੀ ਪੜ੍ਹਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਵੀ ਸਿੱਖ ਲਿਆ।

ਨੌ-ਦਸ ਸਾਲ ਦੀ ਉਮਰ ਵਿਚ ਭਾਈ ਜੁਵਾਲਾ ਸਿੰਘ ਨੂੰ ਇੱਕ ਸੂਰਮੇ ਰਾਗੀ ਬਾਬਾ ਸ਼ਰਧਾ ਸਿੰਘ ਕੋਲ ਗੁਰਬਾਣੀ ਕੀਰਤਨ ਦੀ ਵਿੱਦਿਆ ਲਈ ਭੇਜਿਆ ਗਿਆ, ਜੋ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਗਿੜਵੜੀ ਦੇ ਵਸਨੀਕ ਸਨ। ਇਨ੍ਹਾਂ ਦਾ ਮਿਲਾਪ ਵੀ ਭਾਈ ਦੇਵਾ ਸਿੰਘ ਨਾਲ ਸ੍ਰੀ ਅੰਮ੍ਰਿਤਸਰ ਆਉਂਦੇ-ਜਾਂਦੇ ਹੋਇਆ ਸੀ ਤੇ ਪਿੱਛੋਂ ਦੋਵੇਂ ਪੱਗ-ਵਟ ਭਰਾ ਬਣ ਗਏ ਸਨ। ਬਾਬਾ ਸ਼ਰਧਾ ਸਿੰਘ ਨੇ ਆਪਣੇ ਸ਼ਾਗਿਰਦ ਨੂੰ ਸ਼ਬਦ ਰੀਤਾਂ ਵਿਚ ਪ੍ਰਪੱਕ ਕਰ ਦਿੱਤਾ ਅਤੇ ਰਾਗਾਂ ਦੀ ਬਾਰੀਕੀ ਤੋਂ ਵਾਕਿਫ ਕਰਵਾਉਣ ਲਈ ਉਸ ਨੂੰ ਸ੍ਰੀ ਅੰਮ੍ਰਿਤਸਰ ਦੇ ਭਾਈ ਵਸਾਵਾ ਸਿੰਘ (ਰੰਗੀ ਰਾਮ ਸਿੰਘ) ਦੇ ਹਵਾਲੇ ਕਰ ਦਿੱਤਾ। ਇਉਂ ਭਾਈ ਜੁਵਾਲਾ ਸਿੰਘ ਨੂੰ ਤਿੰਨ ਸੋਮਿਆਂ ਤੋਂ ਕੀਰਤਨ ਦੀ ਵਿੱਦਿਆ ਹਾਸਲ ਹੋਈ : ਪਹਿਲੀ ਆਪਣੇ ਪਿਤਾ ਕੋਲੋਂ, ਦੂਜੀ ਬਾਬਾ ਸ਼ਰਧਾ ਸਿੰਘ ਕੋਲੋਂ, ਤੀਜੀ ਭਾਈ ਵਸਾਵਾ ਸਿੰਘ ਪਾਸੋਂ।

ਭਾਈ ਵਸਾਵਾ ਸਿੰਘ ਤੋਂ ਅਸ਼ੀਰਵਾਦ ਲੈ ਕੇ ਉਹ ਪਹਿਲਾਂ ਆਪਣੇ ਪਿੰਡ ਆਏ, ਫਿਰ ਬਾਬਾ ਸ਼ਰਧਾ ਸਿੰਘ ਦੇ ਦਰਸ਼ਨ ਕੀਤੇ। ਉੱਥੋਂ ਉਹ ਸੱਖਰ ਸਿੰਧ ਚਲੇ ਗਏ, ਜਿੱਥੋਂ ਦੇ ਡੇਰੇ ਦਾ ਮਹੰਤ ਊਧੋ ਦਾਸ ਨਾ ਕੇਵਲ ਸੰਗੀਤਕਾਰ ਤੇ ਗੁਰਬਾਣੀ ਦਾ ਖੋਜੀ ਹੀ ਸੀ, ਸਗੋਂ ਵਿਦਵਾਨਾਂ ਅਤੇ ਗਾਇਕਾਂ ਦੀ ਕਦਰ ਵੀ ਕਰਦਾ ਸੀ। ਇੱਥੇ ਹੀ ਇੱਕ ਸਿੰਧੀ ਰੇਲਵੇ ਅਫਸਰ ਦੇ ਪੁੱਤਰ ਦੇ ਜਨਮ ਦੀ ਖੁਸ਼ੀ ਵਿਚ ਹੋਏ ਸਮਾਗਮ ਵਿਚ ਭਾਈ ਜੁਵਾਲਾ ਸਿੰਘ ਨੇ ੪-੫ ਘੰਟੇ ਵੱਖ-ਵੱਖ ਰਾਗਾਂ ਵਿਚ ਨਗਮੇ ਪੇਸ਼ ਕਰ ਕੇ ਖੂਬ ਦਾਦ ਹਾਸਲ ਕੀਤੀ, ਜਿਸ ਤੋਂ ਖੁਸ਼ ਹੋ ਕੇ ਉਸ ਰੇਲਵੇ ਅਫਸਰ ਨੇ ਭਾਈ ਸਾਹਿਬ ਨੂੰ ਪੂਰੇ ਭਾਰਤ ਦਾ ਮੁਫਤ ਰੇਲ-ਪਾਸ ਦੇਣ ਦੀ ਪੇਸ਼ਕਸ਼ ਕੀਤੀ ਪਰ ਉਨ੍ਹਾਂ ਨੇ ਇਸ ਨੂੰ ਅਸਵੀਕਾਰ ਕਰ ਦਿੱਤਾ।

੧੮੯੯ ਈ. ਦੇ ਨੇੜ੍ਹੇ-ਤੇੜ੍ਹੇ, ਕਰੀਬ ੨੦ ਕੁ ਸਾਲ ਦੀ ਉਮਰ ਵਿਚ ਭਾਈ ਜੁਵਾਲਾ ਸਿੰਘ ਨੇ ਆਪਣਾ ਵੱਖਰਾ ਕੀਰਤਨੀ ਜਥਾ ਬਣਾ ਲਿਆ, ਜਿਸ ਵਿਚ ਬਾਬਾ ਸ਼ਰਧਾ ਸਿੰਘ, ਭਾਈ ਹੀਰਾ ਸਿੰਘ, ਭਾਈ ਟਹਿਲ ਸਿੰਘ, ਭਾਈ ਹਰਨਾਮ ਸਿੰਘ, ਸੂਰਮਾ ਭਾਈ ਸ਼ੇਰ ਸਿੰਘ ਆਦਿ ੬-੭ ਮੈਂਬਰ ਸਨ, ਜਿਨ੍ਹਾਂ ਦੇ ਮੁਖੀ ਭਾਈ ਜੁਵਾਲਾ ਸਿੰਘ ਖ਼ੁਦ ਸਨ।

ਇਸ ਤੋਂ ਪਹਿਲਾਂ ੧੮੯੪ ਈ. ਵਿਚ ਉਨ੍ਹਾਂ ਦੀ ਸ਼ਾਦੀ ਸੁਰਖਪੁਰ, ਜ਼ਿਲ੍ਹਾ

ਕਪੂਰਥਲਾ ਦੀ ਬੀਬੀ ਆਤੀ (ਆਤਮਾ ਕੌਰ) ਨਾਲ ਹੋ ਚੁਕੀ ਸੀ, ਜਿਸ ਦੀ ਕੁੱਖੋਂ ਚਾਰ ਬੱਚੇ (ਦੋ ਲੜਕੇ,ਦੋ ਲੜਕੀਆਂ) ਪੈਦਾ ਹੋਏ। ਲਗਪਗ ਇਸੇ ਸਾਲ (੧੯੦੪ ਈ. ਵਿਚ) ਉਨ੍ਹਾਂ ਦੇ ਪਿਤਾ ਦਾ ਦਿਹਾਂਤ ਹੋ ਗਿਆ।

ਭਾਈ ਸਾਹਿਬ ਨੇ 'ਸਿੰਘ ਸਭਾ ਲਹਿਰ' ਦੇ ਪ੍ਰਭਾਵ ਹੇਠ ਮਨਮਤ, ਮੂਰਤੀ ਪੂਜਾ ਅਤੇ ਵਹਿਮਾਂ-ਭਰਮਾਂ ਨੂੰ ਖਤਮ ਕਰਨ ਲਈ ਪਿੰਡਾਂ ਵਿਚ ਪ੍ਰਚਾਰ ਕੀਤਾ। ਗੁਰਮਤਿ ਦੇ ਵਿਰੋਧੀਆਂ ਵੱਲੋਂ ਉਨ੍ਹਾਂ ਨੂੰ ਦੋ-ਵਾਰ ਕਤਲ ਕਰਨ ਅਤੇ ਭੋਜਨ ਵਿਚ ਸੰਖੀਆ ਦੇ ਕੇ ਮਾਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਗਈਆਂ, ਪਰ ਗੁਰੂ-ਕਿਰਪਾ ਨਾਲ ਉਨ੍ਹਾਂ ਦਾ ਵਾਲ ਵੀ ਵਿੰਗਾ ਨਾ ਹੋਇਆ।

ਸੰਨ ੧੯੧੧ ਦੇ ਆਸਪਾਸ ਬੀਬੀ ਆਤੀ (ਆਤਮਾ ਕੌਰ) ਦਾ ਦਿਹਾਂਤ ਹੋ ਗਿਆ। ਉਦੋਂ ਤਕ ਭਾਈ ਸਾਹਿਬ ਦੀ ਪ੍ਰਸਿੱਧੀ ਪੂਰੇ ਪੰਜਾਬ ਵਿਚ ਫੈਲ ਚੁਕੀ ਸੀ। ੧੯੧੨ ਦੇ ਨੇੜ੍ਹੇ-ਤੇੜ੍ਹੇ ਉਨ੍ਹਾਂ ਦੀ ਦੂਜੀ ਸ਼ਾਦੀ ਬੀਬੀ ਰਣਜੋਧ ਕੌਰ ਨਾਲ ਹੋ ਗਈ, ਜਿਸ ਦੀ ਕੁੱਖੋਂ ਛੇ ਬੱਚਿਆਂ (ਤਿੰਨ ਲੜਕੀਆਂ ਤੇ ਤਿੰਨ ਲੜਕਿਆਂ) ਨੇ ਜਨਮ ਲਿਆ। ਉਨ੍ਹਾਂ ਦੇ ਦੋਹਾਂ ਵੱਡੇ ਲੜਕਿਆਂ ਭਾਈ ਗੁਰਚਰਨ ਸਿੰਘ ਕੰਵਲ ਅਤੇ ਭਾਈ ਅਵਤਾਰ ਸਿੰਘ ਨੇ ਆਪਣੇ ਪਿਤਾ ਦੀ ਦੇਖ-ਰੇਖ ਹੇਠ ਕੀਰਤਨ ਦੀ ਸਿਖਲਾਈ ਪ੍ਰਾਪਤ ਕੀਤੀ ਅਤੇ ਦੇਸ਼-ਵਿਦੇਸ਼ ਵਿਚ ਕੀਰਤਨ ਰਾਹੀਂ ਖੂਬ ਪ੍ਰਸੰਸਾ ਹਾਸਲ ਕੀਤੀ।

**ਭਾਈ ਜੁਵਾਲਾ ਸਿੰਘ ਦੇ ਜੀਵਨ ਵਿਚ ਕੀਰਤਨ-ਪ੍ਰਚਾਰ ਦੌਰਾਨ ਕੁਝ ਅਦਭੁਤ ਘਟਨਾਵਾਂ ਵੀ ਹੋਈਆਂ:** ੧੩ ਅਕਤੂਬਰ, ੧੯੨੬ ਈ. ਨੂੰ ਗੁਮਟਾਲਾ ਵਿਖੇ ਕੀਰਤਨ ਕਰਦਿਆਂ ਸੰਗਤ ਵਿਚ ਇੱਕ ਫਨੀਅਰ ਸੱਪ ਆਣ ਖਲੋਤਾ। ਸੰਗਤ ਉਸ ਨੂੰ ਮਾਰਨ ਲਈ ਦੌੜੀ ਪਰ ਭਾਈ ਸਾਹਿਬ ਨੇ ਰੋਕ ਦਿੱਤਾ। ਉਨ੍ਹਾਂ ਨੇ ਕਰੀਬ ਪੌਣਾ ਕੁ ਘੰਟਾ ਤਾਊਸ ਵਜਾਇਆ ਅਤੇ ਸੱਪ ਮੰਤਰ-ਮੁਗਧ ਹੋ ਕੇ ਝੂਮਦਾ ਰਿਹਾ। ਤਾਊਸ ਬੰਦ ਹੋਣ 'ਤੇ ਉਹ ਬਿਨਾਂ ਕਿਸੇ ਨੂੰ ਨੁਕਸਾਨ ਪਹੁੰਚਾਇਆਂ ਇਕ ਪਾਸੇ ਚਲਾ ਗਿਆ। ਇਵੇਂ ਹੀ ੨੪ ਨਵੰਬਰ, ੧੯੪੫ ਈ. ਨੂੰ ਆਪ ਜਬਲਪੁਰ ਵਿਖੇ ਸ. ਅਮਰ ਸਿੰਘ ਪਾਲ ਦੀ ਕੋਠੀ ਵਿਚ ਪਾਠ ਦੀ ਸੇਵਾ ਨਿਭਾ ਰਹੇ ਸਨ ਕਿ ਪਰਵਾਰ ਦੇ ਬੱਚਿਆਂ ਨੂੰ ੫-੬ ਨਿਹੰਗ ਸਿੰਘ ਘਰ ਵਿਚ ਤੁਰਦੇ-ਫਿਰਦੇ ਨਜ਼ਰ ਆਏ। ਭਾਈ ਸਾਹਿਬ ਨੇ ਪਰਵਾਰ ਨੂੰ ਦੱਸਿਆ ਕਿ ਜਿੱਥੇ ਨਿੱਤਨੇਮੀ, ਅੰਮ੍ਰਿਤਧਾਰੀ ਸਿੰਘ ਪਾਠ ਕਰਦੇ ਹੋਣ, ਉੱਥੇ ਗੁਪਤ ਸ਼ਹੀਦ ਸਿੰਘਾਂ ਦਾ ਪਹਿਰਾ ਹੁੰਦਾ ਹੈ।

ਭਾਈ ਸਾਹਿਬ ਨੇ ਸਾਰੀ ਉਮਰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਕਿਸੇ ਮੂਹਰੇ ਸਿਰ ਨਹੀਂ ਝੁਕਾਇਆ ਅਤੇ ਦੇਹਧਾਰੀ ਗੁਰੂ-ਡੰਮ, ਰਾਧਾ ਸੁਆਮੀ ਫਿਰਕੇ ਦੀ ਸਖਤ ਵਿਰੋਧਤਾ ਕੀਤੀ। ਉਹ ਆਪਣੇ ਨਿੱਤਨੇਮ ਅਤੇ ਕੀਰਤਨ ਪ੍ਰੋਗਰਾਮਾਂ ਦੇ ਰੁਝੇਵਿਆਂ 'ਚੋਂ ਸਮਾਂ ਕੱਢ ਕੇ ਰੋਜ਼ਾਨਾ ਸਹਿਜ ਪਾਠ ਵੀ ਕਰਦੇ ਰਹੇ। ਉਨ੍ਹਾਂ ਦਾ ਇਹ

ਨੇਮ ਜ਼ਿੰਦਗੀ-ਭਰ ਨਾਲ ਨਿਭਿਆ। ਉਹ ਪਾਠ ਖੁਦ ਕਰਨ ਅਤੇ ਸੁਣਨ ਦੇ ਸਮਰਥਕ ਸਨ।

'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਅਤੇ 'ਅਕਾਲੀ ਲਹਿਰ' ਸਮੇਂ ਵੀ ਭਾਈ ਜੁਵਾਲਾ ਸਿੰਘ ਨੇ ਵਧ-ਚੜ੍ਹ ਕੇ ਹਿੱਸਾ ਪਾਇਆ। ਇਨ੍ਹਾਂ ਵਿਚ ਸਾਕਾ ਨਨਕਾਣਾ ਸਾਹਿਬ, ਜੈਤੋ ਦਾ ਮੋਰਚਾ, ਗੁਰੂ ਕੇ ਬਾਗ਼ ਦਾ ਮੋਰਚਾ ਅਤੇ ਚਾਬੀਆਂ ਦਾ ਮੋਰਚਾ ਪ੍ਰਮੁੱਖ ਹਨ। ਅਜਿਹੇ ਮੋਰਚਿਆਂ ਸਮੇਂ ਉਨ੍ਹਾਂ ਨੇ ਕਰੀਬ ਛੇ ਮਹੀਨੇ ਕੈਦ ਕੱਟੀ ਅਤੇ ੩੦ ਕੁ ਸਾਲ ਕੈਦ ਦੀਆਂ ਸਖਤੀਆਂ ਦਾ ਦੁੱਖ ਖਿੜੇ-ਮੱਥੇ ਸਹਾਰਿਆ।

੨੯ ਮਈ, ੧੯੫੨ ਈ. ਨੂੰ ਉਨ੍ਹਾਂ ਨੇ ਆਪਣੇ ਘਰ ਵਿਚ ਆਖਰੀ ਸਾਹ ਲਿਆ। ਉਨ੍ਹਾਂ ਦੀ ਅੰਤਿਮ ਇੱਛਾ ਅਨੁਸਾਰ ਪਰਵਾਰ ਵੱਲੋਂ ਉਨ੍ਹਾਂ ਦੇ ਸਰੀਰ ਨੂੰ ਇੱਕ ਬਕਸੇ ਵਿਚ ਬੰਦ ਕਰ ਕੇ ਦਰਿਆ ਬਿਆਸ ਵਿਚ ਜਲ-ਪ੍ਰਵਾਹ ਕੀਤਾ ਗਿਆ।

ਭਾਈ ਜੁਵਾਲਾ ਸਿੰਘ ਜੀ ਦੇ ਸ਼ਾਗਿਰਦਾਂ ਦੀ ਸੂਚੀ ਬੜੀ ਲੰਮੇਰੀ ਹੈ, ਤਾਂ ਵੀ ਉਨ੍ਹਾਂ ਦੇ ਪ੍ਰਮੁੱਖ ਵਿਦਿਆਰਥੀਆਂ ਵਿਚ ਭਾਈ ਗੁਰਚਰਨ ਸਿੰਘ ਕੰਵਲ, ਭਾਈ ਅਵਤਾਰ ਸਿੰਘ (ਦੋਵੇਂ ਲੜਕੇ), ਭਾਈ ਬਹਿਲ ਸਿੰਘ, ਭਾਈ ਖੜਕ ਸਿੰਘ (ਤਰਨ ਤਾਰਨ), ਭਾਈ ਜੈਦੇਵ ਸਿੰਘ, ਭਾਈ ਅਰਜਨ ਸਿੰਘ ਤਰੰਗੜ, ਭਾਈ ਭਗਤ ਸਿੰਘ (ਜਲੰਧਰ) ਦੇ ਨਾਂ ਉਲੇਖਯੋਗ ਹਨ।

ਭਾਈ ਸਾਹਿਬ ਆਪਣੇ ਸਮੇਂ ਦੇ ਪ੍ਰਸਿੱਧ ਕੀਰਤਨੀਏ ਸਨ, ਜਿਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਹਿੱਤ ਮਾਇਆ ਤੋਂ ਨਿਰਲੇਪ ਰਹਿ ਕੇ ਜੀਵਨ ਬਿਤਾਇਆ। ਅਜਿਹੇ ਸਦਗੁਣਾਂ ਵਾਲੇ ਕੀਰਤਨਕਾਰਾਂ ਬਾਰੇ ਹੀ ਗੁਰਬਾਣੀ ਵਿਚ ਫੁਰਮਾਨ ਹੈ:

*ਭਲੋ ਭਲੋ ਰੇ ਕੀਰਤਨੀਆ॥*
*ਰਾਮ ਰਮਾ ਰਾਮਾ ਗੁਨ ਗਾਉ॥*
*ਛੋਡਿ ਮਾਇਆ ਕੇ ਧੰਧ ਸੁਆਉ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੮੮੫)*

■

## ਪਿੰਡ ਬੱਲ ਖੁਰਦ ਵਿਖੇ ਅੰਮ੍ਰਿਤ ਸੰਚਾਰ

ਮਨਦੀਪ ਸਿੰਘ ਝੰਡੇਰ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ, ਪਿੰਡ ਬੱਲ ਖੁਰਦ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੧੫ ਮਾਰਚ, ੨੦੨੬ ਨੂੰ ਅੰਮ੍ਰਿਤ-ਸੰਚਾਰ ਕਰਵਾਇਆ ਗਿਆ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਨੇ ਖੰਡੇ-ਬਾਟੇ ਦੀ ਪਾਹੁਲ ਤਿਆਰ ਕੀਤੀ, ਜਿਸ ਤਹਿਤ ੨੯ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ। ■

# ਸੰਤ-ਸਕਾਲਰ ਬਾਬਾ ਤੇਜਾ ਸਿੰਘ ਜੀ ਦਾ ਮਹਾਨ ਜੀਵਨ, ਘਾਲਣਾ ਅਤੇ ਯੋਗਦਾਨ

*-ਡਾ. ਅਜੈ ਪਾਲ ਸਿੰਘ**

ਸੰਤ ਬਾਬਾ ਤੇਜਾ ਸਿੰਘ ਜੀ ਦਾ ਜਨਮ ਸ. ਰੱਲਾ ਸਿੰਘ ਅਤੇ ਮਾਤਾ ਸਦਾ ਕੌਰ ਦੇ ਘਰ ੧੪ ਮਈ, ੧੮੭੭ ਈ. ਨੂੰ ਪਿੰਡ ਬਲੋਵਾਲੀ (ਗੁਜਰਾਂਵਾਲਾ) ਪੰਜਾਬ (ਪਾਕਿਸਤਾਨ) ਵਿਖੇ ਹੋਇਆ। ਆਪ ਜੀ ਦਾ ਪਹਿਲਾਂ ਨਾਂ ਨਰਿੰਜਨ ਸਿੰਘ ਮਹਿਤਾ ਸੀ।[੧] ਆਪ ਜੀ ਦੇ ਪਿਤਾ ਜੀ ਪੇਸ਼ੇ ਵਜੋਂ ਇਕ ਡਾਕਟਰ ਸਨ। ਬਚਪਨ ਤੋਂ ਹੀ ਬਾਬਾ ਤੇਜਾ ਸਿੰਘ ਜੀ ਦੀ ਤੀਖਣ ਬੁੱਧੀ ਸੀ, ਜਿਸ ਕਾਰਨ ਆਪ ਹਰੇਕ ਜਮਾਤ ਵਿੱਚੋਂ ਪਹਿਲਾ ਸਥਾਨ ਅਤੇ ਵਜੀਫਾ ਹਾਸਲ ਕਰਦੇ। 'ਐਫ. ਏ.' ਦੀ ਪ੍ਰੀਖਿਆ ਦੇ ਫਿਜ਼ੀਕਲ ਸਾਇੰਸ ਵਿਸ਼ੇ ਵਿਚ ਆਪ ਜੀ ਨੇ ਸਮੁੱਚੇ ਪੰਜਾਬ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਸੰਨ ੧੯੦੦ ਈ. ਵਿਚ ਐਲ. ਐਲ. ਬੀ. ਦੀ ਡਿਗਰੀ ਜਮਾਤ ਵਿੱਚੋਂ ਪਹਿਲਾ ਸਥਾਨ ਹਾਸਲ ਕਰ ਕੇ ਪ੍ਰਾਪਤ ਕੀਤੀ, ਉਪਰੰਤ ੧੯੦੧ ਈ. ਵਿਚ ਐਮ.ਏ. (ਅੰਗਰੇਜ਼ੀ) ਦੀ ਪ੍ਰੀਖਿਆ ਵੀ ਪੂਰੇ ਪੰਜਾਬ ਵਿੱਚੋਂ ਅੱਵਲ ਰਹਿ ਕੇ ਪਾਸ ਕੀਤੀ। ਏਨੀ ਉੱਚ ਵਿੱਦਿਆ ਹਾਸਲ ਕਰਨ ਤੋਂ ਬਾਅਦ ਆਪ ਜੀ ਨੇ ਵਕਾਲਤ ਦੇ ਕਿੱਤੇ ਦੀ ਸ਼ੁਰੂਆਤ ਕੀਤੀ ਪਰ ਹਿਰਦਾ ਨਿਸ਼ਕਪਟ ਅਤੇ ਝੂਠ ਬੋਲਣ ਤੋਂ ਪਰ੍ਹੇ ਹੋਣ ਕਾਰਨ ਇਕ ਹਫਤੇ ਉਪਰੰਤ ਹੀ ਆਪ ਜੀ ਨੇ ਇਹ ਕਿੱਤਾ ਛੱਡ ਦਿੱਤਾ। ਆਪ ਜੀ ਨੇ ੧੯੦੨ ਈ. ਵਿਚ ਸਾਲਟ ਵਿਭਾਗ ਦਾ ਇਮਤਿਹਾਨ ਪਾਸ ਕਰ ਕੇ ਇਕ ਉੱਚ ਰੈਂਕ ਵਾਲੀ ਰਾਸ਼ਟਰੀ ਪੱਧਰ ਦੀ ਸਰਕਾਰੀ ਨੌਕਰੀ ਹਾਸਲ ਕੀਤੀ। ਜ਼ਿਕਰਯੋਗ ਹੈ ਕਿ ਇਸ ਪ੍ਰੀਖਿਆ ਵਿਚ ਕਈ ਵਿਦਿਆਰਥੀਆਂ ਨੇ ਭਾਗ ਲਿਆ ਸੀ, ਪਰ ਉਨ੍ਹਾਂ ਵਿੱਚੋਂ ਇੱਕੋ-ਇਕ ਅਜਿਹੇ ਸ਼ਖ਼ਸ ਬਾਬਾ ਤੇਜਾ ਸਿੰਘ ਜੀ ਹੀ ਸਨ, ਜਿਨ੍ਹਾਂ ਨੇ ਇਹ ਉੱਚ ਪੱਧਰੀ ਟੈਸਟ ਪਾਸ ਕੀਤਾ। ਬਚਪਨ ਤੋਂ ਹੀ ਪੜ੍ਹਨ-ਪੜ੍ਹਾਉਣ ਵਿਚ ਵਿਸ਼ੇਸ਼ ਰੁਚੀ ਹੋਣ ਕਾਰਨ ਆਪ ਜੀ ਨੇ ੧੯੦੪ ਈ. ਵਿਚ ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਵਿਖੇ ਵਾਇਸ ਪ੍ਰਿੰਸੀਪਲ ਦਾ ਪਦ ਪ੍ਰਾਪਤ ਕੀਤਾ, ਇਸ ਤੋਂ ਪਹਿਲਾਂ ਇਸ ਵੱਡੇ ਅਹੁਦੇ ਉੱਤੇ ਸਿਰਫ ਅੰਗਰੇਜ਼ ਅਫਸਰ ਹੀ ਨਿਯੁਕਤ ਕੀਤੇ ਜਾਂਦੇ ਸਨ। ਕੁਝ ਸਮੇਂ ਬਾਅਦ ਹੀ ਆਪ ਜੀ ਦੀ ਕਾਬਲੀਅਤ ਨੂੰ ਮੁੱਖ ਰੱਖਦਿਆਂ ਆਪ ਜੀ ਨੂੰ ਖ਼ਾਲਸਾ ਕਾਲਜ ਦਾ ਪ੍ਰਿੰਸੀਪਲ ਬਣਾ ਦਿੱਤਾ ਗਿਆ। ਡਾ. ਦਰਸ਼ਨ ਸਿੰਘ ਤਤਲਾ ਅਨੁਸਾਰ "In 1904, Niranjan Singh was appointed Vice-Principal of

** ਸਹਾਇਕ ਪ੍ਰੋਫ਼ੈਸਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਿਹਗੜ੍ਹ ਸਾਹਿਬ। ਮੋ. ੯੪੧੭੧੯੪੦੦੫*

Khalsa College, Amritsar- a prestigious institution of Sikhs. Soon he became acting principal as Mr. Cole left for Britain for a year. At Khalsa College, he became a deeply religious man from a somewhat agnostic past. Amritsar offered him many religious gatherings and congregations, where he met many Sikh and other denominational saints."[2]

ਇਸ ਗੱਲ ਦਾ ਜ਼ਿਕਰ ਕਰਨਾ ਵੀ ਬਹੁਤ ਜ਼ਰੂਰੀ ਹੈ ਕਿ ਪੱਛਮੀ ਵਿੱਦਿਆ ਦੇ ਪ੍ਰਭਾਵ ਕਾਰਨ ਜੀਵਨ ਦੇ ਅਰੰਭਲੇ ਵਰ੍ਹਿਆਂ ਵਿਚ ਤੇਜਾ ਸਿੰਘ ਜੀ ਦੀ ਬਿਰਤੀ ਉੱਪਰ ਨਾਸਤਿਕਤਾ ਅਤੇ ਮਾਦਾ-ਪ੍ਰਸਤੀ ਦਾ ਪ੍ਰਭਾਵ ਹੋਣ ਕਾਰਨ ਆਪ ਜੀ ਦੇ ਮਨ ਵਿਚ ਕੇਸ ਤਕ ਕਟਾਉਣ ਦਾ ਵੀ ਖਿਆਲ ਪੈਦਾ ਹੋਇਆ ਪਰ ਮਾਤਾ ਜੀ ਵੱਲੋਂ ਦਿੱਤੇ ਚੰਗੇ ਸੰਸਕਾਰਾਂ ਦੀ ਬਦੌਲਤ ਆਪ ਇਸ ਕੁਰਹਿਤ ਤੋਂ ਬਚ ਗਏ। ਇਸੇ ਨਾਸਤਿਕਤਾ ਦੇ ਪ੍ਰਭਾਵ ਕਾਰਨ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ ਵੀ ਬੁੱਤ-ਪ੍ਰਸਤੀ ਸਮਝਦੇ ਸਨ ਪਰ ਗੁਰਬਾਣੀ ਦੇ ਅਣਿਆਲੇ ਤੀਰਾਂ ਨੇ ਆਪ ਜੀ ਦੇ ਹਿਰਦੇ ਉੱਪਰ ਅਜਿਹਾ ਵਿਸ਼ੇਸ਼ ਪ੍ਰਭਾਵ ਪਾਇਆ ਕਿ ਆਪ ਜੀ ਦਾ ਜੀਵਨ ਇਕ ਪਾਰਸ ਦੀ ਭਾਂਤੀ ਹੋ ਨਿਬੜਿਆ। ਇਸ ਤੋਂ ਇਲਾਵਾ ਸੰਤ ਅਤਰ ਸਿੰਘ ਜੀ ਦੀ ਸੰਗਤ ਨੇ ਵੀ ਆਪ ਜੀ ਦੇ ਨਾਸਤਕ ਜੀਵਨ ਨੂੰ ਅਧਿਆਤਮਿਕ ਜੀਵਨ ਵਿਚ ਤਬਦੀਲ ਕਰਨ ਵਿਚ ਵਿਸ਼ੇਸ਼ ਭੂਮਿਕਾ ਨਿਭਾਈ। ਉਹ ਸ਼ਖ਼ਸ, ਜੋ ਗੁਰਬਾਣੀ ਗੁਰੂ ਅੱਗੇ ਮੱਥਾ ਟੇਕਣਾ ਬੁੱਤ-ਪ੍ਰਸਤੀ ਸਮਝਦਾ ਸੀ, ਇਸ ਅਵਸਥਾ ਵਿਚ ਪਹੁੰਚ ਗਿਆ ਕਿ ਜਿੱਥੇ ਵੀ ਉਸ ਨੂੰ ਬਾਣੀ ਸੁਣਾਈ ਪੈਂਦੀ ਹੈ, ਉਸ ਦਾ ਮਸਤਕ/ਸੀਸ ਉਸ ਪਾਸੇ ਵੱਲ ਖਿੱਚਿਆ ਜਾਂਦਾ। ਇਸ ਤਰ੍ਹਾਂ ਦੇ ਵਰਤਾਰੇ ਨੂੰ ਗੁਰੂ ਦੀ ਅਗੰਮੀ ਬਖਸ਼ਿਸ਼ ਹੀ ਕਿਹਾ ਜਾ ਸਕਦਾ ਹੈ, ਜੋ ਕਿ ਖਾਸ ਤੌਰ 'ਤੇ ਬਾਬਾ ਤੇਜਾ ਸਿੰਘ ਜੀ ਨੂੰ ਪ੍ਰਾਪਤ ਹੋਈ। ਇਕ ਪਾਸੇ 'ਹਾਰਵਰਡ ਯੂਨੀਵਰਸਿਟੀ' ਦੀ ਪੜ੍ਹਾਈ, ਜਿਸ ਨੂੰ ਦੁਨਿਆਵੀ ਵਿੱਦਿਆ ਦਾ ਸਿਖਰ ਕਿਹਾ ਜਾ ਸਕਦਾ ਹੈ, ਦੂਸਰੇ ਪਾਸੇ ਗੁਰੂ-ਘਰ ਦੀ ਸੇਵਾ ਲਈ ਟੋਕਰੀ ਚੁੱਕਣਾ, ਭਾਂਡੇ ਮਾਂਜਣਾ, ਦਰੀਆਂ ਝਾੜਨਾ, ਝਾੜੂ ਲਾਉਣਾ ਤੇ ਨਾਲ-ਨਾਲ ਨਾਮ/ਸਿਮਰਨ ਦੀ ਤਾਰ ਛੇੜਦਿਆਂ ਆਪਣੇ ਅਸਲੇ ਭਾਵ ਵਾਹਿਗੁਰੂ ਨਾਲ ਅੱਠੋ ਪਹਿਰ ਜੁੜਿਆ ਰਹਿਣਾ, ਗੁਰਮਤਿ ਸਭਿਆਚਾਰ ਵਿਚ ਅਧਿਆਤਮਿਕ ਸਿਖਰ ਪ੍ਰਵਾਨਿਆ ਗਿਆ ਹੈ। ਬਾਬਾ ਤੇਜਾ ਸਿੰਘ ਜੀ ਦੀ ਇਹ ਵਡਿਆਈ ਹੈ ਕਿ ਉਹ ਸੰਸਾਰਕ ਅਤੇ ਅਧਿਆਤਮਿਕ ਦੋਨਾਂ ਪੱਖਾਂ ਵਿਚ ਬਾਖੂਬੀ ਵਿਚਰੇ। ਸੰਤ ਤੇਜਾ ਸਿੰਘ ਜੀ ਨੂੰ ਅੰਤਰਆਤਮੇ ਇਹ ਪੱਖ ਦ੍ਰਿੜ੍ਹ ਹੋ ਗਿਆ ਸੀ ਕਿ ਸਾਰੇ ਦੁਨਿਆਵੀ ਪੱਖ ਅਸਥਾਈ ਤੇ ਗੁਰਮਤਿ ਜੀਵਨ ਵਿਚ ਤੋਟ[੩] ਲਿਆਉਣ ਵਾਲੇ ਹਨ ਤੇ ਸਾਡਾ ਜੀਵਨ ਸਿਰਫ ਤੇ ਸਿਰਫ ਲਾਹਾ[੪] ਪ੍ਰਾਪਤ ਕਰਨ ਲਈ ਸਤਿਗੁਰੂ ਜੀ ਵੱਲੋਂ ਮਿਲਿਆ ਹੈ ਅਤੇ ਅਸਲ

ਲਾਹਾ ਕੀ ਹੈ?[੫] ਇਹ ਪੱਖ ਵੀ ਆਪ ਜੀ ਦੇ ਮਸਤਕ ਦਾ ਭਾਗ ਬਣ ਚੁੱਕਿਆ ਸੀ। ਆਪ ਅਸਲ ਅਰਥਾਂ ਵਿਚ ਇਕ ਧਰਮੀ ਤੇ ਅਨੁਭਵੀ ਜਿਉੜੇ ਸਨ, ਜਿਨ੍ਹਾਂ ਨੇ ਸੰਸਾਰਕ ਕਾਰ ਵਿਹਾਰ ਕਰਦਿਆਂ, ਗ੍ਰਹਿਸਤ ਦੇ ਫਰਜ਼ ਨਿਭਾਉਂਦਿਆਂ ਕਦੇ ਵੀ ਧਾਰਮਿਕ ਜੀਵਨ ਤੋਂ ਮੂੰਹ ਨਹੀਂ ਮੋੜਿਆ ਬਲਕਿ ਆਪਣੇ ਜੀਵਨ ਦੇ ਵਿਹਾਰਕ ਪੱਖ ਰਾਹੀਂ ਦੁਨੀਆਂ ਅੱਗੇ ਇਕ ਸੱਚਾ ਅਤੇ ਧਰਮੀ ਆਦਰਸ਼ ਸਥਾਪਿਤ ਕੀਤਾ। ਭਾਵੇਂ ਜੀਵਨ ਦੇ ਅਰੰਭ ਵਿਚ ਆਪ ਜੀ ਦੀ ਬਿਰਤੀ ਵਿਚ ਨਾਸਤਿਕਤਾ ਦੇ ਚਿੰਨ੍ਹ ਨਜ਼ਰੀਂ ਪੈਂਦੇ ਹਨ ਪਰ ਇਹ ਵੀ ਸੱਚ ਹੈ ਕਿ ਜੀਵਨ ਦੇ ਅਖੀਰਲਿਆਂ ਵਰ੍ਹਿਆਂ ਵਿਚ ਇਕ ਵੀ ਪਲ ਅਜਿਹਾ ਨਹੀਂ ਪ੍ਰਤੀਤ ਹੁੰਦਾ, ਜੋ ਰਾਮ-ਨਾਮ ਜਾਂ ਸਿਮਰਨ ਤੋਂ ਬਗੈਰ ਹੋਵੇ। ਅਸਲ ਵਿਚ ਆਪ ਉਸ ਸਮੇਂ ਤਕ ਪੂਰਨ ਅਧਿਆਤਮਿਕ ਅਵਸਥਾ/ਪਰਮ ਅਵਸਥਾ ਨੂੰ ਪ੍ਰਾਪਤ ਕਰ ਚੁੱਕੇ ਸਨ। ਖਾਲਸਾ ਕਾਲਜ ਦੀ ਨੌਕਰੀ ਦੌਰਾਨ ਗੁਰਬਾਣੀ ਦੇ ਪ੍ਰਭਾਵ ਕਾਰਨ ਆਪ ਜੀ ਦੀ ਅਵਸਥਾ ਬਿਲਕੁਲ ਮਸਤਾਨੀ ਹੋ ਚੁੱਕੀ ਸੀ, ਜਿਸ ਕਾਰਨ ਆਪ ਜੀ ਦਾ ਸੀਸ ਆਪਣੇ ਆਪ ਜਿੱਥੋਂ ਗੁਰਬਾਣੀ ਸੁਣਾਈ ਪੈਂਦੀ, ਉਸ ਵੱਲ ਖਿੱਚਿਆ ਜਾਂਦਾ ਸੀ, ਜਿਸ ਤਰ੍ਹਾਂ ਕੋਈ ਚੁੰਬਕ ਲੋਹੇ ਨੂੰ ਖਿੱਚਦਾ ਹੋਵੇ। ਆਪ ਜੀ ਨੂੰ ਅੰਤਰਆਤਮੇ ਇਹ ਦ੍ਰਿੜ੍ਹ ਹੋ ਗਿਆ ਕਿ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਪ੍ਰਕਾਸ਼ ਹੈ, ਉੱਥੇ ੧੦ ਪਾਤਸ਼ਾਹੀਆਂ ਹਾਜ਼ਰ ਨਾਜ਼ਰ ਹਨ। ਆਪਣੇ ਇਕ ਅਨੁਭਵ ਪ੍ਰਥਾਇ ਬਾਬਾ ਤੇਜਾ ਸਿੰਘ ਜੀ ਲਿਖਦੇ ਹਨ, "ਇਨ੍ਹਾਂ ਦਿਨਾਂ ਵਿਚ ਦਾਸ ਨੂੰ 'ਰੱਬੀ ਅਥਵਾ' ਭਾਵ ਤਜਰਬਾ (Spiritual Experience) ਹੋਇਆ। ਦਾਸ ਦੇ ਗ੍ਰਿਹ ਵਿਚ ਰਹਿਣ ਵਾਲੇ ਵਾਰੀ-ਵਾਰੀ ਪਾਠ ਅਤੇ ਅਰਦਾਸ ਕਰਦੇ। ਇਕ ਦਿਨ ਦਾਸ ਦੀ ਮਾਤਾ ਜੀ ਦੀ ਵਾਰੀ ਆਈ, ਦਾਸ ਨੇ ਮਾਤਾ ਜੀ ਅੱਗੇ ਅਰਦਾਸ ਕਰਨ ਲਈ ਬੇਨਤੀ ਕੀਤੀ। ਮਾਤਾ ਜੀ ਨੇ ਆਖਿਆ, "ਪੁੱਤ ਮੈਨੂੰ ਤਾਂ ਅਰਦਾਸ ਕੰਠ ਨਹੀਂ।" ਦਾਸ ਅਜੇ ਮਰਯਾਦਾ ਤੋਂ ਬਾਹਰ ਸੀ, ਬੇਨਤੀ ਕੀਤੀ, "ਮਾਤਾ ਜਿਵੇਂ ਆਉਂਦੀ ਹੈ ਬੇਨਤੀ ਕਰ ਲਵੋ।" ਗੁਰਮੁਖ ਭੋਲੀ ਮਾਤਾ ਜੀ ਨੇ ਬਚਨ ਮੰਨ ਲਏ ਤੇ ਦਸਾਂ ਪਾਤਸ਼ਾਹੀਆਂ ਦਾ ਨਾਂ ਲਏ ਬਿਨਾਂ ਅਰਦਾਸ ਕਰ ਦਿੱਤੀ। ਜਿਸ ਵੇਲੇ ਮਾਤਾ ਜੀ ਦੀ ਅਰਦਾਸ ਸਮਾਪਤ ਹੋਈ, ਦਾਸ ਚੋਫਾਲ ਸੁਹਾਗੇ ਵਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਮੱਥੇ ਦੇ ਭਾਰ ਡਿੱਗ ਪਿਆ। ਜਦ ਤੀਕਰ Telegraphically ਦਾਸ ਦੇ ਹਿਰਦੇ ਵਿੱਚੋਂ ਦਸਾਂ ਪਾਤਸ਼ਾਹੀਆਂ ਦੇ ਨਾਵਾਂ ਦੀ ਲੜੀ ਨਹੀਂ ਨਿਕਲੀ, ਖੜ੍ਹਾ ਨਹੀਂ ਹੋ ਸਕਿਆ। ਸਤਿਗੁਰੂ ਸੱਚੇ ਪਾਤਸ਼ਾਹ ਨੇ ਇਸ ਆਪਣੇ ਪੁਰਾਣੇ ਦਲੀਲਬਾਜ਼ ਅਤੇ Western Education ਦੇ ਮਾਦਾ-ਪ੍ਰਸਤ ਨੂੰ Spiritually ਅਨੁਭਵ (ਦਿਖਾ) ਕਰਵਾ ਦਿੱਤਾ ਕਿ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ, ਉੱਥੇ ੧੦ ਪਾਤਸ਼ਾਹੀਆਂ ਹਾਜ਼ਰ ਨਾਜ਼ਰ ਹਨ।"[੬] ਸੰਤ ਬਾਬਾ ਅਤਰ ਸਿੰਘ ਜੀ ਨਾਲ ਦਰਸ਼ਨ/ਮਿਲਾਪ ਉਪਰੰਤ ਤਾਂ ਆਪ ਜੀ ਦਾ ਜੀਵਨ ਪੂਰੀ ਤਰ੍ਹਾਂ ਹੀ ਗੁਰਬਾਣੀ ਵਿਚ ਬਿਆਨੇ

'ਗਾਡੀ ਰਾਹ' ਅਨੁਸਾਰੀ ਹੋ ਗਿਆ। ਭਾਈ ਨਾਰਾਇਣ ਸਿੰਘ ਜੀ ਇਸ ਪ੍ਰਸੰਗ ਬਾਰੇ ਸ੍ਰੀ ਸੰਤ ਬਿਲਾਸ ਵਿਚ ਆਪਣੇ ਸ਼ਬਦ ਦਰਜ ਕਰਦੇ ਹਨ,

*"ਗੁਜਰਾਂ ਵਾਲੇ ਤੋਂ ਚਢ ਗਾਡੀ ਤੇਜਾ ਸਿੰਘ ਸਿਧਾਇਆ।*
*ਪ੍ਰੋਫੈਸਰ ਇਹੁ ਡਬਲ ਐਮ.ਏ. ਦਰਸ਼ਨ ਪਾਵਣ ਆਇਆ।"*[੭]

ਬਲਵੰਤ ਸਿੰਘ ਕੋਠਾ ਗੁਰੂ ਅਨੁਸਾਰ, "ਸੰਤ ਤੇਜਾ ਸਿੰਘ ਡਬਲ ਐਮ.ਏ. ਜੀ ਉਹ ਵਿਅਕਤੀ ਹਨ ਜੋ ਸੰਤ ਅਤਰ ਸਿੰਘ ਜੀ... ਦੇ ਜਥੇ ਪਾਸੋਂ ਅੰਮ੍ਰਿਤ ਛਕ ਕੇ ਮਿੱਟੀ ਤੋਂ ਸੂਰਜ ਬਣ ਗਏ।"[੮] ਇਸ ਵਾਸਤੇ ਤਾਂ ਭਾਈ ਨੰਦ ਲਾਲ ਜੀ ਨੇ ਨਿਸਚੈ ਪੂਰਬਕ ਇਸ ਯਥਾਰਥ ਨੂੰ ਇਸ ਤਰ੍ਹਾਂ ਕਥਨ ਕੀਤਾ ਹੈ।

*'ਕੀਮੀਆ ਗਰ ਜ਼ਿਮਿਸ ਸਾਜ਼ਦ ਤਿਲਾ ਈਂ ਦੂਰ ਨੇਸਤ।*
*ਤਾਲਬਿ ਹਕ ਖਾਕ ਰਾ ਖੁਰਸ਼ੀਦਿ ਅਨਵਰ ਮੇ ਕੁਨੱਦ।'*

ਭਾਵ- ਜੇ ਰਸਾਇਣੀ ਤਾਂਬੇ ਤੋਂ ਸੋਨਾ ਬਣਾ ਦਿੰਦਾ ਹੈ। ਇਹ ਅਸਚਰਜ ਗੱਲ ਨਹੀਂ। ਵਾਹਿਗੁਰੂ ਦੇ ਪਿਆਰੇ ਮਿਟੀ ਤੋਂ ਚਮਕਣ ਵਾਲਾ ਸੂਰਯ ਬਣਾ ਦਿੰਦੇ ਹਨ।[੯] ਬਾਬਾ ਅਤਰ ਸਿੰਘ ਜੀ ਨੇ ਬਾਬਾ ਤੇਜਾ ਸਿੰਘ ਜੀ ਨਾਲ ਵਿਦੇਸ਼ਾਂ ਵਿੱਚੋਂ ਉੱਚ ਵਿੱਦਿਆ ਪ੍ਰਾਪਤੀ ਬਾਰੇ ਵਿਚਾਰ ਕੀਤੀ। ਆਤਮਕ ਅਤੇ ਸੰਸਾਰਕ ਵਿੱਦਿਆ ਦੇ ਸੁਮੇਲ ਸੰਬੰਧੀ ਬਚਨ ਬਾਬਾ ਅਤਰ ਸਿੰਘ ਜੀ ਵੱਲੋਂ ਬਾਬਾ ਤੇਜਾ ਸਿੰਘ ਜੀ ਨੂੰ ਕਹੇ ਬਚਨ ਕਿ "ਸਾਡਾ ਆਸ਼ਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਘਰ ਦੀ ਆਤਮਿਕ ਵਿੱਦਿਆ ਤੇ ਪੱਛਮੀ ਸਾਇੰਸ ਵਿੱਦਿਆ ਦਾ ਸੰਯੋਗ ਹੋ ਜਾਵੇ ਅਤੇ ਗੁਰੂਸਾਗਰ ਸਾਹਿਬ ਮਸਤੂਆਣੇ ਵਿਚ ਇਕ ਐਸਾ ਆਸ਼ਰਮ ਖੁੱਲ੍ਹ ਜਾਵੇ ਕਿ ਏਸ ਦੇਸ਼ ਦੇ ਭੁਝੰਗੀਆਂ, ਖਾਸ ਕਰਕੇ ਸਿੱਖ ਵਿਦਿਆਰਥੀਆਂ ਨੂੰ ਵਲਾਇਤ ਜਾਣ ਦੀ ਲੋੜ ਨਾ ਰਹੇ।[੧੦] ਸ. ਸੁਖਮੰਦਰ ਸਿੰਘ ਇਸ ਸੰਬੰਧੀ ਆਪਣੇ ਅਰਟੀਕਲ ਵਿਚ ਲਿਖਦੇ ਹਨ "A deeply spiritual transformation took place in Teja singh's life in 1905 after meeting Sant Atar singh, who persuaded him to go for higher education.Sant Atar singh valued education highly and wanted to establish schools in Malwa Region of Punjab, to provide spiritual as well as western style science education"[੧੧] ਸ. ਸੁਰਜੀਤ ਸਿੰਘ ਗਾਂਧੀ ਲਿਖਦੇ ਹਨ ਕਿ ਬਾਬਾ ਤੇਜਾ ਸਿੰਘ ਜੀ ਨੂੰ ਬਾਬਾ ਅਤਰ ਸਿੰਘ ਜੀ ਨੇ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਆਦਿ ਦੇਸ਼ਾਂ ਵਿਚ ਭੇਜਿਆ ਤਾਂ ਜੋ ਵਿਦੇਸ਼ਾਂ ਦੀ ਧਰਤੀ 'ਤੇ ਰਹਿੰਦੇ ਸਿੱਖਾਂ ਵਿਚ ਸਿੱਖੀ ਦੀ ਭਾਵਨਾ ਨੂੰ ਪੈਦਾ ਕੀਤਾ ਜਾ ਸਕੇ।[੧੨] ਬਾਬਾ ਤੇਜਾ ਸਿੰਘ ਜੀ ਨੇ ਇਨ੍ਹਾਂ ਦੋਨਾਂ ਪੱਖਾਂ ਵਿਚ ਸਫਲਤਾ ਹਾਸਲ ਕੀਤੀ। ਬਾਬਾ ਅਤਰ ਸਿੰਘ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਤਮਿਕ ਅਤੇ ਸੰਸਾਰਕ ਵਿੱਦਿਆ ਦੇ ਸੁਮੇਲ ਸੰਬੰਧੀ ਪੱਖ ਨੂੰ ਪੂਰਾ ਕਰਨ ਲਈ ਆਪ ਵਿਦੇਸ਼ਾਂ ਵਿੱਚੋਂ ਵਿੱਦਿਆ

ਹਾਸਲ ਕਰਨ ਲਈ ਗਏ। ਇਸ ਲਈ ਆਪ ਜੀ ਨੇ ੧੯੦੬ ਈ. ਨੂੰ 'ਲੰਡਨ ਯੂਨੀਵਰਸਿਟੀ' ਵਿਖੇ 'ਡਾਕਟਰ ਆਫ ਸਾਇੰਸ' ਦੀ ਡਿਗਰੀ ਲਈ ਦਾਖ਼ਲਾ ਲਿਆ। ਉਨ੍ਹਾਂ ਸਮਿਆਂ ਵਿਚ 'ਕੈਂਬਰਿਜ਼ ਯੂਨੀਵਰਸਿਟੀ' ਵਿਖੇ ਕਿਸੇ ਨੂੰ ਵੀ ਦਸਤਾਰ ਬੰਨ੍ਹਣ ਦਾ ਅਧਿਕਾਰ ਨਹੀਂ ਸੀ ਪਰ ਆਪ ਜੀ ਨੇ ਜਦੋਂ ਉੱਥੋਂ ਦੇ ਮੁੱਖ ਟਿਊਟਰ ਨੂੰ ਸਿੱਖ ਧਰਮ ਵਿਚ ਦਸਤਾਰ ਦੇ ਮਹੱਤਵ ਤੋਂ ਜਾਣੂ ਕਰਵਾਇਆ ਤਾਂ ਉਸ ਨੇ ਦਸਤਾਰ ਬੰਨ੍ਹਣ ਸੰਬੰਧੀ ਸਮੁੱਚੇ ਵਿਦਿਆਰਥੀਆਂ ਨੂੰ ਪ੍ਰਵਾਨਗੀ ਦੇ ਦਿੱਤੀ। ਕੈਂਬਰਿਜ਼ ਦੇ ਟਿਊਟਰ ਮਿਸਟਰ ਜੈਕਸਨ ਨੇ ਬੜੀ ਖੁਸ਼ੀ ਨਾਲ ਕਿਹਾ ਕਿ "ਬੇਸ਼ੱਕ ਤੁਸੀਂ ਕੈਪ ਨਾ ਪਾਉ, ਆਪਣੀ ਪੱਗ ਹੀ ਰੱਖੋ ਪਰ ਗਾਊਨ (ਕਾਲਾ ਚੋਲਾ) ਜ਼ਰੂਰ ਪਾਉ।" ਇਸ ਤਰ੍ਹਾਂ ਆਪ ਜੀ ਨੂੰ ਕੈਂਬਰਿਜ਼ ਯੂਨੀਵਰਸਿਟੀ ਦਾ ਪਹਿਲਾ ਪੱਗੜੀਧਾਰੀ ਵਿਦਿਆਰਥੀ ਹੋਣ ਦਾ ਮਾਣ ਹਾਸਲ ਹੋਇਆ।[੧੩] ਲੰਡਨ ਵਿਖੇ ਹੀ ਪੜ੍ਹਾਈ ਦੇ ਨਾਲ-ਨਾਲ ਆਪ ਜੀ ਨੇ 'ਖਾਲਸਾ ਜਥਾ ਬ੍ਰਿਟਿਸ਼' ਆਈਲੈਂਡ ਦੀ ਨੀਂਹ ਰੱਖੀ, ਜਿਸ ਨਾਲ ਉੱਥੇ ਗੁਰਦੁਆਰਿਆਂ ਅਤੇ ਧਾਰਮਿਕ ਗਤੀਵਿਧੀਆਂ ਦੀ ਉਸਾਰੀ ਹੋਣੀ ਸ਼ੁਰੂ ਹੋਈ। ਡਾ. ਦਰਸ਼ਨ ਸਿੰਘ ਤਤਲਾ ਅਨੁਸਾਰ, ਭਾਈ ਤੇਜਾ ਸਿੰਘ ਜੀ ਨੂੰ ਬ੍ਰਿਟੇਨ ਦੇ ਪਹਿਲੇ ਗੁਰਦੁਆਰੇ ਦੇ ਸੰਸਥਾਪਕ ਵਜੋਂ ਜਾਣਿਆ ਜਾਂਦਾ ਹੈ।[੧੪] ਪ੍ਰਸਿੱਧ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਜੀ ਕਹਿੰਦੇ ਹਨ ਕਿ ਬਾਬਾ ਤੇਜਾ ਸਿੰਘ ਜੀ ਮਸਤੂਆਣੇ ਵਾਲਿਆਂ ਦੀ ਵਿਦੇਸ਼ਾਂ ਵਿਚ ਕੀਤੀ ਗੁਰਦੁਆਰਿਆਂ ਦੀ ਸਥਾਪਤੀ ਸੰਬੰਧੀ ਮਹਾਨ ਦੇਣ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ, ਕਿਉਂਕਿ ਵਿਦੇਸ਼ਾਂ ਵਿਚ ਕਈ ਅਜਿਹੇ ਸਥਾਨ ਸਨ, ਜਿੱਥੇ ਕੋਈ ਗੁਰਦੁਆਰਾ ਹੀ ਨਹੀਂ ਸੀ। ਆਪ ਜੀ ਨੇ ਉੱਥੋਂ ਦੀ ਸੰਗਤ ਨੂੰ ਪ੍ਰੇਰਨਾ ਦੇ ਕੇ ਨਿਸ਼ਾਨ ਸਾਹਿਬ (ਗੁਰਦੁਆਰਾ) ਖੜ੍ਹਾ ਕਰਨ ਦੀ ਪ੍ਰੇਰਨਾ ਦਿੱਤੀ। ਅੱਜ ਜੇਕਰ ਅਸੀਂ ਵਿਦੇਸ਼ਾਂ ਵਿਚ ਗੁਰਦੁਆਰਿਆਂ ਦੀ ਚੜ੍ਹਦੀਕਲਾ ਵੇਖਦੇ ਹਾਂ ਤਾਂ ਸਾਨੂੰ ਸੰਤ ਤੇਜਾ ਸਿੰਘ ਵਰਗੇ ਮਹਾਂਪੁਰਸ਼ਾਂ ਦੀ ਯਾਦ ਆਉਣੀ ਚਾਹੀਦੀ ਹੈ, ਕਿਉਂਕਿ ਜੇਕਰ ਅਸੀਂ ਉਸ ਸਮੇਂ ਨਾਲ ਤੁਲਨਾ ਕਰੀਏ ਤਾਂ ਇਹ ਸਮਝ ਆਉਂਦਾ ਹੈ ਕਿ ਉਸ ਸਮੇਂ ਗੁਰਦੁਆਰਿਆਂ ਦੀ ਸਥਾਪਤੀ ਬਾਰੇ ਸੋਚਣਾ ਹੀ ਇਕ ਅਸੰਭਵ ਜਿਹਾ ਕਾਰਜ ਸੀ।[੧੫]

੧੯੦੮ ਈ. ਵਿਚ ਆਪ ਜੀ ਨੇ ਅਮਰੀਕਾ ਦੀ 'ਕੋਲੰਬੀਆ ਯੂਨੀਵਰਸਿਟੀ' ਵਿਚ ਦਾਖ਼ਲਾ ਲਿਆ। ਆਪ ਜੀ ਦੇ ਉੱਚ ਗਿਆਨ ਤੋਂ ਪ੍ਰਭਾਵਿਤ ਹੋ ਕੇ ਉੱਥੋਂ ਦੇ ਇਕ ਪ੍ਰੋਫੈਸਰ ਨੇ ਆਪ ਜੀ ਨੂੰ 'ਅਜੋਕੇ ਹਿੰਦੁਸਤਾਨ' ਉੱਪਰ ਲੈਕਚਰ ਦੇਣ ਲਈ ਬੇਨਤੀ ਕੀਤੀ ਤਾਂ ਆਪ ਜੀ ਨੇ ਉਸ ਪ੍ਰੋਫੈਸਰ ਨੂੰ ਅਜੋਕੇ ਹਿੰਦੁਸਤਾਨ ਦੀ ਨੀਂਹ ਗੁਰੂ ਨਾਨਕ ਪਾਤਸ਼ਾਹ ਵੱਲੋਂ ਬਖਸ਼ੇ ਹੋਏ ਸਿਧਾਂਤਾਂ ਉੱਪਰ ਆਧਾਰਿਤ ਹੋਣ ਬਾਰੇ ਦੱਸਿਆ। ਇਸ ਉਪਰੰਤ ਬਾਬਾ ਤੇਜਾ ਸਿੰਘ ਜੀ ਨੇ ਇਸ ਲੈਕਚਰ ਵਿਚ ਗੁਰੂ ਨਾਨਕ ਪਾਤਸ਼ਾਹ ਜੀ ਦੇ ਵਿਚਾਰਾਂ ਅਤੇ ਸਿਧਾਂਤਾਂ ਦਾ ਜ਼ਿਕਰ ਕੀਤਾ। ਜ਼ਿਕਰਯੋਗ ਹੈ ਕਿ ਇਸ ਲੈਕਚਰ

ਵਿਚ ੧੦,੦੦੦ ਦੀ ਗਿਣਤੀ ਵਿਚ ਸ੍ਰੋਤਿਆਂ ਦਾ ਇਕੱਠ ਸੀ।[੧੬] ਇਸ ਲੈਕਚਰ ਦਾ ਉੱਥੋਂ ਦੀ ਲੋਕਾਈ ਉੱਪਰ ਇੰਨਾਂ ਪ੍ਰਭਾਵ ਪਿਆ ਕਿ ਅਨੇਕਾਂ ਅੰਗਰੇਜ਼ ਸ੍ਰੋਤੇ ਵੀ ਅਸ਼-ਅਸ਼ ਕਰ ਉੱਠੇ ਅਤੇ ਗੁਰੂ ਨਾਨਕ ਪਾਤਸ਼ਾਹ ਵੱਲੋਂ ਬਖਸ਼ੇ ਸਿਧਾਂਤਾਂ ਦੇ ਅਨੁਯਾਈ ਬਣ ਗਏ। ਬਾਬਾ ਤੇਜਾ ਸਿੰਘ ਜੀ ਵੱਲੋਂ ਦਿੱਤੇ ਇਹ ਲੈਕਚਰ ਵਿਦੇਸ਼ ਦੇ ਵੱਡੇ-ਵੱਡੇ ਅਖਬਾਰਾਂ ਵਿਚ ਛਪੇ। ਇੱਥੋਂ ਤਕ ਕਿ ਅਖਬਾਰਾਂ ਵਿਚ ਆਪ ਜੀ ਨੂੰ 'Demi-God' ਵਰਗੇ ਵਿਸ਼ੇਸ਼ਣ ਨਾਲ ਸੰਬੋਧਿਤ ਕੀਤਾ ਗਿਆ। ਇਸ ਤੋਂ ਇਲਾਵਾ ਜਗਿਆਸੂਆਂ ਵੱਲੋਂ ਆਪ ਜੀ ਦੇ ਕੀਤੇ ਇਨ੍ਹਾਂ ਲੈਕਚਰਾਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਦੇਸ਼ਾਂ-ਵਿਦੇਸ਼ਾਂ ਵਿਚ ਵੰਡਿਆ ਗਿਆ, ਜਿਸ ਕਾਰਨ ਆਪ ਜੀ ਦੀ ਸੋਭਾ ਜਗ੍ਹਾ-ਜਗ੍ਹਾ ਫੈਲ ਗਈ। ਕੋਲੰਬੀਆ ਵਿਖੇ ਪ੍ਰੋਫੈਸਰ ਦੇ ਕਹਿਣ 'ਤੇ ਕੀਤੇ ਹੋਏ ਲੈਕਚਰਾਂ ਦੇ ਪਏ ਦੋ ਤਰ੍ਹਾਂ ਦੇ ਪ੍ਰਭਾਵ ਨੂੰ ਆਪ ਇਸ ਤਰ੍ਹਾਂ ਪੇਸ਼ ਕਰਦੇ ਹਨ। ਪਹਿਲਾਂ ਪ੍ਰਭਾਵ ਇਹ ਸੀ ਕਿ ਉਸ ਲੈਕਚਰ ਦੁਆਰਾ ਕੈਨੇਡਾ ਵਿਖੇ ਹਿੰਦੁਸਤਾਨੀਆਂ ਦੀ ਸੇਵਾ ਦਾ ਅਵਸਰ ਆਪ ਜੀ ਨੂੰ ਪ੍ਰਾਪਤ ਹੋਇਆ ਤੇ ਦੂਸਰਾ ੨੦੦-੨੫੦ ਗੋਰੇ-ਗੋਰੀਆਂ ਹਰ ਐਤਵਾਰ ਧਾਰਮਿਕ ਸਿੱਖਿਆ ਪ੍ਰਾਪਤ ਕਰਨ ਲਈ ਆਪ ਜੀ ਪਾਸ ਆਉਣ ਲੱਗੇ। ਉਸ ਵੇਲੇ ਦੀ ਇਕ ਵਿਸ਼ੇਸ਼ ਘਟਨਾ ਇਹ ਸੀ ਕਿ ਕੈਨੇਡਾ ਸਰਕਾਰ ਵੱਲੋਂ ਉੱਥੇ ਰਹਿਣ ਵਾਲੇ ਹਿੰਦੁਸਤਾਨੀਆਂ ਨੂੰ ਇਕ ਮਾੜੀ ਸਾਜ਼ਿਸ਼ ਅਧੀਨ ਕੈਨੇਡਾ ਤੋਂ ਕੱਢ ਕੇ 'ਹਾਂਡੂਰਸ'[੧੭] ਭੇਜੇ ਜਾਣ ਦੀਆਂ ਵਿਉਂਤਾਂ ਬਣ ਰਹੀਆਂ ਸਨ। ਹਾਂਡੂਰਸ ਇਕ ਅਜਿਹੀ ਭਿਆਨਕ ਜਗ੍ਹਾ ਸੀ ਜਿੱਥੇ ਇਕ ਗੰਭੀਰ ਬਿਮਾਰੀ 'ਯੈਲੋ ਫੀਵਰ' ਫੈਲੀ ਹੋਈ ਸੀ, ਦੂਸਰਾ ਇੱਥੋਂ ਦੇ ਲੋਕ ਰੁਜ਼ਗਾਰ ਦਾ ਨਾਮੋ-ਨਿਸ਼ਾਨ ਨਾ ਹੋਣ ਕਾਰਨ ਭੁੱਖਮਰੀ ਦੇ ਸ਼ਿਕਾਰ ਹੋ ਚੁੱਕੇ ਸਨ। ਕੈਨੇਡਾ ਦੇ ਮੁਖੀ ਸੱਜਣਾਂ ਵੱਲੋਂ ਜਦੋਂ ਇਸ ਬਿਪਤਾ (ਕੈਨੇਡਾ 'ਚੋਂ ਕੱਢੇ ਜਾਣ ਸੰਬੰਧੀ) ਤੋਂ ਖਹਿੜਾ ਛਡਾਉਣ ਬਾਰੇ ਬਾਬਾ ਤੇਜਾ ਸਿੰਘ ਜੀ ਨੂੰ ਮਦਦ ਲਈ ਸੱਦਾ ਭੇਜਿਆ ਗਿਆ ਤਾਂ ਆਪ ਉਸੇ ਵਕਤ ਆਪਣੀ ਡਿਗਰੀ ਅਤੇ ਪੜ੍ਹਾਈ ਦੀ ਪਰਵਾਹ ਕੀਤੇ ਬਗੈਰ ਆਪਣੇ ਪੰਥਕ ਭਰਾਵਾਂ ਦੀ ਸਹਾਇਤਾ ਲਈ ਚਲੇ ਗਏ। ਇਸ ਉਪਰੰਤ ਬਾਬਾ ਤੇਜਾ ਸਿੰਘ ਜੀ ਕੈਨੇਡਾ ਜਾ ਕੇ ਆਪਣੀ ਕਾਨੂੰਨੀ ਵਿੱਦਿਆ ਅਤੇ ਲੈਕਚਰਾਂ ਦੀ ਮੁਹਾਰਤ ਦੁਆਰਾ ਕੈਨੇਡਾ ਸਰਕਾਰ ਤੋਂ ਹਿੰਦੁਸਤਾਨੀਆਂ ਨੂੰ ਪੱਕੇ ਰਹਿਣ ਦੇ ਅਧਿਕਾਰ ਦਿਵਾਏ। ਸੁਰਿੰਦਰ ਸਿੰਘ ਸੰਘਾ ਅਨੁਸਾਰ, "੧੭ ਅਕਤੂਬਰ, ੧੯੦੮ ਨੂੰ ਪ੍ਰੋ. ਤੇਜਾ ਸਿੰਘ ਆਪਣੀ ਧਰਮਪਤਨੀ ਤੇ ਬੱਚੀਆਂ ਸਮੇਤ ਨਿਊਯਾਰਕ ਤੋਂ ਰੇਲਗੱਡੀ ਰਾਹੀਂ ਸਫਰ ਕਰਕੇ ਵੈਨਕੂਵਰ ਪੁੱਜ ਗਏ। ਉਨ੍ਹਾਂ ਨੇ ਆਪਣੇ ਯਤਨਾਂ ਨਾਲ ਸਰਕਾਰ (ਕੈਨੇਡਾ) ਦੀ ਭਾਰਤੀਆਂ ਨੂੰ ਜ਼ਬਰਦਸਤੀ ਹਾਂਡੂਰਸ ਨੂੰ ਭੇਜਣ ਦੀ ਸਕੀਮ ਨਾਕਾਮ ਕਰ ਦਿੱਤੀ। ਇਸ ਜਿੱਤ ਨੇ ਭਾਰਤੀਆਂ ਵਿਚ ਇਕੱਠੇ ਰਲ ਕੇ ਆਪਣੇ ਮਸਲੇ ਹੱਲ ਕਰਨ ਦਾ ਹੌਂਸਲਾ ਵਧਾ ਦਿੱਤਾ।"[੧੮] ਬਾਬਾ ਤੇਜਾ ਸਿੰਘ ਜੀ ਨੂੰ ਉਸ ਸਮੇਂ ਇਸ ਸਫਲਤਾ ਦੁਆਰਾ ਵਿੱਦਿਆ ਦੇ ਅਸਲ ਪੱਖ ਭਾਵ *ਵਿਦਿਆ*

*ਵੀਚਾਰੀ ਤਾਂ ਪਰਉਪਕਾਰੀ* ਦੀ ਪੂਰਨ ਰੂਪ ਵਿਚ ਸੋਝੀ ਪ੍ਰਾਪਤ ਹੁੰਦੀ ਹੈ ਕਿਉਂਕਿ ਜਦੋਂ ਆਪ ਜੀ ਦਾ ਮੇਲ ਬਾਬਾ ਅਤਰ ਸਿੰਘ ਜੀ ਨਾਲ ਹੋਇਆ ਸੀ ਤਾਂ ਉਸ ਸਮੇਂ ਆਪ ਇਕ ਵਿਲੱਖਣ ਜਿਹੇ ਅਧਿਆਤਮਿਕ ਰਸ ਵਿਚ ਬਹੁਤ ਜਿਆਦਾ ਮਗਨ ਹੋ ਚੁੱਕੇ ਸਨ। ਆਪ ਜੀ ਦੇ ਇੰਨੀ ਉੱਚ ਵਿੱਦਿਆ ਹੋਣ ਦੇ ਬਾਵਜੂਦ ਵੀ ਉਸ ਸਮੇਂ ਇਹ ਬੋਲ ਸਨ ਕਿ, "ਮੈਂ ੧੬ ਕੁ ਸਾਲ ਦੁਨਿਆਵੀ ਵਿਦਿਆ ਵਿਚ ਗਾਲੇ"। ਸੱਚ ਹੈ ਅਧਿਆਤਮਕ ਜਾਂ ਨਾਮੀ ਅਵਸਥਾ ਦਾ ਰਸ ਹੀ ਇੰਨਾ ਨਿਰਾਲਾ ਹੁੰਦਾ ਹੈ ਕਿ ਜਗਿਆਸੂ ਦੀ ਬਿਰਤੀ ਗੁਰਬਾਣੀ ਦੇ ਪਾਵਨ ਫੁਰਮਾਨ *ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ॥ ਨਾਮ ਬਿਨਾ ਸਭਿ ਕੂੜੁ ਗਾਲ੍ੀ ਹੋਛੀਆ॥* ਅਨੁਸਾਰੀ ਹੋ ਜਾਂਦੀ ਹੈ, ਪਰ ਜਦੋਂ ਬਾਬਾ ਤੇਜਾ ਸਿੰਘ ਜੀ ਆਪਣੀ ਇਸੇ ਦੁਨਿਆਵੀ ਪੜ੍ਹਾਈ ਭਾਵ ਐਲ.ਐਲ.ਬੀ. ਦੀ ਵਰਤੋਂ ਅਤੇ ਇਕ ਵਕੀਲ ਦੇ ਤੌਰ 'ਤੇ ਕਾਨੂੰਨੀ ਜੁਗਤਾਂ ਦੁਆਰਾ ਸਮੁੱਚੀਆਂ ਕੌਮਾਂ ਨੂੰ ਕੈਨੇਡਾ ਵਿਖੇ ਪੱਕੇ ਰਹਿਣ ਦੇ ਅਧਿਕਾਰ ਦਿਵਾਉਂਦੇ ਹਨ ਤਾਂ ਆਪ ਜੀ ਨੂੰ ਅਸਲ ਵਿੱਦਿਆ ਪ੍ਰਥਾਇ ਸਿਧਾਂਤ *ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ* ਦੀ ਸਪੱਸ਼ਟਤਾ ਹੁੰਦੀ ਹੈ। ਭਾਵ ਗੁਰੂ ਹੁਕਮ/ਗੁਰੂ ਸੇਵਾ ਅਧੀਨ ਕੀਤੀ ਹੋਈ ਕੋਈ ਵੀ ਕਿਰਤ ਸੁਕ੍ਰਿਤ ਵਿਚ ਤਬਦੀਲ ਹੋ ਜਾਂਦੀ ਹੈ। ਇਸ ਸਫਲਤਾ ਉਪਰੰਤ ਆਪ ਜੀ ਨੇ ਉੱਥੇ ਵੀ ਗੁਰਦੁਆਰਾ ਸਾਹਿਬਾਨ ਦੀ ਉਸਾਰੀ ਹਿੱਤ ਯਤਨ ਅਰੰਭ ਕੀਤੇ। ਇਸ ਤੋਂ ਇਲਾਵਾ ੨੫੦ ਏਕੜ ਜ਼ਮੀਨ 'ਈਗਲ ਹਾਰਬਰ' ਵਿਖੇ ਖਰੀਦੀ ਤਾਂ ਜੋ ਭਵਿੱਖ ਵਿਚ ਉੱਥੇ ਕੋਈ ਸਿੱਖ ਯੂਨੀਵਰਸਿਟੀ ਉਸਾਰੀ ਜਾ ਸਕੇ। ਬਾਬਾ ਤੇਜਾ ਸਿੰਘ ਜੀ ਕਾਨੂੰਨੀ ਜੁਗਤਾਂ ਤੋਂ ਇਲਾਵਾ ਲੈਕਚਰ ਦੇਣ ਦੀ ਕਲਾ ਵਿਚ ਪੂਰੀ ਤਰ੍ਹਾਂ ਪ੍ਰਬੀਨ ਸਨ ਅਤੇ ਇਨ੍ਹਾਂ ਲੈਕਚਰਾਂ ਤੋਂ ਪ੍ਰਭਾਵਿਤ ਹੋ ਕੇ ਅਨੇਕਾਂ ਅੰਗਰੇਜ਼ ਲੋਕ ਵੀ ਆਪ ਜੀ ਦਾ ਸਾਥ ਦੇਣ ਲਈ ਤਿਆਰ ਹੋ ਜਾਂਦੇ ਸਨ। ਲੈਕਚਰ ਵਿਚ ਖਾਸ ਮੁਹਾਰਤ ਦੇ ਕਾਰਨ ਹੀ ਆਪ ਜੀ ਨੂੰ ਵੱਖ-ਵੱਖ ਦੇਸ਼ਾਂ-ਵਿਦੇਸ਼ਾਂ ਵੱਲੋਂ ਸੈਮੀਨਾਰਾਂ/ਕਾਨਫਰੰਸਾਂ ਵਿਚ ਲੈਕਚਰ ਕਰਨ ਪ੍ਰਥਾਇ ਬੁਲਾਇਆ ਜਾਂਦਾ ਸੀ।[੧੯] ਆਪ ਜੀ ਦੇ ਡੂੰਘੇ ਵਿਚਾਰਾਂ ਤੋਂ ਇਕ ਅਧਿਆਤਮਿਕ ਪਾਦਰੀ 'ਜੈਨਕਿਨ ਜੋਨਜ਼' ਅਤਿਅੰਤ ਪ੍ਰਭਾਵਿਤ ਹੋਇਆ ਤੇ ਉਸ ਨੇ ਆਪ ਜੀ ਨੂੰ ਕਾਂਗਰਸ ਬਰਲਿਨ ਸਮਾਗਮ/ਕਾਨਫਰੰਸ ਵਿਖੇ ਉਪਦੇਸ਼ ਸੁਣਾਉਣ ਦੀ ਬੇਨਤੀ ਕੀਤੀ, ਜਿਸ ਨੂੰ ਆਪ ਜੀ ਨੇ ਖਿੜ੍ਹੇ-ਮੱਥੇ ਪ੍ਰਵਾਨ ਕਰ ਲਿਆ। ਜਰਮਨ ਵਿਖੇ ਇਸ ਸਮਾਗਮ 'ਤੇ ਆਪ ਜੀ ਨੇ *ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥* ਦੇ ਪਾਵਨ ਫੁਰਮਾਨ ਅਨੁਸਾਰ ਇਹ ਉਪਦੇਸ਼ ਦਿੱਤਾ, "ਸਭ ਮਨੁੱਖ ਮਾਤਰ ਵਿਚ ਇਕੋ ਹੀ ਰੱਬ ਦੀ ਜੋਤ ਹੈ। ਹਰ ਰੰਗ, ਹਰ ਮਜ਼੍ਹਬ, ਹਰ ਨਸਲ, ਹਰ ਜਾਤ ਦੇ ਸਰੀਰਾਂ ਦੀ ਇੱਕੋ ਹੀ ਮਿੱਟੀ ਤੋਂ ਬਨਾਵਟ ਹੈ। ਖੁਦਗਰਜ਼ੀ ਦੇ ਪੜਦੇ ਕਰਕੇ, ਇਨਸਾਨ ਦੇ ਹਿਰਦੇ ਦੀ ਰੱਬੀ ਜੋਤ ਦੇ ਸੂਰਜ ਅੱਗੇ ਓਹਲਾ ਆ ਜਾਂਦਾ ਹੈ। ਅਸੀਂ ਭੁਲੇਖੇ ਵਿਚ ਪੈ ਕੇ, ਇਕ ਦੂਜੇ ਨਾਲ

ਕੁੱਕੜਖੋਹੀ ਕਰਨ ਲੱਗ ਪੈਂਦੇ ਹਾਂ। ਰੱਬ ਦੀ ਯਾਦ ਵਿਚ ਜੇ ਖੁਦਗਰਜ਼ੀ ਨੂੰ ਮਿਟਾ ਦਈਏ ਤਾਂ ਹਰ ਇਕ ਇਨਸਾਨ ਦੇ ਹਿਰਦੇ ਵਿਚ ਜੋਤ ਪ੍ਰਕਾਸ਼ ਹੋ ਕੇ, ਇੱਕੋ ਇਕ ਨੂਰ ਪ੍ਰਗਟ ਕਰ ਦੇਂਦੀ ਹੈ।"[੨੦] ਇਸ ਕਾਨਫਰੰਸ ਸਮੇਂ ਲੈਕਚਰ ਦੌਰਾਨ ਵਾਪਰੀ ਇਕ ਅਨੋਖੀ ਘਟਨਾ ਨੂੰ ਵੀ ਆਪ ਬਿਆਨ ਕਰਦੇ ਹਨ, "ਦਾਸ (ਸੰਤ ਤੇਜਾ ਸਿੰਘ) ਅਜੇ ਬੋਲ ਹੀ ਰਿਹਾ ਸੀ ਕਿ ਇਕ ਜਰਮਨ ਪ੍ਰੋਫ਼ੈਸਰ ਕਿਸੇ ਖਾਸ ਰੰਗ ਵਿਚ ਆ ਗਿਆ। ਬੜੇ ਜੋਸ਼ ਨਾਲ ਕੁਰਸੀ ਤੋਂ ਉੱਠ ਖਲੋਤਾ। ਦਾਸ ਦਾ ਸੱਜਾ ਹੱਥ ਫੜ, ਬੜੇ ਉਤਸ਼ਾਹ ਨਾਲ ਦਸਤਪੰਜਾ ਲਿਆ ਅਤੇ ਉੱਚੀ ਆਵਾਜ਼ ਵਿਚ ਆਖਿਆ, "This is the thing that we want"[੨੧] ਭਾਵ ਸਾਨੂੰ ਇਹੋ ਹੀ ਗੱਲ ਲੋੜੀਂਦੀ ਹੈ। ਵਿਦੇਸ਼ਾਂ ਵਾਂਗ ਭਾਰਤ ਵਿਚ ਵੀ ਜਗ੍ਹਾ-ਜਗ੍ਹਾ ਆਪ ਜੀ ਨੂੰ ਸਾਧ-ਸੰਗਤ ਵੱਲੋਂ ਗੁਰਮਤਿ ਪ੍ਰਚਾਰ ਹਿੱਤ ਕਾਨਫਰੰਸਾਂ ਵਿਚ ਬੁਲਾਇਆ ਜਾਂਦਾ ਸੀ। ਇਸ ਪ੍ਰਕਾਰ ਸਾਰੀ ਜ਼ਿੰਦਗੀ ਕਾਨਫਰੰਸਾਂ ਅਤੇ ਦੀਵਾਨਾਂ ਦੇ ਮਾਧਿਅਮ ਦੁਆਰਾ ਆਪ ਜੀ ਨੇ ਧਾਰਮਿਕਤਾ ਦਾ ਪ੍ਰਸਾਰ ਸਮੁੱਚੇ ਸੰਸਾਰ ਵਿਚ ਕੀਤਾ। ਇਸ ਤਰ੍ਹਾਂ ਕਾਨਫਰੰਸਾਂ ਰਾਹੀਂ ਆਪ ਜੀ ਨੇ ਨਾ ਸਿਰਫ ਸਿੱਖਾਂ ਦਾ ਜੀਵਨ ਗੁਰਮਤਿ ਵਿਚ ਤਬਦੀਲ ਕਰਨ ਦਾ ਉੱਦਮ ਕੀਤਾ ਬਲਕਿ ਹੋਰਨਾਂ ਧਰਮਾਂ ਦੇ ਲੋਕਾਂ ਨੂੰ ਵੀ ਸਿੱਖ ਧਰਮ ਪ੍ਰਤੀ ਪ੍ਰੇਰਿਤ ਕੀਤਾ। ਹਰਬੰਸ ਸਿੰਘ ਦੋਆਬੀਆ ਇਸ ਗੱਲ ਦੀ ਗਵਾਹੀ ਭਰਦੇ ਲਿਖਦੇ ਹਨ "Sant Ji preached the Sikh Religion on a wide and effective scale in Bangkok, Malaya, Singapur, Kuala Lumpur etc. He gave Khande da Amrit to several persons. He gave lectures even in Churches, attented World Conference for Universal Peace and Brotherhood of God."[੨੨]

ਅਮਰੀਕਾ ਉਪਰੰਤ ਬਾਬਾ ਤੇਜਾ ਸਿੰਘ ਜੀ ਨੇ ਲੰਡਨ ਵਿਖੇ ਆ ਕੇ ਪਹਿਲੇ ਗੁਰਦੁਆਰਾ ਸਾਹਿਬਾਨ ਦੀ ਉਸਾਰੀ ਹਿੱਤ ਯਤਨ ਆਰੰਭ ਕੀਤਾ, ਜੋ ਕਿ ਜਲਦ ਹੀ ਸਫਲ ਹੋ ਗਿਆ। ਪੰਥਕ ਸੇਵਾ ਵਿਚ ਬਾਬਾ ਤੇਜਾ ਸਿੰਘ ਜੀ ਉਸ ਵੇਲੇ ਏਨੇ ਮਗਨ ਹੋ ਚੁੱਕੇ ਸਨ ਕਿ ਜੋ ਪੜ੍ਹਾਈ ਦੀ ਡਿਗਰੀ ਲੈਣ ਸੰਬੰਧੀ ਉਦੇਸ਼ ਲੈ ਕੇ ਆਪ ਵਿਦੇਸ਼ ਵਿਚ ਆਏ ਸਨ, ਉਸ ਨੂੰ ਪੂਰੀ ਤਰ੍ਹਾਂ ਵਿਸਾਰ ਹੀ ਚੁੱਕੇ ਸਨ ਪਰ ਸੰਗਤ ਵੱਲੋਂ ਦੁਬਾਰਾ ਡਿਗਰੀ ਲੈਣ ਲਈ ਆਪ ਜੀ ਨੂੰ ਹੁਕਮ ਕੀਤਾ ਗਿਆ। ਇਸ ਹੁਕਮ ਅਨੁਸਾਰ ਜਦੋਂ ਆਪ ਉਨ੍ਹਾਂ ਯੂਨੀਵਰਸਿਟੀਆਂ ਜਾਂ ਕਾਲਜਾਂ ਵਿਚ ਦੁਬਾਰਾ ਦਾਖ਼ਲਾ ਲੈਣ ਲਈ ਗਏ, ਜਿੱਥੇ ਆਪ ਆਪਣੇ ਕਾਫੀ ਹੱਦ ਤਕ ਕੋਰਸ ਦੀ ਟਰਮ ਮੁਕਾ ਚੁੱਕੇ ਸਨ ਤਾਂ ਉੱਥੋਂ ਦੇ ਅਧਿਕਾਰੀਆਂ ਵੱਲੋਂ ਆਪ ਜੀ ਨੂੰ ਦਾਖ਼ਲਾ ਜਾਂ ਡਿਗਰੀ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ ਗਿਆ ਕਿਉਂਕਿ ਆਪ ਜੀ ਦੀਆਂ ਪੰਥ ਹਿੱਤ ਕੀਤੀਆਂ ਗਈਆਂ ਸੇਵਾਵਾਂ ਉਨ੍ਹਾਂ ਲਈ ਸੇਵਾਵਾਂ ਨਾ ਹੋ ਕੇ ਇਕ ਰਾਜਨੀਤਿਕ ਸਾਜ਼ਿਸ਼ ਦੀ ਭਾਂਤੀ ਸਨ। ਸੋ

ਅਨੇਕਾਂ ਔਂਕੜਾਂ ਆਉਣ ਦੇ ਬਾਅਦ ਆਪ ਜੀ ਨੂੰ 'ਹਾਰਵਰਡ ਯੂਨੀਵਰਸਿਟੀ' ਵਿਖੇ ਦਾਖ਼ਲਾ ਪ੍ਰਾਪਤ ਹੋਇਆ ਤੇ ਅਖੀਰ ਉੱਥੋਂ ਆਪ ਜੀ ਨੇ 'ਏ. ਐਮ.' ਦੀ ਡਿਗਰੀ ਹਾਸਲ ਕੀਤੀ।[੨੩] ਇਸ ਤੋਂ ਬਾਅਦ ਬਾਬਾ ਤੇਜਾ ਸਿੰਘ ਜੀ ਨੇ ਪ੍ਰਸ਼ਾਂਤ ਮਹਾਂਸਾਗਰ ਦੇ ਕੰਢੇ 'ਤੇ 'ਖਾਲਸਾ ਦੀਵਾਨ ਸੁਸਾਇਟੀ'[੨੪] ਨੂੰ ਰਜਿਸਟਰ ਕਰਵਾਇਆ ਤਾਂ ਜੋ ਭਵਿੱਖ ਵਿਚ ਇੱਥੋਂ ਦੀ ਸੰਗਤ ਨੂੰ ਕਿਸੇ ਗੁਰਦੁਆਰੇ ਲਈ ਜ਼ਮੀਨ ਦੇ ਲੈਣ-ਦੇਣ ਵਿਚ ਕੋਈ ਸਮੱਸਿਆ ਪੇਸ਼ ਨਾ ਆਵੇ। ਵਿਦੇਸ਼ ਵਿਚ ਗੁਰਦੁਆਰਾ ਸਾਹਿਬਾਨ ਦੀ ਸਥਾਪਤੀ, ਅੰਮ੍ਰਿਤ-ਸੰਚਾਰ ਅਤੇ ਗੁਰਮਤਿ ਪ੍ਰਚਾਰ ਦੀ ਸੇਵਾ ਨਿਭਾਉਣ ਦੇ ਨਾਲ-ਨਾਲ ਬਾਬਾ ਤੇਜਾ ਸਿੰਘ ਜੀ ਨੇ ਗੁਰੂ ਮਿਹਰ ਸਦਕਾ ਉੱਚ ਪੱਧਰੀ ਡਿਗਰੀ ਵੀ ਹਾਸਲ ਕਰ ਲਈ ਸੀ। ਹੁਣ ਆਪ ਜੀ ਨੇ ਗੁਰੂ ਹੁਕਮ ਅਨੁਸਾਰ ਉਹ ਹਿੰਦੁਸਤਾਨ ਵਾਪਸ ਆਉਣ ਦੀ ਤਿਆਰੀ ਕੀਤੀ। ਆਮ ਤੌਰ 'ਤੇ ਵਿਦੇਸ਼ ਵਿਚ ਕਿਸੇ ਹਾਰਵਰਡ ਵਰਗੀ ਯੂਨੀਵਰਸਿਟੀ ਤੋਂ ਵਿੱਦਿਆ ਹਾਸਲ ਕਰਨ ਉਪਰੰਤ ਕੋਈ ਵੀ ਦੁਨਿਆਵੀ ਸ਼ਖ਼ਸ ਏਹੀ ਸੋਚੇਗਾ ਕਿ ਕੋਈ ਵੱਡੀ ਤੋਂ ਵੱਡੀ ਨੌਕਰੀ ਕੀਤੀ ਜਾਵੇ, ਜਿਸ ਵਿਚ ਤਨਖਾਹ ਉੱਚ ਪੱਧਰ ਦੀ ਹੋਵੇ, ਪਰ ਧੰਨ ਸੀ ਬਾਬਾ ਤੇਜਾ ਸਿੰਘ ਜੀ ਦੀ ਸ਼ਖ਼ਸੀਅਤ, ਜੋ ਆਪ ਸਮੁੱਚਾ ਜੀਵਨ ਮਾਇਆ ਤੋਂ ਨਿਰਲੇਪ ਹੋ ਕੇ ਹੀ ਵਿਚਰੇ। ਵਿਦੇਸ਼ ਤੋਂ ਜਦੋਂ ਆਪ ਮਸਤੂਆਣਾ ਵਿਖੇ ਪਹੁੰਚੇ ਤਾਂ ਛੋਟੀ ਜਮਾਤ ਦੇ ਵਿਦਿਆਰਥੀਆਂ ਨੂੰ ਗੁਰਮੁਖੀ ਪੜ੍ਹਾਉਣ ਦੀ ਸੇਵਾ ਕੀਤੀ। ਬਾਬਾ ਅਤਰ ਸਿੰਘ ਜੀ ਦੇ ਹੁਕਮ ਅਨੁਸਾਰ ਆਪ ਜੀ ਨੇ ਕਈ ਵਿੱਦਿਅਕ ਸੰਸਥਾਵਾਂ ਜਿਵੇਂ ਭਸੌੜ ਕੰਨਯਾ ਵਿਦਿਆਲਾ, ਅਕਾਲ ਕਾਲਜ ਮਸਤੂਆਣਾ, ਖਾਲਸਾ ਕਾਲਜ ਕੱਲਰ, ਸਿੱਖ ਮਿਸ਼ਨਰੀ ਕਾਲਜ ਚੀਮਾ ਸਾਹਿਬ ਅਤੇ ਬਨਾਰਸ ਹਿੰਦੂ ਯੂਨੀਵਰਸਿਟੀ ਆਦਿ ਵਿਚ ਵੀ ਅਲੱਗ-ਅਲੱਗ ਪ੍ਰਕਾਰ ਦੀ ਸੇਵਾ ਨਿਭਾਈ। ਇਹ ਸੇਵਾ ਨਿਭਾਉਂਦਿਆਂ ਨਾਲ-ਨਾਲ ਆਪ ਜੀ ਨੇ ਉਗਰਾਹੀ ਅਤੇ ਕਾਰ-ਸੇਵਾ ਦੁਆਰਾ ਵੀ ਗੁਰਦੁਆਰਾ ਸਾਹਿਬਾਨ ਅਤੇ ਕਾਲਜ ਦੀ ਉਸਾਰੀ ਵਿਚ ਮਹਾਨ ਯੋਗਦਾਨ ਪਾਇਆ। ਸਿੱਖ ਲੀਗ ਸਮਾਗਮਾਂ, ਨੈਸ਼ਨਲ ਕਾਨਫਰੰਸਾਂ ਅਤੇ ਗੁਰਮਤਿ ਸਮਾਗਮਾਂ ਵਿਚ ਗੁਰੂ ਨਾਨਕ ਪਾਤਸ਼ਾਹ ਜੀ ਦੇ ਸਿਧਾਂਤਾਂ ਦਾ ਹੋਕਾ ਦੇਣ ਲਈ ਆਪ ਤਿਆਰ ਬਰ ਤਿਆਰ ਰਹਿੰਦੇ ਸਨ। ਇਸ ਤਰ੍ਹਾਂ ਅੱਠੋ ਪਹਿਰ ਸੇਵਾ ਸਿਮਰਨ ਵਿਚ ਜੀਵਨ ਬਿਤਾਉਣ ਕਾਰਨ ਆਪ ਬਾਬਾ ਅਤਰ ਸਿੰਘ ਜੀ ਵਾਲੀ ਹੀ ਉੱਚ ਅਧਿਆਤਮਿਕ ਅਵਸਥਾ ਨੂੰ ਹਾਸਲ ਕਰ ਚੁੱਕੇ ਸਨ, ਇਸੇ ਕਾਰਨ ਬਾਬਾ ਅਤਰ ਸਿੰਘ ਜੀ ਸੰਗਤ ਵਿਚ ਆਮ ਹੀ ਕਈ ਵਾਰ ਕਹਿੰਦੇ ਸਨ ਕਿ, "ਤੇਜਾ ਸਿੰਘ ਸਾਡਾ ਹੀ ਰੂਪ ਹੈ"[੨੫] ਤਥਾ "ਤੇਜਾ ਸਿੰਘ ਸਾਡਾ ਸਪੁੱਤਰ ਹੈ।" ਬਾਬਾ ਅਤਰ ਸਿੰਘ ਜੀ ਦੇ ਅਕਾਲ ਚਲਾਣਾ ਕਰ ਜਾਣ ਉਪਰੰਤ ਆਪ ਜੀ ਨੇ ਉਨ੍ਹਾਂ ਦੇ ਭਵਿੱਖਤ ਬਚਨਾਂ ਨੂੰ ਪੂਰਾ ਕਰਨ ਲਈ ਕਈ ਗੁਰਦੁਆਰਾ ਸਾਹਿਬਾਨ ਦੀ ਸੇਵਾ ਕਰਵਾਈ। ਇਨ੍ਹਾਂ ਵਿੱਚੋਂ ਵਿਸ਼ੇਸ਼ ਤੌਰ 'ਤੇ ਤਪਿਆਣਾ ਸਾਹਿਬ, ਯਤੀਮਖਾਨਾ ਗੁਜਰਾਂਵਾਲਾ, ਗੁਰਦੁਆਰਾ

ਮਸਤੂਆਣਾ ਸਾਹਿਬ, ਗੁਰਦੁਆਰਾ ਨਾਨਕਸਰ ਚੀਮਾ ਸਾਹਿਬ, ਗੁਰਦੁਆਰਾ ਜਨਮ ਅਸਥਾਨ ਬਾਬਾ ਅਤਰ ਸਿੰਘ ਜੀ ਚੀਮਾ ਸਾਹਿਬ, ਪਾਉਂਟਾ ਸਾਹਿਬ ਅਤੇ ਗੁਰਦੁਆਰਾ ਬੜੂ ਸਾਹਿਬ ਦਾ ਨਾਂ ਵਰਣਨਯੋਗ ਹੈ। ਆਪ ਜੀ ਨੇ ਸਮਾਜ ਵਿਚ ਹਰੇਕ ਪੱਖੋਂ (ਧਾਰਮਿਕ, ਵਿੱਦਿਅਕ, ਸਮਾਜਿਕ ਅਤੇ ਰਾਜਨੀਤਿਕ) ਮਹੱਤਵਪੂਰਨ ਯੋਗਦਾਨ ਪਾਇਆ। ਇਕ ਉੱਚ ਅਧਿਆਤਮਿਕ ਅਵਸਥਾ ਦੀ ਪ੍ਰਾਪਤੀ ਹੋਣ ਕਾਰਨ ਆਪ ਜੀ ਦੀ ਬਿਰਤੀ ਵਿੱਚੋਂ ਸੰਕੁਚਿਤ ਧਾਰਨਾ, ਤੰਗਦਿਲੀ, ਦਵੈਸ਼-ਕਲੇਸ਼, ਜਾਤ-ਪਾਤ, ਭੇਦ-ਭਾਵ ਆਦਿ ਦਾ ਬਿਲਕੁਲ ਨਾਮੋ-ਨਿਸ਼ਾਨ ਹੀ ਮਿਟ ਚੁੱਕਾ ਸੀ। ਇਸੇ ਬਿਰਤੀ ਅਨੁਸਾਰ ਆਪ ਜੀ ਇਹ ਬਚਨ ਪ੍ਰਗਟਾਉਂਦੇ ਸਨ ਕਿ "ਸਤਿਗੁਰੂ ਕਲਗੀਆਂ ਵਾਲੇ ਨੇ ਤਾਂ ਸਾਨੂੰ ਇਕ ਮਾਂ ਪਿਓ ਦੇ ਅੰਮਾਂ-ਜਾਏ ਪੁੱਤ ਬਣਾਇਆ ਸੀ। ਇੱਕੋ ਬਾਟੇ ਵਿਚ ਖੰਡੇ ਦਾ ਅੰਮ੍ਰਿਤ ਛਕਾ ਕੇ ਤੇ ਇਕੱਠੇ ਕੜਾਹ ਪ੍ਰਸ਼ਾਦ ਦੇ ਗੱਫੇ ਲਵਾ ਮਾਝਾ, ਮਾਲਵਾ, ਪੱਛਮ, ਪੂਰਬ, ਖਤਰੀ, ਜੱਟ, ਝੀਵਰ, ਨਾਈ ਅਤੇ ਛੀਬੇ ਨੂੰ ਇਕ ਪਦਵੀ ਬਖਸ਼ੀ ਸੀ, *ਏਕੁ ਪਿਤਾ ਏਕਸ ਕੇ ਹਮ ਬਾਰਿਕ* ਪਰ ਸਾਡੇ ਅੰਦਰ ਦੀ ਕਈ ਜੁਗਾਂ ਦੀ ਭਰੀ ਹੋਈ ਦਵੈਤ ਹੁਣ ਤੀਕਰ ਜਾਤ ਪਾਤ ਤੇ ਇਲਾਕੇ ਦੀਆਂ ਧੜੇਬੰਦੀਆਂ ਦੇ ਰੂਪ ਵਿਚ ਪੰਥ ਦੇ ਸਮੂਹ ਕਾਰਜਾਂ ਵਿਚ ਵਿਘਨ ਦਾ ਕਾਰਨ ਬਣ ਆਉਂਦੀ ਹੈ। ਏਸੇ ਫੁਟ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ 'ਤੇ ਉਨ੍ਹਾਂ ਦੇ ਮਗਰੋਂ ਰੰਗ ਲਿਆਂਦਾ। ਭਰਾ ਭਰਾ ਨੂੰ ਲੜਾ ਕੇ ਸਿੱਖ ਰਾਜ ਦੇ ਤਖਤ ਨੂੰ ਉਲਟਾ ਕੇ ਹੀ ਰੱਖ ਛੱਡਿਆ।'[੨੬] ਵੱਡੀ ਉਮਰ ਹੋਣ ਦੇ ਬਾਵਜੂਦ ਵੀ ਬਾਬਾ ਤੇਜਾ ਸਿੰਘ ਜੀ ਦੇ ਸੇਵਾ ਸਿਮਰਨ ਜਾਂ ਗੁਰਮਤਿ ਪ੍ਰਚਾਰ ਸੰਬੰਧੀ ਉਤਸ਼ਾਹ ਵਿਚ ਕੋਈ ਕਮੀ ਨਹੀਂ ਸੀ ਆਈ ਬਲਕਿ ਆਪ ਜੀ ਨੇ ਅਤਿ ਸਰੀਰਕ ਬਿਮਾਰੀ ਹੋਣ ਦੇ ਬਾਵਜੂਦ ਵੀ ਬੈਂਕਾਂਕ, ਸਿੰਗਾਪੁਰ, ਮਲਾਇਆ, ਪੂਰਬੀ ਅਫਰੀਕਾ, ਜਾਪਾਨ, ਅਮਰੀਕਾ ਅਤੇ ਕੈਨੇਡਾ[੨੭] ਆਦਿ ਦੇਸ਼ਾਂ ਵਿਚ ਗੁਰਮਤਿ ਪ੍ਰਚਾਰ ਲਈ ਦੁਬਾਰਾ ਦੌਰਾ ਕੀਤਾ। ਇਸ ਤਰ੍ਹਾਂ ਸਮੁੱਚੀ ਜ਼ਿੰਦਗੀ ਪੰਥਕ ਸੇਵਾ ਵਿਚ ਬਿਤਾਉਣ ਉਪਰੰਤ ਅਖੀਰ ੩ ਜੁਲਾਈ, ੧੯੬੫ ਨੂੰ ਬਾਬਾ ਤੇਜਾ ਸਿੰਘ ਜੀ ਗੁਰੂ ਹੁਕਮ ਅਨੁਸਾਰ ਪੰਜ ਤੱਤਾਂ ਵਿਚ ਵਿਲੀਨ ਹੋ ਗਏ।

*ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।*
*ਸਚੀ ਦਰਗਹ ਜਾਇ ਸਚਾ ਪਿੜੁ ਮਲਿਆ।* *(ਵਾਰ ੧੯:੧੪)*

ਸਮੁੱਚਾ ਜੀਵਨ ਗੁਰੂ ਲੇਖੇ ਲਾਉਣ ਉਪਰੰਤ ਆਪ ਜੀ ਨੇ ਕੁਝ ਇਕ ਰਚਨਾਵਾਂ ਪੰਥ ਦੀ ਭੇਟਾ ਕੀਤੀਆਂ। ਜਿਵੇਂ 'ਜੀਵਨੀ ਸੰਤ ਬਾਬਾ ਅਤਰ ਸਿੰਘ ਜੀ (ਦੋ ਭਾਗਾਂ ਵਿਚ)', 'ਜਪੁਜੀ ਸਾਹਿਬ ਸਟੀਕ', 'ਇਤਿਹਾਸ ਗੁਰੂ ਨਾਨਕ ਪਾਤਸ਼ਾਹ', 'ਦਸ਼ਮੇਸ਼ ਪਿਤਾ' ਅਤੇ ' The Path Of God Conciousness'।

ਸਪੱਸ਼ਟ ਹੈ ਕਿ ਬਾਬਾ ਤੇਜਾ ਸਿੰਘ ਜੀ ਅਸਲ ਕਿਰਤੀ, ਧਰਮੀ, ਨਾਮੀ, ਉੱਚ ਕੋਟੀ ਦੇ ਅਧਿਆਪਕ, ਲੈਕਚਰਾਰ, ਕਥਾਵਾਚਕ, ਕੀਰਤਨੀਏ, ਵਿਆਖਿਆਕਾਰ,

ਇਤਿਹਾਸਕਾਰ, ਇਕ ਸਫਲ ਪ੍ਰਬੰਧਕ ਅਤੇ ਯੋਗ ਆਗੂ, ਅਨੁਭਵੀ, ਲਿਖਾਰੀ, ਮਾਇਆ ਤੋਂ ਨਿਰਲੇਪ, ਹੁਕਮੀ, ਪੱਕੇ ਨਿੱਤਨੇਮੀ, ਬੀਰ ਰਸ ਅਤੇ ਸ਼ਾਂਤ ਰਸ ਦੇ ਸੁਮੇਲ ਅਤੇ ਆਤਮਿਕ ਰਸ ਭੁੰਚਣ ਵਾਲੇ ਹਉਮੈਂ ਅਤੀਤ ਗੁਰਮੁਖ ਸਨ। ਬਾਬਾ ਤੇਜਾ ਸਿੰਘ ਜੀ ਦੇ ਪਾਏ ਹੋਏ ਮਹਾਨ ਯੋਗਦਾਨ ਨੂੰ ਮੁੱਖ ਰੱਖਦਿਆਂ ਹੋਇਆਂ ਕੁਝ ਸਮਾਂ ਪਹਿਲਾਂ ਹੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਸਥਾਪਿਤ ਅਜਾਇਬ ਘਰ ਵਿਚ ਆਪ ਜੀ ਦੀ ਤਸਵੀਰ ਉਨ੍ਹਾਂ ੧੮ ਗਦਰੀ ਬਾਬਿਆਂ ਦੇ ਨਾਲ ਲਗਾਈ ਗਈ ਹੈ, ਜਿਨ੍ਹਾਂ ਨੇ ਪੰਥ ਦੀ ਖਾਤਰ ਮਹਾਨ ਕੁਰਬਾਨੀਆਂ ਦਿੱਤੀਆਂ।[੨੮] ਕੈਨੇਡਾ ਵਿਖੇ ਵੀ ਆਪ ਜੀ ਨੂੰ ਯਾਦ ਕਰਦਿਆਂ ਹਰ ਸਾਲ ੧ ਜੁਲਾਈ ਨੂੰ 'Sant Teja Singh Day' ਮਨਾਇਆ ਜਾਂਦਾ ਹੈ। ਅੱਜ ਬਾਬਾ ਤੇਜਾ ਸਿੰਘ ਜੀ ਵੱਲੋਂ ਵਿੱਦਿਆ ਪ੍ਰਥਾਇ ਲਾਇਆ ਬੂਟਾ ਸਮੁੱਚੇ ਭਾਰਤ ਵਿਚ ਬੋਹੜ ਦੇ ਦਰੱਖਤ ਦੀ ਭਾਂਤੀ ਕੋਨੇ-ਕੋਨੇ ਵਿਚ ਫੈਲ ਚੁੱਕਿਆ ਹੈ। ਅਨੇਕਾਂ ਹੀ ਅਕੈਡਮੀਆਂ ਅਤੇ ਯੂਨੀਵਰਸਿਟੀਆਂ ਰਾਹੀਂ ਸੰਤ ਜੀ ਵੱਲੋਂ ਉਸਾਰਿਆ ਵਿੱਦਿਆ ਰੂਪੀ ਵਿਚਾਰ ਅਤੇ ਪਰਉਪਕਾਰ ਦਾ ਸੰਕਲਪ ਸਹਿਜੇ ਹੀ ਸਾਕਾਰ ਹੁੰਦਾ ਨਜ਼ਰੀ ਪੈ ਰਿਹਾ ਹੈ।

**ਹਵਾਲੇ :**

**੧.** Dharam Singh, Harbans Singh (editor), *Concise Encylopedia of Sikhism,* Publicaton Burea, Punjabi University, Patiala, P-680

**੨.** Darshan Singh (Tatla), *Sant Teja Singh (A Short Biography),* Punjab Centre for migration studies, Jalandhar, P-3

**੩.** *ਸਗਲੀ ਸਉਦੀ ਤੋਟਾ ਆਵੈ॥ ਨਾਨਕ ਰਾਮ ਨਾਮੁ ਮਨਿ ਭਾਵੈ॥*

**੪.** *ਪ੍ਰਾਣੀ ਤੂੰ ਆਇਆ ਲਾਹਾ ਲੈਣਿ॥ ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥*

**੫.** *ਹਰਿ ਕਾ ਨਾਮੁ ਲਹਿਓ ਮੈ ਲਾਹਾ॥*

**੬.** ਵਿਸ਼ਵ ਸਦੀਵੀ ਸ਼ਾਂਤੀ ਦਾ ਮਾਰਗ, *ਸੰਖੇਪ ਜੀਵਨ ਕਥਾ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ,* ਕਲਗੀਧਰ ਟਰੱਸਟ, ਬੜੂ ਸਾਹਿਬ, ਜੁਲਾਈ ੨੦੦੦, ਪੰਨੇ ੬੦-੬੧

**੭.** ਨਰਾਇਣ ਸਿੰਘ (ਭਾਈ), *ਸ੍ਰੀ ਸੰਤ ਬਿਲਾਸ (ਸੰਤ ਅਤਰ ਸਿੰਘ ਜੀ),* ਕਲਗੀਧਰ ਟਰੱਸਟ, ਬੜੂ ਸਾਹਿਬ, ਪੰਨਾ ੬੨੩

**੮.** ਬਲਵੰਤ ਸਿੰਘ ਕੋਠਾ ਗੁਰੂ (ਗਿਆਨੀ), *ਏਕ ਪੁਰਖ ਅਪਾਰ,* ਸੰਤ ਸੇਵਕ ਜਥਾ ਬੁੰਗਾ, ਮਸਤੂਆਣਾ ਗੁਰੂ ਕਾਸ਼ੀ (ਸ੍ਰੀ ਦਮਦਮਾ ਸਾਹਿਬ), ਬਠਿੰਡਾ, ਨਵੰਬਰ, ੧੯੯੩, ਪੰਨਾ ੨੬

**੯.** ਉਹੀ, ਪੰਨਾ ੨੭

**੧੦.** *ਸੰਤ ਤੇਜਾ ਸਿੰਘ ਪੱਛਮੀ ਦੇਸ਼ਾਂ ਵਿੱਚ ਸਿੱਖੀ ਦੇ ਪਹਿਲੇ ਸੰਦੇਸ਼ਵਾਹਕ,* ਕਲਗੀਧਰ ਟਰੱਸਟ, ਬੜੂ ਸਾਹਿਬ, ਜੁਲਾਈ, ੨੦੧੫, ਪੰਨੇ ੫-੬

**੧੧.** Sukhmander Singh, *Life and times of Sant Teja Singh* 1906-1912, p-1

**੧੨.** Surjit Singh Gandhi, *Proceedings of Punjab History Conference,* Patiala, 6th session, March 19-20, Punjabi University, 1971, p-315

**੧੩.** Darshan Singh (Tatla), *Sant Teja Singh (A Short Biography),* Punjab Centre for migration studies, Jalandhar, P-5

**੧੪.** Darshan Singh (Tatla), *Sant Teja Singh (A Short Biography),* Punjab Centre for migration studies, Jalandhar, P-1

**੧੫.** https://youtube.be/r4g-yTTsc2Q, Sant Teja Singh Ji, Bhai Pinderpal Singh, 16 jul, 2016

**੧੬.** Khem Singh (Gill), *Life of a Gurmukh Sant Teja Singh, Khalsa Diwan Society,* Canada, July, 2016, P-253

**੧੭.** ਤੇਜਾ ਸਿੰਘ (ਸੰਤ), *ਜੀਵਨ ਕਥਾ ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ...* ਦੇ ਅਨਿੰਨ ਸੇਵਕ ਸੰਤ ਤੇਜਾ ਸਿੰਘ ਜੀ, ਭਾਗ ੨, ਕਲਗੀਧਰ ਟਰੱਸਟ, ਪੰਨਾ

**੧੮.** ਸੋਹਣ ਸੁਰਿੰਦਰ ਸਿੰਘ ਸੰਘਾ (ਸਕਰੂਲਵੀ), ਕੈਨੇਡੀਅਨ ਸਿੱਖਾਂ ਦਾ ਇਤਿਹਾਸ ੧੯੮੦ ਈ. ਤੋਂ ੨੦੦੦ ਈ., ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ, ਬੀ.ਸੀ., ਕੈਨੇਡਾ, ੧੯੯੯, ਪੰਨਾ ੩੬੨

**੧੯.** Khem Singh (Gill), Life of a Gurmukh Sant Teja Singh, Khalsa Diwan Society, Canada, July, 2016, P-538-68

**੨੦.** ਤੇਜਾ ਸਿੰਘ (ਸੰਤ), *ਜੀਵਨ ਕਥਾ ਸੰਤ ਅਤਰ ਸਿੰਘ ਜੀ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ ੩੬੬

**੨੧.** *ਸੰਤ ਤੇਜਾ ਸਿੰਘ ਪੱਛਮੀ ਦੇਸ਼ਾਂ ਵਿੱਚ ਸਿੱਖੀ ਦੇ ਪਹਿਲੇ ਸੰਦੇਸ਼ਵਾਹਕ,* ਕਲਗੀਧਰ ਟਰੱਸਟ, ਬੜੂ ਸਾਹਿਬ, ਜੁਲਾਈ, ੨੦੧੫, ਪੰਨਾ ੧੫

**੨੨.** Harbans Singh Doabia, Life Stories of The Sikh Saints, Singh Bros, Amritsar, 1998, P-111

**੨੩.** Darshan Singh (Tatla), *Sant Teja Singh (A Short Biography),* Punjab Centre for migration studies, Jalandhar, P-15

**੨੪.** ਭਾਈ ਅਮਰ ਸਿੰਘ ਖਾਲਸਾ, (ਡਾ.), *ਸੰਪੂਰਣ ਜੀਵਨ ਕਥਾ ਬ੍ਰਹਮ ਗਿਆਨੀ ਸੰਤ ਅਤਰ ਸਿੰਘ ਜੀ...* ਮਸਤੂਆਣਾ, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ੨੦੧੫, ਪੰਨਾ ੧੦੮

**੨੫.** ਤੇਜਾ ਸਿੰਘ (ਸੰਤ), *ਜੀਵਨ ਕਥਾ ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਦੇ ਅਨਿੰਨ ਸੇਵਕ ਸੰਤ ਤੇਜਾ ਸਿੰਘ ਜੀ,* ਭਾਗ ੨, ਕਲਗੀਧਰ ਟਰੱਸਟ, ਪੰਨਾ ੧੯੭

**੨੬.** ਤੇਜਾ ਸਿੰਘ (ਸੰਤ), *ਜੀਵਨ ਕਥਾ ਸੰਤ ਅਤਰ ਸਿੰਘ ਜੀ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ ੫੦੭

**੨੭.** Khem Singh (Gill), *Life of a Gurmukh Sant Teja Singh,* Khalsa Diwan Society, Canada, July, 2016, P-538-68

**੨੮.** https://m.punjabijagran.com, 11/01/2020

■

## ਸਿੱਖ ਰੈਫ਼ਰੈਂਸ ਲਾਇਬ੍ਰੇਰੀ

ਸਮੂਹ ਜਗਤ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਜਿਸ ਸੱਜਣ ਪਾਸ ਕੋਈ ਵੀ ਦੁਰਲੱਭ ਇਤਿਹਾਸਿਕ ਪੁਸਤਕ/ਹੱਥ-ਲਿਖਤ ਗ੍ਰੰਥ/ਪੋਥੀ ਜਾਂ ਕੋਈ ਹੋਰ ਇਤਿਹਾਸਿਕ ਵਸਤੂ ਹੋਵੇ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਭੇਟਾ-ਰਹਿਤ ਜਾਂ ਭੇਟਾ-ਸਹਿਤ ਦੇਣ ਲਈ ਸੰਪਰਕ ਕਰਨ ਜੀ।

# ਕਾਰਗਿਲ ਯੁੱਧ ਵਿਚ ਸਿੱਖ ਪਲਟਨਾਂ ਦੀ ਅਦਭੁਤ ਬਹਾਦਰੀ

*-ਕਰਨਲ ਡਾ. ਦਲਵਿੰਦਰ ਸਿੰਘ**

## ੮ ਸਿੱਖ ਬਟਾਲੀਅਨ ਦੀ ਅਦਭੁੱਤ ਬਹਾਦਰੀ

੧੪ ਮਈ, ੧੯੯੯ ਈ. ਨੂੰ ੮ ਸਿੱਖ ਬਟਾਲੀਅਨ ਨੂੰ ਟਾਈਗਰ ਹਿੱਲ 'ਤੇ ਮੁੜ ਕਬਜ਼ਾ ਕਰਨ ਦਾ ਕੰਮ ਸੌਂਪਿਆ ਗਿਆ ਸੀ। ਮਿਲੀ ਜਾਣਕਾਰੀ ਬਹੁਤ ਘੱਟ ਸੀ। ਇਹੋ ਖ਼ਬਰ ਸੀ ਕਿ ਕੁਝ ਕੁ ਮੁਜ਼ਾਹਿਦੀਨ ਹੀ ਉੱਪਰ ਮੋਰਚਿਆਂ ਵਿਚ ਸਨ।। ਜਿਵੇਂ ਹੀ ਹਮਲਾ ਦੱਖਣੀ ਪਹੁੰਚ ਦੇ ਨਾਲ ਇੱਕ ਸ਼ੁਰੂਆਤੀ ਜਾਂਚ ਕਾਰਵਾਈ ਦੇ ਰੂਪ ਵਿਚ ਸ਼ੁਰੂ ਹੋਇਆ, ਦੁਸ਼ਮਣ ਦੁਆਰਾ, ਸਿੱਧੀ ਅਤੇ ਅਸਿੱਧੇ ਤੌਰ 'ਤੇ ਤਿੱਖੀ ਗੋਲੀਬਾਰੀ ਕੀਤੀ ਗਈ। ਸਾਹਮਣਿਓਂ ਆਉਂਦੀ ਗੋਲਾਬਾਰੀ ਦੀ ਪਰਵਾਹ ਕੀਤੇ ਬਿਨਾਂ ਸੂਬੇਦਾਰ ਜੋਗਿੰਦਰ ਸਿੰਘ ਅਤੇ ਉਸ ਦੀ ਪਲਟਨ ਨੇ ਆਪਣਾ ਮਾਰਚ ਜਾਰੀ ਰੱਖਿਆ ਅਤੇ ਸਫਲਤਾਪੂਰਵਕ ਟਾਈਗਰ ਹਿੱਲ ਦੀ ਚੋਟੀ ਵੱਲ ਜਾਣ ਵਾਲੇ ਸਪਰ ਦੇ ਆਧਾਰ 'ਤੇ ਪਹੁੰਚ ਗਏ। ਇਸ ਚੜ੍ਹਤ ਵਿਚ ਸੂਬੇਦਾਰ ਜੋਗਿੰਦਰ ਸਿੰਘ, ਜਿਸ ਨੇ ਲਾਂਸ-ਨਾਇਕ ਰਣਜੀਤ ਸਿੰਘ ਨਾਲ ਮਿਲ ਕੇ ਜਵਾਬੀ ਗੋਲੀਬਾਰੀ ਦੀ ਅਗਵਾਈ ਕੀਤੀ, ਨੇ ਮਹਾਨ ਕੁਰਬਾਨੀ ਦਿੱਤੀ। ਟਾਈਗਰ ਹਿੱਲ ਦੇ ਅੰਤਮ ਕਬਜ਼ੇ ਵਿਚ ਸੂਬੇਦਾਰ ਦੁਆਰਾ ਹਾਸਲ ਕੀਤੀ ਮਹੱਤਵਪੂਰਨ ਪ੍ਰਾਪਤੀ ਮਹੱਤਵਪੂਰਨ ਸਾਬਤ ਹੋਈ।

ਦੁਸ਼ਮਣ ਦੀ ਗੋਲਾਬਾਰੀ ਦੀ ਮਾਤਰਾ ਤੋਂ ਕੋਈ ਸ਼ੱਕ ਨਹੀਂ ਸੀ ਰਹਿ ਗਿਆ ਕਿ ਦੁਸ਼ਮਣ ਦੀ ਗਿਣਤੀ ਤੇ ਗੋਲਾਬਾਰੀ ਦੀ ਸ਼ਕਤੀ ਕਿਆਸੀ ਹੋਈ ਤਾਕਤ ਤੋਂ ਕਿਤੇ ਜ਼ਿਆਦਾ ਸੀ ਤੇ ਟਾਈਗਰ ਹਿੱਲ ਉੱਤੇ ਦੁਸ਼ਮਣ ਦੀ ਪਕੜ ਬੜੀ ਮਜ਼ਬੂਤ ਸੀ। ਹਿੱਲ ਕੰਪਲੈੱਕਸ ਵਿਚ ਟਾਈਗਰ ਹਿੱਲ (ਟੌਪ), ਈਸਟਰਨ ਸਪਰ, ਵੈਸਟਰਨ ਸਪਰ, ਇੰਡੀਆ ਗੇਟ, ਰੌਕੀ ਨੌਬ ਅਤੇ ਹੈਲਮੇਟ ਸ਼ਾਮਲ ਹਨ।

ਫੌਜ ਨੇ ਟਾਈਗਰ ਹਿੱਲ 'ਤੇ ਕਬਜ਼ਾ ਕਰਨ ਤੋਂ ਪਹਿਲਾਂ ਇਸ ਨੂੰ ਅਲੱਗ-ਥਲੱਗ ਕਰਨ ਦੀ ਯੋਜਨਾ ਬਣਾਈ ਸੀ। ਸਿਪਾਹੀਆਂ ਸ. ਰਸ਼ਵਿੰਦਰ ਸਿੰਘ, ਸ. ਸੁਖਵਿੰਦਰ ਸਿੰਘ ਅਤੇ ਸ. ਜਸਵਿੰਦਰ ਸਿੰਘ ਦੁਆਰਾ ਦੁਸ਼ਮਣ ਦੀ ਗੋਲਾਬਾਰੀ ਨੂੰ ਬੇਅਸਰ ਕਰਨ ਲਈ ਪ੍ਰਮੁੱਖ ਉਚਾਈਆਂ 'ਤੇ ਕਬਜ਼ਾ ਕਰਨ ਲਈ ੨੧ ਮਈ ਤਕ ੮ ਸਿੱਖ ਬਟਾਲੀਅਨ ਦੁਆਰਾ ਇਹ ਪ੍ਰਾਪਤੀ ਕੀਤੀ ਗਈ ਸੀ। ਆਪਣੀ ਨਿੱਜੀ ਸੁਰੱਖਿਆ ਦੀ ਪੂਰੀ ਅਣਦੇਖੀ ਕਰਦੇ ਹੋਏ, ਇਹ ਬਹਾਦਰ ਆਦਮੀ ਮੁੱਖ ਨਿਸ਼ਾਨਿਆਂ

**#੧੯੨੫, ਬਸੰਤ ਐਵੀਨਿਊ, ਲੁਧਿਆਣਾ-੧੪੧੦੧੩; ਮੋ. +੯੧੯੮੧੫੩-੬੬੭੨੬*

'ਤੇ ਕਬਜ਼ਾ ਕਰਨ ਵਿਚ ਸਫਲ ਹੋ ਗਏ।

੩੧ ਮਈ ਤੋਂ ੨ ਜੁਲਾਈ ਦੇ ਵਿਚਕਾਰ, ਇਸ ਬਟਾਲੀਅਨ ਦੇ ਜਵਾਨਾਂ ਅਤੇ ਅਫਸਰਾਂ ਨੇ ਸਿੱਧੇ ਅਤੇ ਅਸਿੱਧੇ ਦੋਨੋਂ ਤਰ੍ਹਾਂ ਦੀ ਗੋਲੀਬਾਰੀ ਦੁਆਰਾ ਦੁਸ਼ਮਣ ਨੂੰ ਭਾਰੀ ਨੁਕਸਾਨ ਪਹੁੰਚਾਉਣਾ ਜਾਰੀ ਰੱਖਿਆ ਅਤੇ ਅੱਗੇ ਵਧਦੇ ਰਹੇ ਤਾਂ ਕਿ ਦੁਸ਼ਮਣ ਨੂੰ ਘੇਰ ਲਿਆ ਜਾ ਸਕੇ। ਹਰ ਰਾਤ, ਉਹ ਬਰਫ਼ ਵਿੱਚੋਂ ਲੰਘਦੇ, ਇੱਕ ਰੇਂਗਣ ਵਾਲੀ ਖਾਈ ਬਣਾਉਂਦੇ ਅਤੇ ਇੱਕ ਨਵੀਂ ਪੋਸਟ ਸਥਾਪਿਤ ਕਰਦੇ- ਹੌਲੀ-ਹੌਲੀ ਪਰ ਨਿਰੰਤਰ ਸਿਖਰ ਵੱਲ ਵਧਦੇ। ਹਰ ਰੋਜ਼ ਦੁਸ਼ਮਣ ਦੀ ਗੋਲੀਬਾਰੀ ਦੇ ਨਾਲ-ਨਾਲ ਮੀਂਹ ਅਤੇ ਬਰਫ਼ਬਾਰੀ ਦੇ ਨਾਲ ਬਹੁਤ ਹੀ ਕਠੋਰ ਮੌਸਮੀ ਸਥਿਤੀਆਂ ਤੋਂ ਅਣਜਾਣ, ਬਹਾਦਰ ਸਿਪਾਹੀਆਂ ਨੇ ਆਪਣੇ ਦੁਸ਼ਮਣ ਨੂੰ ਹਰਾਉਣ ਅਤੇ ਆਪਣੇ ਅੰਤਿਮ ਨਿਸ਼ਾਨੇ ਲਈ ਤਿਆਰ ਹੋਣ ਦੀ ਹਿੰਮਤ ਕੀਤੀ। ਪਰ ਜਾਨੀ ਨੁਕਸਾਨ ਕਾਫੀ ਹੋਇਆ।

ਕੁੱਲ ਮਿਲਾ ਕੇ ੧੦ ਜਵਾਨ ਸ਼ਹੀਦ ਹੋ ਗਏ ਅਤੇ ੪੯ ਹੋਰ ਜ਼ਖ਼ਮੀ ਹੋ ਗਏ। ਇੰਨੇ ਨੁਕਸਾਨ ਦੇ ਬਾਵਜੂਦ, ਉਹ ਡਟੇ ਰਹੇ ਅਤੇ ਤਿੰਨ ਦਿਸ਼ਾਵਾਂ ਤੋਂ ਟਾਈਗਰ ਹਿੱਲ ਨੂੰ ਅਲੱਗ ਕਰ ਦਿੱਤਾ। ਇਹ ਲਾਜ਼ਮੀ ਸੀ ਕਿ ਟਾਈਗਰ ਹਿੱਲ ਸਿਖਰ 'ਤੇ ਘੁਸਪੈਠੀਆਂ ਨੂੰ ਪੂਰੀ ਤਰ੍ਹਾਂ ਘੇਰਨ ਲਈ ਪੱਛਮੀ ਸਪਰ 'ਤੇ ਵੀ ਕਬਜ਼ਾ ਕਰ ਲਿਆ ਜਾਂਦਾ।

ਟਾਈਗਰ ਹਿੱਲ ਦੀ ਆਖਰੀ ਲੜਾਈ ਲਈ ਮੇਜਰ ਰਵਿੰਦਰ ਸਿੰਘ ਅਤੇ ਲੈਫਟੀਨੈਂਟ ਸਹਿਰਾਵਤ ਨੇ ਚਾਰ ਜੇਸੀਓਜ਼ ਅਤੇ ੫੨ ਓਆਰਜ਼ ਦੇ ਨਾਲ ਪੱਛਮੀ ਸਪੁਰ 'ਤੇ ਕਬਜ਼ਾ ਕਰਨ ਦੀ ਚੁਣੌਤੀਪੂਰਨ ਜ਼ਿੰਮੇਵਾਰੀ ਨਿਭਾਈ। ਇਹ ੪-੫ ਜੁਲਾਈ ਦੀ ਦਰਮਿਆਨੀ ਰਾਤ ਨੂੰ ਸੀ ਕਿ ੮ ਸਿੱਖ ਬਟਾਲੀਅਨ ਦੇ ਬਹਾਦਰ ਸਿਪਾਹੀਆਂ ਦਾ ਇਹ ਦਲ "ਬੋਲੇ ਸੋ ਨਿਹਾਲ" ਦੇ ਜੈਕਾਰਿਆਂ ਦੌਰਾਨ ਰੋਹੀਨੋ ਹੌਰਨ, ਰੌਕੀ ਨੌਬ, ਹੈਲਮੇਟ ਅਤੇ ਇੰਡੀਆ ਗੇਟ 'ਤੇ ਕਬਜ਼ਾ ਕਰਨ ਲਈ ਰਵਾਨਾ ਹੋਇਆ। ਇਹ ਅਹੁਦਿਆਂ ਨੂੰ ਬਹੁਤ ਮਜ਼ਬੂਤ ਕੀਤਾ ਗਿਆ ਸੀ ਅਤੇ ਪੂਰਬ ਵੱਲ ਟਾਈਗਰ ਹਿੱਲ ਅਤੇ ਪੱਛਮ ਵੱਲ ਟ੍ਰਿਗ ਹਾਈਟਸ ਤੋਂ ਦੁਸ਼ਮਣ ਦਾ ਦਬਦਬਾ ਸੀ। ਇਹ ਕੰਮ ਚੁਣੌਤੀਪੂਰਨ ਸੀ ਕਿਉਂਕਿ ਪਹੁੰਚ ੭੫ ਤੋਂ ੮੦ ਡਿਗਰੀ ਗਰੇਡੀਐਂਟ (ਢਲਾਣ) ਵਾਲੀ ਸੀ।

ਮਰਜੀਵੜੇ ਸਿੱਖਾਂ ਲਈ, ਬਹੁਤ ਹੀ ਖਰਾਬ ਮੌਸਮ ਅਤੇ ਬਰਫਾਨੀ ਉਚਾਈਆਂ ਕੋਈ ਮਾਇਨੇ ਨਹੀਂ ਰੱਖਦੀਆਂ। ਸੂਬੇਦਾਰ ਨਿਰਮਲ ਸਿੰਘ, ਨਾਇਬ ਸੂਬੇਦਾਰ ਕਰਨੈਲ ਸਿੰਘ ਅਤੇ ਨਾਇਬ ਸੂਬੇਦਾਰ ਰਵੇਲ ਸਿੰਘ ਨੇ ਪੱਕਾ ਆਧਾਰ ਕਾਇਮ ਕੀਤਾ। ਲੈਫਟੀਨੈਂਟ ਆਰ. ਕੇ. ਸਹਿਰਾਵਤ ਨੂੰ ਤਿੰਨ ਟੀਮਾਂ ਦੁਆਰਾ ਹਮਲੇ ਦਾ ਤਾਲਮੇਲ ਕਰਨਾ ਸੀ। ਅੱਧੀ ਰਾਤ ਤਕ, ਤਿੰਨੋਂ ਟੀਮਾਂ ਇੰਡੀਆ ਗੇਟ, ਹੈਲਮੇਟ

ਅਤੇ ਰੌਕੀ ਨੌਬ ’ਤੇ ਕਬਜ਼ਾ ਕਰਨ ਲਈ ਢੁਕਵੇਂ ਢੰਗ ਨਾਲ ਤਿਆਰ ਸਨ। ਜਿਉਂ ਹੀ “ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ” ਦੇ ਜੈਕਾਰੇ ਗੂੰਜੇ, ਸਿੱਖ ਯੋਧੇ ਵਧ ਪਏ। ਉਧਰੋਂ ਦੁਸ਼ਮਣ ਨੇ ਗੋਲੇ-ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਦੁਸ਼ਮਣ ਦੀ ਤਿੱਖੀ ਗੋਲਾਬਾਰੀ ਅਤੇ ਸਿੱਧੀ ਗੋਲੀਬਾਰੀ ਸ਼ੁਰੂ ਹੋ ਗਈ। ਇੱਕ “ਗਹਿ ਗੱਡਵੀਂ ਲੜਾਈ” ਹੋਈ ਜਿਸ ਦੌਰਾਨ ਬੰਕਰਾਂ ਨੂੰ ਇੱਕ ਤੋਂ ਬਾਅਦ ਇੱਕ ਸਾਫ਼ ਕੀਤਾ ਗਿਆ। ਸਵੇਰੇ ੪ ਵਜੇ ਤਕ ਇੰਡੀਆ ਗੇਟ ਅਤੇਰੂ ਕੀਤਾ। ਦੁਸ਼ਮਣ ਤੋਂ ਹਿੰਸਕ ਜਵਾਬੀ ਕਾਰਵਾਈ ਨੂੰ ਦੇਖਦੇ ਹੋਏ, ਕਿਸੇ ਵੀ ਹਮਲੇ ਨੂੰ ਨਾਕਾਮ ਕਰਨ ਲਈ ਸਾਰੀਆਂ ਤਿਆਰੀਆਂ ਕਰ ਲਈਆਂ ਗਈਆਂ ਸਨ।

ਦਰਅਸਲ, ਦੋ ਵੱਡੇ ਹਮਲਿਆਂ ਨੂੰ ਨਾਕਾਮ ਕਰ ਦਿੱਤਾ ਗਿਆ ਜਿਸ ਵਿਚ ਪਾਕਿਸਤਾਨ ਦੇ ਮੇਜਰ ਇਕਬਾਲ ਅਤੇ ੧੨ NLI (Northern Light Infantry) ਦੇ ਕੈਪਟਨ ਕਮਲ ਸ਼ੇਰ ੩੦ ਹੋਰਾਂ ਦੇ ਨਾਲ ਮਾਰੇ ਗਏ। ਤਿੰਨ ਜੇ.ਸੀ.ਓਜ਼ - ਸੂਬੇਦਾਰ ਨਿਰਮਲ ਸਿੰਘ ਅਤੇ ਕਰਨੈਲ ਸਿੰਘ ਅਤੇ ਨਾਇਬ ਸੂਬੇਦਾਰ ਰਵੇਲ ਸਿੰਘ- ਅਤੇ ੧੯ ਜਵਾਨਾਂ ਨੇ ਸਰਵਉੱਚ ਕੁਰਬਾਨੀ ਦਿੱਤੀ। ਜ਼ਖ਼ਮੀਆਂ ਵਿਚ ਮੇਜਰ ਰਵਿੰਦਰ ਸਿੰਘ ਅਤੇ ਲੈਫਟੀਨੈਂਟ ਸ਼ੇਰਾਵਤ ਤੋਂ ਇਲਾਵਾ ੧੮ ਜਵਾਨ ਪੱਛਮੀ ਸਪਰ ਦੇ ਕਬਜ਼ੇ ਨੇ ੭ ਜੁਲਾਈ ਨੂੰ ਟਾਈਗਰ ਹਿੱਲ ਦੀ ਚੋਟੀ ’ਤੇ ਕਬਜ਼ਾ ਕਰਨਾ ਸੰਭਵ ਕੀਤਾ। ਯੂਨਿਟ ਦੇ ਕੁੱਲ ੩੫ ਆਦਮੀ ਸ਼ਹੀਦ ਹੋਏ। ਲਗਪਗ ੭੦ ਜ਼ਖ਼ਮੀ ਹੋਏ- ਇਹ ਇੱਕ ਵੱਡੀ ਕੀਮਤ ਸੀ, ਪਰ ਪੂਰੀ ਸ਼ਿੱਦਤ ਨਾਲ, ਟਾਈਗਰ ਹਿੱਲ ’ਤੇ ੮ ਸਿੱਖ ਬਟਾਲੀਅਨ ਨੇ ਜਿੱਤ ਪ੍ਰਾਪਤ ਕੀਤੀ। ੮ ਸਿੱਖ ਬਟਾਲੀਅਨ ਦੇ ਕੁਝ ਬਹਾਦਰਾਂ ਦੀ ਅਦਭੁੱਤ ਬਹਾਦਰੀ ਦੇ ਜ਼ਿਕਰ ਤੋਂ ਬਿਨਾਂ ਇਹ ਲੇਖ ਅਧੂਰਾ ਹੋਵੇਗਾ।

**ਸੂਬੇਦਾਰ ਨਿਰਮਲ ਸਿੰਘ**

ਸੂਬੇਦਾਰ ਨਿਰਮਲ ਸਿੰਘ ੧੯੭੬ ਈ. ਵਿਚ ੮ ਸਿੱਖ ਬਟਾਲੀਅਨ ਵਿਚ ਭਰਤੀ ਹੋਇਆ। ੪ ਜੁਲਾਈ, ੧੯੯੯ ਈ. ਨੂੰ, ਉਹ ਪਾਕਿਸਤਾਨੀ ਜਵਾਬੀ ਹਮਲੇ ਵਿਚ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਲੋਕਾਂ ਵਿੱਚੋਂ ਇੱਕ ਸੀ ਪਰ ਉਸ ਨੇ ਆਪਣੀ ਫੌਜ ਦੀ ਕਮਾਂਡ ਬਰਕਰਾਰ ਰੱਖੀ ਅਤੇ ਵਾਇਰਲੈਸ ’ਤੇ ਬ੍ਰਿਗੇਡ ਕਮਾਂਡਰ (ਬ੍ਰਿਗੇਡੀਅਰ ਐਮ. ਪੀ. ਐਸ. ਬਾਜਵਾ) ਦੇ ਸੰਪਰਕ ਵਿਚ ਸੀ ਜੋ ਉਸ ਨੂੰ ਪ੍ਰੇਰਿਤ ਕਰਦਾ ਰਿਹਾ। ਪਾਕਿਸਤਾਨ ਦੇ ਹਮਲਿਆਂ ਨੂੰ ਹਰਾਉਣ ਲਈ ਭਾਰੀ ਹੱਥੋ-ਹੱਥ ਲੜਾਈ ਵਿਚ ਸੂਬੇਦਾਰ ਨਿਰਮਲ ਸਿੰਘ ਨੇ ਗੰਭੀਰ ਜ਼ਖ਼ਮੀ ਹੋਣ ਦੇ ਬਾਵਜੂਦ “ਬੋਲੇ ਸੋ ਨਿਹਾਲ”... ਜੈਕਾਰਾ ਲਗਾ ਕੇ ਜਵਾਨਾਂ ਦੀ ਅਗਵਾਈ ਕੀਤੀ ਅਤੇ ਅੰਤ ਵਿਚ ਸਿਰ ਵਿਚ ਗੋਲੀ ਲੱਗਣ ਨਾਲ ਸ਼ਹੀਦ ਹੋ ਗਿਆ। ਹਵਲਦਾਰ ਸਤਨਾਮ ਸਿੰਘ ਨੇ ਦੱਸਿਆ ਕਿ, ਉਸ ਦੇ ਸਿਰ ’ਤੇ ਸਿੱਧੀ ਸੱਟ ਲੱਗਣ ਕਾਰਨ ਮਾਰੇ ਜਾਣ ਤੋਂ ਪਹਿਲਾਂ, ਸੂਬੇਦਾਰ ਸਾਹਿਬ ਨੇ ਸਾਨੂੰ “ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ” ਦੇ ਜੈਕਾਰੇ ਲਗਾਉਣ ਅਤੇ ਹਮਲਾਵਰ

ਦੁਸ਼ਮਣ ਅਤੇ ਉਨ੍ਹਾਂ ਦੀ ਅਗਵਾਈ ਕਰ ਰਹੇ ਅਧਿਕਾਰੀ ਨੂੰ ਖ਼ਬਰ ਭੇਜਣ ਲਈ ਕਿਹਾ ਸੀ।

ਬ੍ਰਿਗੇਡੀਅਰ ਬਾਜਵਾ ਨੇ ਕਿਹਾ, "੮ ਸਿੱਖ ਦੇ ਜਵਾਨ ਜੂਝਦੇ ਹੋਏ ਸਿਖਰ 'ਤੇ ਪਹੁੰਚ ਗਏ ਪਰ ਪਾਕਿਸਤਾਨੀਆਂ ਦੀ ਭਾਰੀ ਗੋਲੀਬਾਰੀ ਹੇਠ ਆ ਗਏ ਜਿਨ੍ਹਾਂ ਨੇ ਚੰਗੀ ਤਰ੍ਹਾਂ ਤਿਆਰੀ ਕੀਤੀ ਹੋਈ ਸੀ। ੮ ਸਿੱਖ ਦੇ ਜਵਾਨ ਉਹ ਸਿਖਰ 'ਤੇ ਲਟਕਦੇ ਰਹੇ। ਮੈਂ ਉਨ੍ਹਾਂ ਨੂੰ ਰੇਡੀਓ 'ਤੇ ਪ੍ਰੇਰਣਾਦਾਇਕ ਭਾਸ਼ਣ ਦਿੱਤਾ ਅਤੇ ਉਨ੍ਹਾਂ ਨੂੰ ਕਿਹਾ ਕਿ ਵਾਰ-ਵਾਰ ਪਾਕਿਸਤਾਨੀ ਜਵਾਬੀ ਹਮਲਿਆਂ ਦੇ ਸਾਹਮਣੇ ਇਕ ਇੰਚ ਵੀ ਪਿੱਛੇ ਨਾ ਹਟਣ। ਦੋ ਅਫ਼ਸਰਾਂ ਦੇ ਜ਼ਖ਼ਮੀ ਹੋਣ ਅਤੇ ਤਿੰਨ ਜੇ. ਸੀ. ਓਜ਼ ਦੇ ਮਾਰੇ ਜਾਣ ਦੇ ਨਾਲ, ਸੂਬੇਦਾਰ ਨਿਰਮਲ ਸਿੰਘ ਇਕਲੌਤਾ ਆਗੂ ਬਚਿਆ ਸੀ ਅਤੇ ਮੈਂ ਉਸ ਨੂੰ ਕਿਹਾ ਕਿ ਉਸ ਨੂੰ ਇਹ ਯਕੀਨੀ ਬਣਾਉਣਾ ਪਏਗਾ ਕਿ ਦਸਮੇਸ਼ ਪਿਤਾ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੁਆਰਾ ਸਿੱਖਾਂ ਨੂੰ ਬਖ਼ਸ਼ਿਆ ਮਾਣ-ਸਨਮਾਨ ਘੱਟ ਨਾ ਹੋਣ ਦਿੱਤਾ ਜਾਵੇ।"

"ਉਨ੍ਹਾਂ (੮ ਸਿੱਖ ਬਟਾਲੀਅਨ) ਨੇ ਪਾਕਿਸਤਾਨੀ ਜਵਾਬੀ ਹਮਲਿਆਂ ਵਿਚ ੧੪ ਜਵਾਨ ਗੁਆ ਦਿੱਤੇ ਅਤੇ ਉਨ੍ਹਾਂ ਦੇ ਦੋਵੇਂ ਅਧਿਕਾਰੀ ਜ਼ਖ਼ਮੀ ਹੋ ਗਏ ਅਤੇ ਸਾਰੇ ਚਾਰ ਜੇ. ਸੀ. ਓਜ਼. ਮਾਰੇ ਗਏ" ਬ੍ਰਿਗੇਡੀਅਰ ਬਾਜਵਾ ਨੇ ਕਿਹਾ। ਅਗਵਾਈ ਲਈ ਸਿਰਫ ਸੂਬੇਦਾਰ ਨਿਰਮਲ ਸਿੰਘ ਹੀ ਬਚਿਆ ਸੀ ਜਿਸ ਨੇ ਅਦਭੁਤ ਬਹਾਦਰੀ ਤੇ ਮਿਸਾਲੀ ਅਗਵਾਈ ਨਾਲ ਦੁਸ਼ਮਣ ਦਾ ਟਾਕਰਾ ਕੀਤਾ ਅਤੇ ਆਖਰੀ ਦਮ ਤਕ ਲੜਦੇ ਹੋਏ ਸ਼ਹੀਦੀ ਪਾਈ। ਸੂਬੇਦਾਰ ਨਿਰਮਲ ਸਿੰਘ ਦਾ ਜਨਮ ੬ ਮਈ, ੧੯੫੭ ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਇੱਕ ਪਿੰਡ ਵਿਚ ਹੋਇਆ। ਉਹ ੧੯੭੬ ਈ. ਵਿਚ ੮ ਸਿੱਖ ਵਿਚ ਭਰਤੀ ਹੋਇਆ ਸੀ। ੪ ਜੁਲਾਈ, ੧੯੯੯ ਈ. ਨੂੰ, ਉਹ ਪਾਕਿਸਤਾਨੀ ਜਵਾਬੀ ਹਮਲੇ ਵਿਚ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਲੋਕਾਂ ਵਿਚ ਸ਼ਾਮਲ ਸੀ ਪਰ ਉਸ ਨੇ ਆਪਣੀਆਂ ਫੌਜਾਂ ਦੀ ਕਮਾਂਡ ਬਰਕਰਾਰ ਰੱਖੀ ਅਤੇ ਵਾਇਰਲੈੱਸ 'ਤੇ ਬ੍ਰਿਗੇਡ ਕਮਾਂਡਰ (ਬ੍ਰਿਗੇਡੀਅਰ ਐਮ. ਪੀ. ਐਸ. ਬਾਜਵਾ) ਦੇ ਸੰਪਰਕ ਵਿਚ ਸੀ, ਜਿਸ ਨੇ ਉਸ ਨੂੰ ਪਾਕਿਸਤਾਨ ਦੇ ਹਮਲਿਆਂ ਨੂੰ ਹਰਾਉਣ ਲਈ ਪ੍ਰੇਰਿਤ ਕੀਤਾ। ਸੂਬੇਦਾਰ ਨਿਰਮਲ ਸਿੰਘ ਨੂੰ ਮਰਨ ਉਪਰੰਤ 'ਵੀਰ ਚੱਕਰ' ਨਾਲ ਸਨਮਾਨਿਤ ਕੀਤਾ ਗਿਆ।

**ਹਵਲਦਾਰ ਸਤਪਾਲ ਸਿੰਘ**

ਹਵਲਦਾਰ ਸਤਪਾਲ ਸਿੰਘ ੮ ਸਿੱਖ ਦਾ ਬਹਾਦਰ ਜਵਾਨ ਸੀ ਜਿਸ ਨੇ ਕੈਪਟਨ ਸ਼ੇਰ ਖਾਨ ਨੂੰ ਮਾਰਿਆ ਸੀ ਤੇ ਨਾਲ ਹੋਰਾਂ ਨੂੰ ਵੀ ਹੱਥੋਂ-ਹੱਥ ਦੀ ਪੰਜ ਮਿੰਟਾਂ ਦੀ ਲੜਾਈ ਵਿਚ ਹੀ ਮੌਤ ਦੇ ਘਾਟ ਉਤਾਰ ਦਿੱਤਾ ਸੀ। ਹਵਲਦਾਰ ਸਤਪਾਲ ਸਿੰਘ ਦੇ ਕਹਿਣ ਮੁਤਾਬਕ ੬ ਜੁਲਾਈ, ੧੯੯੯ ਨੂੰ ਉਨ੍ਹਾਂ ਦਾ ਪਹਿਲਾ ਨਿਸ਼ਾਨਾ ਇੰਡੀਆ ਗੇਟ ਪਹੁੰਚਣਾ ਸੀ ਜਿਸ ਨਾਲ 'ਟਾਈਗਰ ਹਿਲ' ਨੂੰ ਜਿੱਤਣ ਵਿਚ ਮਦਦ ਮਿਲਣੀ ਸੀ। ਹਵਲਦਾਰ ਸਤਪਾਲ ਸਿੰਘ ਜਿਸ ਦਾ ਪਿਤਾ ਅਜਾਇਬ ਸਿੰਘ ੧੯੭੧ ਈ.

ਦੀ ਲੜਾਈ ਵਿਚ ਫਿਰੋਜ਼ਪੁਰ ਦੀ ਹੱਦ ਦੇ ਵਿਚ ਲੜਦਾ ਹੋਇਆ ਸ਼ਹੀਦ ਹੋਇਆ ਸੀ, ਆਪਣੇ ਆਪ ਨੂੰ ਬੜਾ ਜ਼ਿੰਮੇਵਾਰ ਸਿਪਾਹੀ ਸਮਝਦਾ ਸੀ, ਨੇ ਦੱਸਿਆ: "੮ ਸਿੱਖ ਰੈਜੀਮੈਂਟ ਨੂੰ ਜ਼ਿੰਮੇਵਾਰੀ ਦਿੱਤੀ ਗਈ ਸੀ ਕਿ ਉਹ ਟਾਈਗਰ ਹਿੱਲ ਦੀ ਖੱਬੀ ਬਾਹੀ ਨੂੰ ਕਬਜ਼ੇ ਵਿਚ ਲੈ ਕੇ ਟਾਈਗਰ ਹਿੱਲ ਉੱਤੇ ਹਮਲੇ ਲਈ ਬੇਸ ਬਣਨਗੇ। ਉਨ੍ਹਾਂ ਨੇ ਆਪਣੀ (ਘਟਕ) ਪਲਟੂਨ ਉੱਪਰ ਭੇਜੀ ਜਿਸ ਵਿਚ ਦੋ ਅਫਸਰ, ਚਾਰ ਜੇ.ਸੀ.ਓਜ਼ ਤੇ ੪੬ ਜਵਾਨ ਸਨ। ੪ ਜੁਲਾਈ, ੧੯੯੯ ਈ. ਨੂੰ (ਘਟਕ) ਪਲਟੂਨ ਨੇ ਜਪੁਜੀ ਸਾਹਿਬ ਦਾ ਪਾਠ ਕਰ ਕੇ ਅਤੇ ਅਰਦਾਸ ਕਰਨ ਤੋਂ ਬਾਅਦ ਚੜ੍ਹਾਈ ਚੜ੍ਹਨੀ ਸ਼ੁਰੂ ਕੀਤੀ। ਉਨਾਂ ਦਾ ਨਿਸ਼ਾਨਾ ਇੰਡੀਆ ਗੇਟ 'ਤੇ ਪਹੁੰਚ ਕੇ ਉਸ ਨੂੰ ਕਬਜ਼ੇ ਵਿਚ ਲੈਣਾ ਸੀ ਤਾਂ ਕਿ ਟਾਈਗਰ ਹਿੱਲ 'ਤੇ ਚੜ੍ਹਨ ਲਈ ਉਸ ਦਾ ਸੌਖਾ ਰਸਤਾ ਬਣ ਸਕੇ ਤੇ ਪਾਕਿਸਤਾਨੀ ਸੈਨਾ ਤੋਂ ਟਾਈਗਰ ਹਿਲ ਛੁਡਵਾਈ ਜਾ ਸਕੇ।"

ਉਸ ਨੇ ਦੱਸਿਆ ਕਿ ੫ ਜੁਲਾਈ ਦੀ ਸਵੇਰ ਉਨ੍ਹਾਂ ਨੇ "ਬੋਲੇ ਸੋ ਨਿਹਾਲ" ਦਾ ਜੈਕਾਰਾ ਲਾ ਕੇ ਇੰਡੀਆ ਗੇਟ ਉੱਤੇ ਹਮਲਾ ਕਰ ਦਿੱਤਾ। ਕੁਝ ਪਾਕਿਸਤਾਨੀ ਸਿਪਾਹੀਆਂ ਨੂੰ ਮਾਰ ਮੁਕਾਇਆ ਪਰ ਕੁਝ ਬਚ ਕੇ ਨਿਕਲ ਗਏ। ਦੂਜੇ ਦਿਨ ੬ ਜੁਲਾਈ ਨੂੰ ਉਨ੍ਹਾਂ ਪਾਕਿਸਤਾਨੀ ਸਿਪਾਹੀਆਂ ਨੇ ਬਹੁਤ ਭਾਰੀ ਗਿਣਤੀ ਵਿਚ ਦੁਬਾਰਾ ਹਮਲਾ ਕੀਤਾ ਸੀ ਪਰ ਸਿੱਖ ਸਿਪਾਹੀਆਂ ਨੇ "ਬੋਲੇ ਸੋ ਨਿਹਾਲ ਦੇ ਜੈਕਾਰੇ" ਲਾਉਂਦੇ ਹੋਏ ਬੜੀ ਬਹਾਦਰੀ ਦੇ ਨਾਲ ਇਨ੍ਹਾਂ ਵੱਧਦੇ ਹੋਏ ਪਾਕਿਸਤਾਨੀ ਸਿਪਾਹੀਆਂ ਨੂੰ ਦੋ ਵਾਰ ਪਿੱਛੇ ਧੱਕ ਦਿੱਤਾ। ਉਨ੍ਹਾਂ ਦਾ ਕਮਾਂਡਰ ਕੈਪਟਨ ਸ਼ੇਰ ਖਾਨ ਸੀ ਜਿਸ ਨੇ ਦੁਬਾਰਾ ਫਿਰ ਫੌਜਾਂ ਇਕੱਠੀਆਂ ਕਰ ਕੇ ਤੀਜੀ ਵਾਰ ਸਾਡੇ ਉੱਤੇ ਹਮਲਾ ਕੀਤਾ ਪਰ ਅਸੀਂ ਉਸ ਨੂੰ ਇਹੋ ਜਿਹੀ ਮਾਰ ਦਿਖਾਈ ਕਿ ਕੈਪਟਨ ਸ਼ੇਰ ਖਾਨ ਨੂੰ ਖੁਦ ਮਾਰਿਆ।

ਸ਼ੇਰ ਖਾਂ ਟਰੈਕ ਸੂਟ ਵਿਚ ਸੀ। ਉਸ ਸਮੇਂ ਸਾਨੂੰ ਨਹੀਂ ਸੀ ਪਤਾ ਕਿ ਉਹ ਇੱਕ ਅਫਸਰ ਹੈ। ਸਾਡੀ ਉਸ ਦੇ ਨਾਲ ਪੰਜ ਮਿੰਟ ਦੀ ਗਹਿਗਚਵੀਂ ਲੜਾਈ ਹੋਈ ਤੇ ਗਾਲ-ਗਲੋਚ ਵੀ ਹੁੰਦਾ ਰਿਹਾ। ਉਹ ਸਾਨੂੰ ਗਾਲਾਂ ਕੱਢਦਾ ਰਿਹਾ। ਮੈਂ ਉਸ ਉੱਤੇ ਗੋਲੀਆਂ ਚਲਾਈਆਂ ਤੇ ਉਸ ਨੂੰ ਜ਼ਖ਼ਮੀ ਕਰ ਦਿੱਤਾ ਫਿਰ ਉਸ ਉੱਤੇ ਟੁੱਟ ਕੇ ਪੈ ਗਿਆ ਤੇ ਸੈਕਿੰਡਾਂ 'ਚ ਹੀ ਮੈਂ ਕੈਪਟਨ ਸ਼ੇਰ ਖਾਨ ਨੂੰ ਸੁੱਟ ਲਿਆ ਲੇਕਿਨ ਮੇਰੇ ਉੱਤੇ ਵੀ ਏਕੇ ੪੭ ਨਾਲ ਕੈਪਟਨ ਸ਼ੇਰ ਖਾਨ ਦਾ ਚਾਰ ਗੋਲੀਆਂ ਦਾ ਫਾਇਰ ਹੋਇਆ ਜਿਸ ਨੇ ਮੇਰੀ ਸੱਜੀ ਲੱਤ, ਪੇਟ, ਖੱਬਾ ਹੱਥ ਤੇ ਖੱਬਾ ਮੋਢਾ ਜ਼ਖ਼ਮੀ ਕਰ ਦਿੱਤੇ। ਮੈਂ ਫਿਰ ਵੀ ਆਪਣੇ ਆਪ ਨੂੰ ਕਾਬੂ ਕੀਤਾ ਤੇ ਫਾਇਰਿੰਗ ਕਰਦੇ ਹੋਏ ਸ਼ੇਰ ਖਾਨ ਦੇ ਉੱਤੇ ਦੁਬਾਰਾ ਹਮਲਾ ਕੀਤਾ ਤੇ ਉਸ ਨੂੰ ਮਾਰ ਗਿਰਾਇਆ। ਸ਼ੇਰ ਖਾਨ ਨਾਲ ਮੇਰੀ ਇਹ ਹੱਥੋ-ਹੱਥ ਦੀ ਲੜਾਈ ਸੀ ਤੇ ਜਿਸ ਵਿਚ ਮੈਂ ਸ਼ੇਰ ਖਾਨ ਨੂੰ ਬੁਰੀ ਤਰ੍ਹਾਂ ਮਾਰਿਆ। ਅਸੀਂ ਬੜੀ ਬਹਾਦਰੀ ਦੇ ਨਾਲ ਇੱਕ-ਦੂਜੇ ਨਾਲ ਲੜੇ ਤੇ ਲਗਾਤਾਰ "ਬੋਲੇ ਸੋ ਨਿਹਾਲ" ਦੇ ਜੈਕਾਰੇ ਲਗਾਉਂਦੇ ਰਹੇ।

ਪਾਕਿਸਤਾਨੀਆਂ ਦੇ ਨਾਲ ਸਾਡੀ ਲਗਪਗ ੫੦ ਮਿੰਟ ਤਕ ਲੜਾਈ ਹੋਈ

ਜਿਸ 'ਚ ਸਾਡੇ ੧੮ ਜਵਾਨ ਸ਼ਹੀਦ ਹੋਏ ਜਿਨ੍ਹਾਂ ਵਿਚ ਤਿੰਨ ਜੇ. ਸੀ. ਓਜ਼. ਤੇ ੧੫ ਜਵਾਨ ਸਨ ਜਦ ਕਿ ਪਾਕਿਸਤਾਨ ਦੇ ੮੫ ਜਵਾਨ ਮਾਰੇ ਗਏ। ੦੭ ਜੁਲਾਈ ਨੂੰ ਸਾਡੀ ਟੀਮ ਆਪਣੇ ਹੈੱਡਕੁਆਰਟਰ ਪਹੁੰਚੀ ਤੇ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ ਜਿਨ੍ਹਾਂ 'ਚ ਮੈਂ ਵੀ ਸ਼ਾਮਿਲ ਸਾਂ।

ਸ਼ੇਰ ਖਾਨ ਬਾਰੇ ਮੈਂ ਇਹ ਦੱਸਾਂ ਕਿ ਬੜ੍ਹਾ ਬਹਾਦਰ ਸੀ ਤੇ ਉਸ ਨੇ ਜੋ ਬਹਾਦਰੀ ਦਿਖਾਈ ਉਸ ਦੇ ਬਦਲੇ 'ਚ ਸਾਡੇ ਖ਼ੁਦ ਆਪਣੇ ਕਮਾਂਡਰ ਨੇ ਉਸ ਦੀ ਜੇਬ ਦੇ ਵਿਚ ਇੱਕ ਚਿੱਟ ਪਾਈ ਜਿਹਦੇ ਉੱਤੇ ਲਿਖਿਆ ਸੀ, "ਉਸ ਸਮੇਂ ਉਸ ਨੂੰ ਬਹੁਤ ਘੱਟ ਪਤਾ ਸੀ ਕਿ ਜਿਸ ਆਦਮੀ ਨਾਲ ਉਸ ਨੇ ਹੱਥੋ-ਹੱਥ ਲੜਾਈ ਕੀਤੀ ਸੀ ਉਹ ਪਾਕਿਸਤਾਨੀ ਫੌਜ ਦੀ ਨਾਰਦਰਨ ਲਾਈਟ ਇਨਫੈਂਟਰੀ ਦਾ ਕੈਪਟਨ ਕਰਨਲ ਸ਼ੇਰ ਖਾਨ ਸੀ ਅਤੇ ਜਿਸ ਨੂੰ ਪਾਕਿਸਤਾਨ ਦਾ ਸਰਵਉੱਚ ਬਹਾਦਰੀ ਪੁਰਸਕਾਰ, ਨਿਸ਼ਾਨ-ਏ-ਹੈਦਰ ਮਿਲਿਆ ਸੀ। ਭਾਰਤੀ ਬ੍ਰਿਗੇਡ ਕਮਾਂਡਰ ਬ੍ਰਿਗੇਡੀਅਰ ਬਾਜਵਾ ਦੀ ਸਿਫਾਰਿਸ਼ 'ਤੇ, ਜਿਸ ਨੇ ਮ੍ਰਿਤਕ ਪਾਕਿਸਤਾਨੀ ਕੈਪਟਨ ਦੇ ਟਰੈਕ ਸੂਟ ਦੀ ਜੇਬ 'ਚ ਚਿਟ ਪਾਈ ਸੀ।

ਸ਼ੇਰ ਖਾਨ ਬੜੀ ਬਹਾਦਰੀ ਦੇ ਨਾਲ ਲੜਿਆ ਤੇ ਬੜੀ ਬਹਾਦਰੀ ਦੇ ਨਾਲ ਹੀ ਉਸ ਨੇ ਆਪਣੀ ਸ਼ਹੀਦੀ ਪਾਈ। ਸਤਪਾਲ ਸਿੰਘ ਜੋ ਚਾਰ ਗੋਲੀਆਂ ਖਾਣ ਤੋਂ ਬਾਅਦ ਵੀ ਬਚਿਆ ਰਿਹਾ ਤੇ ਰਿਟਾਇਰ ਹੋਣ ਵੇਲੇ ਸੂਬੇਦਾਰ ਬਣ ਗਿਆ ਜਿਸ ਪਿੱਛੋਂ ਉਸ ਨੇ ਪੰਜਾਬ ਪੁਲਿਸ ਵਿਚ ਨੌਕਰੀ ਕਰ ਲਈ। ਇਹ ਆਪਣੇ ਪਿਤਾ ਅਜਾਇਬ ਸਿੰਘ ਵਾਂਗ ਹੀ ਸਨ, ਜੋ ਫਿਰੋਜ਼ਪੁਰ ਦੀ ਬਾਰਡਰ 'ਤੇ ਤਿੰਨ ਗਾਰਡ ਰੈਜੀਮੈਂਟ ਨਾਲ ੧੯੭੧ ਦੀ ਲੜਾਈ ਲੜੇ ਸਨ। ਸਤਪਾਲ ਸਿੰਘ ਨੇ ਆਪਣੇ ਆਪ ਨੂੰ ਵੀ ਇੱਕ ਬਹਾਦਰ ਸੂਰਵੀਰ ਸਿੱਧ ਕੀਤਾ।

ਹਵਲਦਾਰ ਸਤਪਾਲ ਸਿੰਘ; ਜਿਸ ਨੇ ਇਸੇ ਲੜਾਈ ਵਿਚ 'ਵੀਰ ਚੱਕਰ' ਵੀ ਹਾਸਲ ਕੀਤਾ ਸੀ, ਨੇ ਦੱਸਿਆ ਕਿ ਮੈਨੂੰ ਚਾਰ ਗੋਲੀਆਂ ਲੱਗੀਆਂ ਸਨ ਅਤੇ ਮੇਰੀ ਲਾਈਟ ਮਸ਼ੀਨ ਗੰਨ (LMG) ਦੇ ਦੋ ਮੈਗਜ਼ੀਨ ਦੁਸ਼ਮਣਾਂ 'ਤੇ ਫਾਇਰ ਕੀਤੇ ਗਏ ਸਨ ਕਿਉਂਕਿ ਹੱਥੋ-ਹੱਥ ਲੜਾਈ ਸ਼ੁਰੂ ਹੋ ਗਈ ਸੀ। ਮੈਂ ਟ੍ਰੈਕ ਸੂਟ ਪਹਿਨੇ ਅਤੇ ਪਾਕਿ ਫੌਜਾਂ ਦੀ ਅਗਵਾਈ ਕਰ ਰਹੇ ਲੰਬੇ, ਚੰਗੀ ਤਰ੍ਹਾਂ ਬਣੇ ਆਦਮੀ 'ਤੇ ਝਪਟਿਆ। ਦੋਵਾਂ ਪਾਸਿਆਂ ਤੋਂ ਗਾਲ੍ਹਾਂ ਕੱਢਣ ਨਾਲ ਚਾਰੇ ਪਾਸੇ ਹਫੜਾ-ਦਫੜੀ ਮੱਚ ਗਈ ਪਰ ਮੈਂ ਉਸ ਨੂੰ ਮਾਰਨ ਵਿਚ ਕਾਮਯਾਬ ਹੋ ਗਿਆ।

**੧੪ ਸਿੱਖ ਰੈਜੀਮੈਂਟ ਦੀ ਬਹਾਦਰੀ**

ਸਿੱਖ ਰੈਜੀਮੈਂਟ ਦੀਆਂ ਉੱਚ ਪਰੰਪਰਾਵਾਂ ਵਿਚ ਆਪਣਾ ਕੰਮ ਪੂਰਾ ਕਰਨ ਤੋਂ ਬਾਅਦ, ਦੁਸ਼ਮਣ ਨੂੰ ਇੱਕ ਹੋਰ ਸਬਕ ਸਿਖਾਉਣ ਦੀ ਸਿੱਖ ਬਟਾਲੀਅਨ ਦੇ ੧੪ ਸਿੱਖ ਦੀ ਵਾਰੀ ਸੀ।

੨੭ ਮਈ ਨੂੰ ਬਟਾਲੀਅਨ ਨੂੰ ਲੇਹ ਲਈ ਏਅਰਲਿਫਟ ਕੀਤਾ ਗਿਆ ਸੀ। ਮੇਜਰ ਰੋਹਿਤ ਸਹਿਗਲ ਦੀ ਅਗਵਾਈ ਵਾਲੀ ਐਡਵਾਂਸ ਪਾਰਟੀ ਨੂੰ ਕੱਸਰ ਖੇਤਰ ਵਿਚ ਦੁਸ਼ਮਣ ਦੀ ਘੁਸਪੈਠ ਨੂੰ ਰੋਕਣ ਲਈ ਪਹਿਲਾਂ ਹੀ ਚੰਨੀਗੁੰਡ ਭੇਜਿਆ ਗਿਆ ਸੀ। ਇਸ ਪਾਰਟੀ ਨੇ ਸੰਵੇਦਨਸ਼ੀਲ ਬਟਾਲਿਕ ਸੈਕਟਰ ਵਿਚ ਕਿਸੇ ਵੀ ਹੋਰ ਘੁਸਪੈਠ ਨੂੰ ਰੋਕਣ ਲਈ ਇੱਕ ਰੱਖਿਆਤਮਕ ਸਥਾਨ 'ਤੇ ਕਬਜ਼ਾ ਕਰ ਲਿਆ ਅਤੇ ਅਪਮਾਨਜਨਕ ਕਾਰਵਾਈਆਂ ਲਈ ਇੱਕ ਮਜ਼ਬੂਤ ਆਧਾਰ ਪ੍ਰਦਾਨ ਕੀਤਾ।

੨੭ ਮਈ ਨੂੰ, ਦੁਸ਼ਮਣ ਨੇ ਇਸ ਰੱਖਿਆਤਮਕ ਸਥਾਨ 'ਤੇ ਪ੍ਰਭਾਵਸ਼ਾਲੀ ਅਤੇ ਤੇਜ਼ ਗੋਲੀਬਾਰੀ ਕੀਤੀ। ਦੁਸ਼ਮਣ ਦੀ ਗੋਲਾਬਾਰੀ ਨੂੰ ਬੇਅਸਰ ਕਰਨ ਲਈ, ਸਿਪਾਹੀ ਬੂਟਾ ਸਿੰਘ ਨੇ ਮਿਸਾਲੀ ਦਲੇਰੀ ਅਤੇ ਬਹਾਦਰੀ ਦਿਖਾਉਂਦੇ ਹੋਏ ਮੀਡੀਅਮ ਮਸ਼ੀਨ ਗੰਨ ਨੂੰ ਇੱਕ ਅਸਰਦਾਰ ਥਾਂ 'ਤੇ ਤੈਨਾਤ ਕੀਤਾ ਅਤੇ ਲਗਪਗ ਚਾਰ ਘੰਟੇ ਤਕ ਦੁਸ਼ਮਣ 'ਤੇ ਪ੍ਰਭਾਵਸ਼ਾਲੀ ਗੋਲੀ ਚਲਾਈ। ਦੁਸ਼ਮਣ ਨੇ ਪ੍ਰਭਾਵਸ਼ਾਲੀ ਗੋਲਾਬਾਰੀ ਨੂੰ ਬੇਅਸਰ ਕਰਨ ਲਈ ਆਪਣੀ ਗੋਲਾਬਾਰੀ ਨੂੰ ਕੇਂਦਰਿਤ ਕੀਤਾ। ਸਿਪਾਹੀ ਬੂਟਾ ਸਿੰਘ, ਦੁਸ਼ਮਣ ਦੇ ਛੋਟੇ ਹਥਿਆਰਾਂ ਦੀ ਗੋਲੀ ਦਾ ਸ਼ਿਕਾਰ ਹੋ ਕੇ ਵੀ ਆਪਣੀ ਐਮ. ਐਮ. ਜੀ. ਨੂੰ ਉਦੋਂ ਤਕ ਚਲਾਉਂਦਾ ਰਿਹਾ ਜਦੋਂ ਤਕ ਉਸ ਨੇ ਆਖਰੀ ਸਾਹ ਨਹੀਂ ਲਿਆ ਅਤੇ ਦੁਸ਼ਮਣ ਨੂੰ ਕੰਪਨੀ ਦੀ ਰੱਖਿਆ ਵਾਲੇ ਇਲਾਕੇ 'ਤੇ ਕਬਜ਼ਾ ਕਰਨ ਤੋਂ ਰੋਕਿਆ।

੭ ਜੂਨ ਨੂੰ ੧੪ ਸਿੱਖਾਂ ਨੂੰ ਚੋਰਬਾਟਲਾ ਦੀ ਜ਼ਿੰਮੇਵਾਰੀ ਸੌਂਪੀ ਗਈ। ਇਹ ਕੰਟਰੋਲ ਰੇਖਾ ਦੇ ਨਾਲ-ਨਾਲ ਕਮਾਂਡਿੰਗ ਹਾਈਟਸ ਵੱਲ ਵਧਿਆ ਅਤੇ ਕਬਜ਼ਾ ਕਰ ਲਿਆ। ਲੇਹ ਪਹੁੰਚਣ ਦੇ ਤੁਰੰਤ ਬਾਅਦ, ੧੪ ਸਿੱਖਾਂ ਨੇ ਇੱਕ ਕੰਪਨੀ ਕਾਲਮ ਨੂੰ ਚੋਰਬਾਟਲਾ ਲਈ ਰਵਾਨਾ ਕੀਤਾ ਤਾਂ ਕਿ ਉੱਥੇ ਹਲਕੇ ਤੌਰ 'ਤੇ ਰੱਖੀ ਗਈ ਸਥਿਤੀ ਨੂੰ ਮਜ਼ਬੂਤ ਕੀਤਾ ਜਾ ਸਕੇ। ਕੰਪਨੀ ੧੫,੦੦੦ ਫੁੱਟ ਤੋਂ ਵੱਧ ਦੀ ਉਚਾਈ 'ਤੇ ੨੨ ਕਿਲੋਮੀਟਰ ਦੀ ਦੂਰੀ ਨੂੰ ਕਵਰ ਕਰਦੇ ਹੋਏ ਹਨੁਥਾਂਗ ਅਤੇ ਹੈਂਡਨਬਰੋਕ ਵੱਲ ਚਲੀ ਗਈ। ਇਹ ਆਪਣੇ ਆਪ ਵਿਚ ਇੱਕ ਕਾਰਨਾਮਾ ਸੀ ਅਤੇ ਬਹਾਦਰ ਸਿੱਖ ਸੈਨਿਕਾਂ ਦੀ ਸਰੀਰਕ ਅਤੇ ਮਾਨਸਿਕ ਮਜ਼ਬੂਤੀ ਨੂੰ ਦਰਸਾਉਂਦਾ ਸੀ।

ਸੈਕਟਰ ਵਿਚ ਦੁਸ਼ਮਣ ਦੀ ਗਤੀਵਿਧੀ ਕੁਝ ਹੱਦ ਤਕ ਘੱਟ ਸੀ। ਨਾਇਬ ਸੂਬੇਦਾਰ ਜਸਬੀਰ ਸਿੰਘ ਨੇ ਇੱਕ ਮਿਸਾਲੀ ਯਤਨ ਵਿਚ ਪੁਆਇੰਟ ੫੬੨੦ (ਲਗਭਗ ੧੯,੦੦੦ ਫੁੱਟ) 'ਤੇ ਇੱਕ ਸੈਕਸ਼ਨ ਪੋਸਟ ਦੀ ਸਥਾਪਨਾ ਕੀਤੀ। ਉਸ ਦੇ ਉੱਦਮ ਨੇ ਚੋਰਬਾਟਲਾ ਦੇ ਪੂਰਬੀ ਹਿੱਸੇ ਨੂੰ ਸੁਰੱਖਿਅਤ ਕੀਤਾ। ਇਸ ਤੋਂ ਬਾਅਦ ਦੁਸ਼ਮਣ ਪੂਰੀ ਤਰ੍ਹਾਂ ਹਾਵੀ ਹੋ ਗਿਆ।

ਇਸੇ ਤਰ੍ਹਾਂ ਪੰਜਾਬ ਦੀਆਂ ਦੂਜੀਆਂ ਪਲਟਣਾਂ ਨੇ ਵੀ ਯੁੱਧ ਵਿਚ ਬਹਾਦਰੀ ਦਿਖਾਈ, ਜਿਸ ਦਾ ਵਿਸਥਾਰ ਲੇਖ ਦੀ ਸੰਖੇਪਤਾ ਨੂੰ ਧਿਆਨ ਵਿਚ ਰੱਖਦੇ ਹੋਏ ਨਹੀਂ ਦਿੱਤਾ ਗਿਆ। ■

੭ ਮਈ, ਅਕਾਲ ਚਲਾਣਾ:

# ਪ੍ਰੋਫ਼ੈਸਰ ਆਫ਼ ਸਿੱਖਇਜ਼ਮ: ਡਾ. ਕਿਰਪਾਲ ਸਿੰਘ ਜੀ

*-ਡਾ. ਸਤਿੰਦਰ ਕੌਰ**

ਇਤਿਹਾਸ ਤੋਂ ਹੀ ਕੌਮਾਂ ਨੂੰ ਉਤਸ਼ਾਹ ਪ੍ਰਾਪਤ ਹੁੰਦਾ ਹੈ। ਜਿੱਥੇ ਕਿਸੇ ਧਰਮ ਦੇ ਸੂਰਬੀਰ ਯੋਧੇ, ਜਰਨੈਲ, ਸੰਤ ਤੇ ਮਹਾਂਪੁਰਸ਼ ਇਤਿਹਾਸ ਸਿਰਜਦੇ ਹਨ, ਉੱਥੇ ਉਸ ਇਤਿਹਾਸ ਨੂੰ ਸਾਂਭਣ ਵਾਲੇ ਵਿਦਵਾਨ ਵੀ ਕੌਮ ਦਾ ਅਟੁੱਟ ਅੰਗ ਹੁੰਦੇ ਹਨ।

ਸਿੱਖ ਧਰਮ ਦਾ ਇਤਿਹਾਸ ਬਹੁਤ ਵਿਸ਼ਾਲ ਹੈ। ਹਰ ਧਰਮ ਵਿਚ ਉਸ ਧਰਮ ਦੇ ਵਿਦਵਾਨ ਬਹੁਤ ਅਹਿਮ ਰੋਲ ਅਦਾ ਕਰਦੇ ਹਨ। ਸਿੱਖ ਧਰਮ ਵਿਚ ਅਨੇਕਾਂ ਵਿਦਵਾਨ ਹੋਏ ਹਨ, ਜਿਨ੍ਹਾਂ ਨੇ ਵੱਖ-ਵੱਖ ਲਿਖਤਾਂ ਦੁਆਰਾ ਸਿੱਖ ਇਤਿਹਾਸ ਤੋਂ ਅਤੇ ਸਿੱਖ ਧਰਮ ਤੋਂ ਜਾਣੂ ਕਰਵਾਇਆ। ਉਨ੍ਹਾਂ ਨੇ ਕਈ ਪੱਖਾਂ ਤੋਂ ਇਤਿਹਾਸ ਲਿਖਿਆ ਜਿਵੇਂ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਆਦਿ। ਇਸ ਤਰ੍ਹਾਂ ਕਿਸੇ ਵੀ ਕੌਮ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਉਸ ਕੌਮ ਨੂੰ ਸਹੀ ਸੇਧ ਦੇਣ ਲਈ ਮਹੱਤਵਪੂਰਨ ਕਾਰਜ ਕਰਦੀਆਂ ਹਨ।

ਇਨ੍ਹਾਂ ਸਿੱਖ ਵਿਦਵਾਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ ਜੀ, ਸੈਨਾਪਤਿ, ਸਰੂਪ ਦਾਸ ਭੱਲਾ, ਕੇਸਰ ਸਿੰਘ ਛਿੱਬਰ, ਭਾਈ ਸੰਤੋਖ ਸਿੰਘ, ਰਤਨ ਸਿੰਘ ਭੰਗੂ, ਗਿਆਨੀ ਗਿਆਨ ਸਿੰਘ ਆਦਿ ਜਿਹੇ ਅਨੇਕਾਂ ਹੀ ਪੁਰਾਤਨ ਵਿਦਵਾਨਾਂ ਦੇ ਨਾਂ ਆਉਂਦੇ ਹਨ। ਗੱਲ ਜੇਕਰ ਸਿੱਖ ਅਕਾਦਮਿਕ ਪੱਧਰ ’ਤੇ ਕੀਤੀ ਜਾਵੇ ਤਾਂ ਕਈ ਸ਼ਖ਼ਸੀਅਤਾਂ ਨੇ ਸਿੱਖ ਸਮਾਜ ਤੇ ਇਤਿਹਾਸ ਵਿਚ ਡੂੰਘਾ ਅਸਰ ਪਾਇਆ ਅਤੇ ਸਿੱਖ ਵਿਦਵਾਨਾਂ ਨੇ ਟੀਕਾਕਾਰੀ, ਵਿਆਖਿਆਕਾਰੀ ਅਤੇ ਇਤਿਹਾਸਕਾਰੀ ਵਿਚ ਬਹੁਤ ਕੰਮ ਕੀਤੇ ਹਨ। ਇਤਿਹਾਸਕਾਰਾਂ ਵਿਚ ਕਰਮ ਸਿੰਘ ਹਿਸਟੋਰੀਅਨ, ਖ਼ਜ਼ਾਨ ਸਿੰਘ, ਡਾ. ਗੰਡਾ ਸਿੰਘ, ਡਾ. ਤੇਜਾ ਸਿੰਘ, ਡਾ. ਫ਼ੌਜਾ ਸਿੰਘ ਆਦਿ ਦੇ ਨਾਂ ਆਉਂਦੇ ਹਨ। ਇਸੇ ਲੜੀ ਨੂੰ ਡਾ. ਕਿਰਪਾਲ ਸਿੰਘ ਜੀ ਜੋ ਆਧੁਨਿਕ ਸਿੱਖ ਇਤਿਹਾਸ ਦੇ ਮਹਾਨ ਇਤਿਹਾਸਕਾਰ ਹਨ, ਅੱਗੇ ਤੋਰਦੇ ਹਨ। ਇਤਿਹਾਸਕਾਰਾਂ ਦਾ ਲਿਖਣ ਢੰਗ ਵੱਖੋ-ਵੱਖਰਾ ਹੁੰਦਾ ਹੈ। ਕਈ ਇਤਿਹਾਸਕਾਰ ਇਤਿਹਾਸ ਨੂੰ ਸਿਰਫ਼ ਇੱਕ ਜਾਣਕਾਰੀ ਤਕ ਹੀ ਸੀਮਿਤ ਰੱਖਦੇ ਹਨ ਤੇ ਕਈ ਸਾਹਿਤ ਨੂੰ ਵਰਤ ਕੇ ਉਸ ਵਿੱਚੋਂ ਨਵੀਂ ਖੋਜ ਪੈਦਾ ਕਰਦੇ ਹਨ। ਸਿੱਖ ਇਤਿਹਾਸ ਉੱਤੇ ਡਾ. ਕਿਰਪਾਲ ਸਿੰਘ ਦੀ ਵਿਸ਼ੇਸ਼ ਪਕੜ ਸੀ। ਅਸਲ ਵਿਚ ਸਿੱਖ ਇਤਿਹਾਸ ਅਤੇ ਡਾ. ਕਿਰਪਾਲ ਸਿੰਘ ਨੂੰ ਇਕ-ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਡਾ. ਕਿਰਪਾਲ ਸਿੰਘ ਨੇ ਵੀ ਇਤਿਹਾਸ ਦੀ ਵਰਤੋਂ ਕਰ ਕੇ ਉਸ ਵਿੱਚੋਂ ਨਵੇਂ

** ਅਸਿਸਟੈਂਟ ਪ੍ਰੋਫੈਸਰ, ਇਤਿਹਾਸ ਵਿਭਾਗ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀ. C/O ਸਰਕਾਰੀ ਸਟੇਟ ਐਜੂਕੇਸ਼ਨ ਕਾਲਜ, ਸਾਹਮਣੇ ਸਦਭਾਵਨਾ ਹਸਪਤਾਲ, ਸਿਵਲ ਲਾਈਨ ਪਟਿਆਲਾ-੦੧; ਮੋ. ੯੫੬੯੬੨੯੫੨੯*

ਤੱਥਾਂ ਨੂੰ ਸਾਹਮਣੇ ਲਿਆਂਦਾ ਹੈ। ਆਪ ਨੇ ਸਾਹਿਤ ਅਤੇ ਇਤਿਹਾਸਿਕ ਦਸਤਾਵੇਜ਼ ਜਿਨ੍ਹਾਂ ਵਿਚ ਫ਼ਾਰਸੀ ਦੇ ਸ੍ਰੋਤ ਵੀ ਹਨ, ਦੀ ਚੰਗੀ ਤਰ੍ਹਾਂ ਘੋਖ ਕੀਤੀ ਤੇ ਵੱਖ-ਵੱਖ ਇਤਿਹਾਸਿਕ ਘਟਨਾਵਾਂ ਨੂੰ ਮੇਲ ਕੇ ਇਕ ਵੱਖਰੇ ਅੰਦਾਜ਼ ਵਿਚ ਇਤਿਹਾਸ ਨੂੰ ਪੇਸ਼ ਕੀਤਾ ਤੇ ਇਤਿਹਾਸ ਦੀਆਂ ਨਵੀਆਂ ਖੋਜਾਂ ਨੂੰ ਸਾਹਮਣੇ ਲਿਆਂਦਾ ਹੈ। ਵਿਸ਼ਾਲ ਸਿੱਖ ਇਤਿਹਾਸ ਤੋਂ ਉਤਸ਼ਾਹ ਪ੍ਰਾਪਤ ਕਰਦੇ ਹੋਏ ਡਾ. ਕਿਰਪਾਲ ਸਿੰਘ ਨੇ ਸਿੱਖ ਗੁਰੂ ਸਾਹਿਬਾਨ, ਮਹਾਂਪੁਰਸ਼ਾਂ, ਨਾਇਕਾਂ ਅਤੇ ਯੋਧਿਆਂ ਦਾ ਇਤਿਹਾਸ ਲਿਖਿਆ। ਇਸ ਸਭ ਵਿਚ ਉਨ੍ਹਾਂ ਦੇ ਪਰਵਾਰਿਕ ਮਾਹੌਲ ਅਤੇ ਉਨ੍ਹਾਂ ਦੀ ਮਾਤਾ ਜੀ ਦਾ ਬਹੁਤ ਵੱਡਾ ਯੋਗਦਾਨ ਰਿਹਾ।

ਡਾ. ਕਿਰਪਾਲ ਸਿੰਘ ਦਾ ਜਨਮ ੪ ਜਨਵਰੀ, ੧੯੨੪ ਈ. ਨੂੰ ਗੁੱਜਰਾਂਵਾਲਾ ਦੇ ਪਿੰਡ ਗੁੱਨਾਊਰ (ਅੱਜਕਲ੍ਹ ਪਾਕਿਸਤਾਨ) ਵਿਖੇ ਹੋਇਆ। ਆਪ ਦੇ ਪਿਤਾ ਲਾਲਾ ਧਨੀ ਰਾਮ ਕਪੂਰ ਪਟਵਾਰੀ ਅਤੇ ਮਾਤਾ ਮਾਨ ਕੌਰ ਸਨ। ਆਪ ਦੇ ਪਿਤਾ ਜੀ ਉਰਦੂ ਵਿਚ ਹੀ ਗੁਟਕਾ ਸਾਹਿਬ ਤੋਂ ਪਾਠ ਕਰਦੇ ਸਨ। ਆਪ ਦੇ ਪਿਤਾ ਜੀ ਦਾ ਪਰਵਾਰ ਹਿੰਦੂ ਸੀ, ਪਰ ਆਪ ਜੀ ਦੀ ਮਾਤਾ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਬਹੁਤ ਵਿਸ਼ਵਾਸ ਸੀ, ਉਹ ਚੰਗੀ ਤਰ੍ਹਾਂ ਗੁਰਮੁਖੀ ਪੜ੍ਹ ਲੈਂਦੇ ਸਨ। ਜਦੋਂ ਆਪ ਦੇ ਮਾਤਾ-ਪਿਤਾ ਦੇ ਘਰ ਕੋਈ ਸੰਤਾਨ ਨਾ ਹੋਈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕਰਨ 'ਤੇ ਪੁੱਤਰ ਨੇ ਜਨਮ ਲਿਆ।

ਡਾ. ਕਿਰਪਾਲ ਸਿੰਘ ਨੇ ਮੁੱਢਲੀ ਵਿੱਦਿਆ ਆਪਣੇ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਡਾ. ਸਾਹਿਬ 'ਤੇ ਸਿੱਖੀ ਦਾ ਪ੍ਰਭਾਵ ਹੋਰਨਾਂ ਭਰਾਵਾਂ ਨਾਲੋਂ ਜ਼ਿਆਦਾ ਪਿਆ ਕਿਉਂਕਿ ਇਹ ਸਭ ਤੋਂ ਛੋਟੇ ਸਨ ਅਤੇ ਆਪਣੇ ਮਾਤਾ-ਪਿਤਾ ਕੋਲ ਜ਼ਿਆਦਾ ਸਮੇਂ ਤਕ ਰਹੇ। ਉਚੇਰੀ ਵਿੱਦਿਆ ਦੀ ਪ੍ਰਾਪਤੀ ਲਈ ਆਪ ਨੂੰ ਵੱਡੇ ਭਰਾਵਾਂ ਵਾਂਗ ਪਿਤਾ ਜੀ ਨੇ ਗੁੱਜਰਾਂਵਾਲਾ ਵਿਖੇ ਭੇਜ ਦਿੱਤਾ। ਗੁੱਜਰਾਂਵਾਲਾ ਸ਼ਹਿਰ ਸਿੱਖ ਇਤਿਹਾਸ ਪੱਖੋਂ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਹ ਖਾਲਸਾ ਰਾਜ ਦੀਆਂ ਕਈ ਮਹਾਨ ਹਸਤੀਆਂ ਦੀ ਜਨਮ-ਭੂਮੀ ਰਿਹਾ ਹੈ।

ਡਾ. ਸਾਹਿਬ ਦੇ ਪਿਤਾ ਜੀ ਦੀ ਵੀ ਆਪਣੇ ਬੱਚਿਆਂ ਨੂੰ ਪੜ੍ਹਾਉਣ ਵਿਚ ਵਿਸ਼ੇਸ਼ ਦਿਲਚਸਪੀ ਸੀ। ਗੁੱਨਾਊਰ ਵਿਖੇ ਉਹ ਆਪ ਦੇ ਸਕੂਲ ਵਿਚ ਪੁੱਛ-ਗਿੱਛ ਲਈ ਜਾਂਦੇ ਹੀ ਰਹਿੰਦੇ ਸਨ। ਫਿਰ ਆਪ ਗੁੱਜਰਾਂਵਾਲਾ ਦੇ ਪ੍ਰਸਿੱਧ ਖਾਲਸਾ ਹਾਈ ਸਕੂਲ ਵਿਚ ਪੜ੍ਹਨ ਲੱਗ ਗਏ। ਗੁੱਜਰਾਂਵਾਲਾ ਵਿਖੇ ਆਪ ਨੇ ਅੰਗਰੇਜ਼ੀ, ਉਰਦੂ, ਪੰਜਾਬੀ, ਫ਼ਾਰਸੀ, ਇਤਿਹਾਸ ਅਤੇ ਗਣਿਤ ਆਦਿ ਵਿਸ਼ੇ ਪੜ੍ਹੇ। ਖਾਲਸਾ ਹਾਈ ਸਕੂਲ ਵਿਚ ਧਾਰਮਿਕ ਵਿੱਦਿਆ ਇੱਕ ਵਿਸ਼ੇ ਦੇ ਤੌਰ 'ਤੇ ਪੜ੍ਹਾਈ ਜਾਂਦੀ ਸੀ। ਆਪ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸਨ ਅਤੇ ਮਿਹਨਤ ਵੀ ਬਹੁਤ ਕਰਦੇ ਸਨ। ਆਪ ਨੇ ੧੯੪੩ ਈ. ਵਿਚ ਐਫ਼. ਏ. ਪਾਸ ਕੀਤੀ। ਫਿਰ ਰੇਲਵੇ ਵਿਚ ਕਲਰਕ ਦੀ ਨੌਕਰੀ

'ਤੇ ਲੱਗ ਗਏ ਪਰ ਆਪ ਹੋਰ ਅੱਗੇ ਪੜ੍ਹਨਾ ਚਾਹੁੰਦੇ ਸਨ। ਇਸ ਲਈ ਰੇਲਵੇ ਦੀ ਨੌਕਰੀ ਛੱਡ ਦਿੱਤੀ। ੧੯੪੩ ਈ. ਵਿਚ ਸਿੱਖ ਨੈਸ਼ਨਲ ਕਾਲਜ ਨੇ ਇਕ ਧਾਰਮਿਕ ਪ੍ਰੀਖਿਆ ਰੱਖੀ, ਜਿਸ ਵਿਚ ਆਪ ਪੂਰੇ ਪੰਜਾਬ (ਅਣਵੰਡੇ ਪੂਰਬੀ ਪੱਛਮੀ ਪੰਜਾਬ) ਵਿੱਚੋਂ ਪਹਿਲੇ ਦਰਜੇ 'ਤੇ ਆਏ। ੧੯੪੫ ਈ. ਵਿਚ ਆਪ ਨੇ ਬੀ. ਏ. ਆਨਰਜ਼ ਹਿਸਟਰੀ ਦਾ ਇਮਤਿਹਾਨ ਪਾਸ ਕੀਤਾ। ਇਸ ਸਮੇਂ ਆਪ ਦੇ ਮਾਤਾ ਜੀ ਅਕਾਲ ਚਲਾਣਾ ਕਰ ਗਏ ਸਨ। ਆਪ ਨੇ ਐਸ. ਡੀ. ਹਾਈ ਸਕੂਲ, ਕਾਮੋਕੇ ਵਿਖੇ ਇੱਕ ਸਾਲ ਪੜ੍ਹਾਇਆ। ਅੱਗੋਂ ਬੀ. ਟੀ. ਕਰਨ ਲਈ ਸੈਂਟਰਲ ਟਰੇਨਿੰਗ ਕਾਲਜ, ਲਾਹੌਰ ਵਿਖੇ ਦਾਖ਼ਲਾ ਲਿਆ। ਫਿਰ ਵੰਡ ਮਗਰੋਂ ਆਪ ਹਿੰਦੁਸਤਾਨ ਆ ਗਏ। ਬਹੁਤ ਸਾਰੀਆਂ ਔਕੜਾਂ ਤੇ ਮੁਸੀਬਤਾਂ ਨੂੰ ਝੱਲਦੇ ਹੋਏ ਆਪ ਨੇ ਦਿੱਲੀ ਵਿਖੇ ਨੌਕਰੀ ਕੀਤੀ ਤੇ ਡਾ. ਕਿਰਪਾਲ ਸਿੰਘ ਨਾਰੰਗ (ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦੇ ਕਹਿਣ 'ਤੇ ਐਮ. ਏ. ਵਿਚ ਦਾਖ਼ਲਾ ਲੈ ਲਿਆ। ਫਿਰ ਆਪ ਨੇ ਪੀਐਚ.ਡੀ. ਦੀ ਡਿਗਰੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪ੍ਰਾਪਤ ਕੀਤੀ। ੧੯੫੦ ਈ. ਵਿਚ ਆਪ ਨੂੰ ਸ੍ਰੀ ਅੰਮ੍ਰਿਤਸਰ ਦੇ ਖ਼ਾਲਸਾ ਕਾਲਜ ਵਿਚ ਸਿੱਖ ਇਤਿਹਾਸ ਖੋਜ ਵਿਭਾਗ ਵਿਚ ਨੌਕਰੀ ਮਿਲ ਗਈ ਜਿੱਥੇ ਆਪ ਨੇ ਪੰਦਰ੍ਹਾਂ ਸਾਲ ਸੇਵਾ ਨਿਭਾਈ। ਮਗਰੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬ ਇਤਿਹਾਸ ਵਿਭਾਗ ਵਿਚ ਸੇਵਾ ਨਿਭਾਈ ਤੇ ਇੱਥੋਂ ਹੀ ਸੇਵਾ-ਮੁਕਤ ਹੋਏ। ਇੱਥੇ ਹੀ ਆਪ ਨੇ Oral History Cell ਦੀ ਸਥਾਪਨਾ ਕੀਤੀ। ਇਹ ਉੱਤਰੀ ਭਾਰਤ ਦਾ ਹੀ ਨਹੀਂ, ਸਗੋਂ ਭਾਰਤ ਦਾ ਇੱਕੋ ਇਕ ਮੌਖਿਕ ਵਿਭਾਗ ਮੰਨਿਆ ਜਾਂਦਾ ਹੈ।

**ਇਤਿਹਾਸ ਲਿਖਣ ਦੀ ਰੁਚੀ:**

ਡਾ. ਕਿਰਪਾਲ ਸਿੰਘ ਨੇ ਲਿਖਣ ਕਾਰਜ ਛੋਟੀ ਉਮਰ ਵਿਚ ਹੀ ਅਰੰਭ ਕਰ ਦਿੱਤਾ। ਆਪ ਆਪਣੇ ਕਾਲਜ ਮੈਗਜ਼ੀਨ ਦੇ ਐਡੀਟਰ ਸਨ ਤੇ ਮੈਗਜ਼ੀਨ ਲਈ ਆਪਣੀਆਂ ਰਚਨਾਵਾਂ ਵੀ ਦਿੰਦੇ ਸਨ। ਐਫ. ਏ. ਵਿਚ ਪੜ੍ਹਦਿਆਂ ਆਪ ਨੇ ਸਮਝ ਲਿਆ ਕਿ ਆਪ ਦੀ ਜ਼ਿਆਦਾ ਰੁਚੀ ਇਤਿਹਾਸ ਵੱਲ ਹੈ। ੧੯੫੩ ਈ. ਵਿਚ ਸ੍ਰੀ ਅੰਮ੍ਰਿਤਸਰ ਵਿਖੇ ਸਿੱਖ ਹਿਸਟਰੀ ਰੀਸਰਚ ਡਿਪਾਰਟਮੈਂਟ ਵਿਚ ਨੌਕਰੀ ਕਰਦੇ ਹੋਏ ਆਪ ਨੂੰ ਭਾਈ ਵੀਰ ਸਿੰਘ ਜੀ ਨੇ ਮਿਲਣ ਲਈ ਬੁਲਾਇਆ ਤੇ ਕਿਹਾ ਕਿ, "ਤੁਹਾਡੇ ਆਲੇ-ਦੁਆਲੇ ਇਤਿਹਾਸ ਹੀ ਹੈ ਤੇ ਜੋ ਦੁਖਾਂਤ ਹੁਣ ੧੯੪੭ ਈ. ਵਿਚ ਵਾਪਰਿਆ ਹੈ, ਇਹੋ ਜਿਹਾ ਨਾ ਕਦੀ ਹੋਇਆ ਸੀ ਤੇ ਨਾ ਕਦੇ ਹੋਵੇਗਾ। ਤੁਸੀਂ ਇਸ ਦਾ ਇਤਿਹਾਸ ਲਿਖੋ। ਆਪ ਦੀ ਸਭ ਤੋਂ ਪਹਿਲੀ ਰਚਨਾ 'ਮਹਾਰਾਜਾ ਆਲਾ ਸਿੰਘ ਆਫ਼ ਪਟਿਆਲਾ' ਸੀ, ਜਿਸ ਦਾ 'ਮੁੱਖ ਬੰਧ' ਭਾਈ ਵੀਰ ਸਿੰਘ ਜੀ ਨੇ ਲਿਖਿਆ।

**ਸਿੱਖ ਇਤਿਹਾਸ ਦੀ ਖੋਜ ਲਈ ਜੀਵਨ ਅਰਪਣ ਕਰਨਾ:**

ਡਾ. ਕਿਰਪਾਲ ਸਿੰਘ ਜੀ ਨੇ ਆਪਣੀ ਸ੍ਵੈ-ਜੀਵਨੀ ਵਿਚ ਇਸ ਗੱਲ ਦਾ

ਜ਼ਿਕਰ ਕੀਤਾ ਹੈ। ਜਦੋਂ ਆਪ ਭਾਈ ਵੀਰ ਸਿੰਘ ਜੀ ਨੂੰ ਮਿਲਣ ਲਈ ਗਏ ਤਾਂ ਭਾਈ ਸਾਹਿਬ ਨੇ ਆਪ ਨੂੰ ਕਿਹਾ ਕਿ, "ਤੁਹਾਨੂੰ ਸਿੱਖ ਇਤਿਹਾਸ ਖੋਜ ਵਿਭਾਗ ਲਈ ਜੀਵਨ ਅਰਪਣ ਕਰਨਾ ਚਾਹੀਦਾ ਹੈ ਤੁਸੀਂ ਇਸ ਪਾਸੇ ਜ਼ਰੂਰ ਸੋਚੋ।" ਤਾਂ ਡਾਕਟਰ ਸਾਹਿਬ ਨੇ ਇਹ ਪ੍ਰਤਿੱਗਿਆ ਕੀਤੀ ਕਿ ਉਹ ਸਾਰੀ ਉਮਰ ਸਿੱਖ ਇਤਿਹਾਸ ਦੀ ਹੀ ਖੋਜ ਕਰਨਗੇ। ਆਪ ਨੇ ਸਿੱਖ ਇਤਿਹਾਸ ਨਾਲ ਸੰਬੰਧਿਤ ਬਹੁਤ ਸਾਰੀਆਂ ਪੁਸਤਕਾਂ ਅੰਗਰੇਜ਼ੀ, ਪੰਜਾਬੀ, ਫ਼ਾਰਸੀ ਆਦਿ ਭਾਸ਼ਾਵਾਂ ਵਿਚ ਲਿਖੀਆਂ। ਜਿਨ੍ਹਾਂ ਵਿਚ ਜਨਮ ਸਾਖੀ ਸਾਹਿਤ, ਪੰਜਾਬ ਦੀ ਵੰਡ ਅਤੇ ਹੋਰ ਸਿੱਖ ਇਤਿਹਾਸ ਉੱਤੇ ਆਪ ਨੇ ਬਹੁਤ ਸਾਰੀਆਂ ਪੁਸਤਕਾਂ ਦੀ ਰਚਨਾ ਕੀਤੀ। ਜਿਨ੍ਹਾਂ ਨੂੰ ਵੱਖ-ਵੱਖ ਵਿਦਵਾਨਾਂ ਵੱਲੋਂ ਸਮੇਂ-ਸਮੇਂ 'ਤੇ ਸਰਾਹਿਆ ਗਿਆ ਹੈ। ਪੰਜਾਬ ਦੇ ਬਟਵਾਰੇ ਦੇ ਖੋਜ-ਕਾਰਜ ਨੂੰ ਮੁਕੰਮਲ ਕਰਨ ਲਈ ਆਪ ਕਈ ਵਾਰ ਇੰਗਲੈਂਡ ਗਏ। ਜਿੱਥੇ ਆਪ ਨੇ ਵੱਖ-ਵੱਖ ਬ੍ਰਿਟਿਸ਼ ਅਧਿਕਾਰੀਆਂ ਨਾਲ ਮੁਲਾਕਾਤਾਂ ਕੀਤੀਆਂ, ਜਿਨ੍ਹਾਂ ਨੇ ਭਾਰਤ ਦੀ ਅਜ਼ਾਦੀ ਅਤੇ ਪੰਜਾਬ ਦੀ ਵੰਡ ਲਈ ਅਹਿਮ ਰੋਲ ਅਦਾ ਕੀਤਾ ਸੀ।

**ਪੰਜਾਬ ਦੀ ਵੰਡ ਦਾ ਪ੍ਰਭਾਵ:**

ਪੰਜਾਬ ਦੀ ਵੰਡ ਨਾਲ ਡਾ. ਕਿਰਪਾਲ ਸਿੰਘ ਜੀ ਦਾ ਜੀਵਨ ਜੁੜਿਆ ਹੋਇਆ ਹੈ। ਜਦੋਂ ਉਹ ਲਾਹੌਰ ਪੜ੍ਹਦੇ ਸਨ ਤਾਂ ਫ਼ਿਰਕੂ ਫ਼ਸਾਦ ਹੋਣੇ ਸ਼ੁਰੂ ਹੋ ਗਏ ਸਨ। ਆਪ ਦੇ ਸਾਰੇ ਪਰਿਵਾਰ ਨੂੰ ਵੰਡ ਦਾ ਸੰਤਾਪ ਭੋਗਣਾ ਪਿਆ। ਹੋਰ ਸਿੱਖ ਪਰਿਵਾਰਾਂ ਵਾਂਗ ਆਪ ਦੇ ਪਰਵਾਰ ਨੂੰ ਵੀ ਸਭ ਕੁਝ ਛੱਡ ਕੇ ਹਿੰਦੁਸਤਾਨ ਆਉਣਾ ਪਿਆ। ਉਨ੍ਹਾਂ ਦੀ ਪੀਐਚ. ਡੀ. ਦਾ ਖੋਜ-ਕਾਰਜ 'ਪਾਰਟੀਸ਼ਨ ਆਫ਼ ਪੰਜਾਬ' (੧੯੪੭) ਹੀ ਸੀ ਜਿਸ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ੧੯੭੨ ਈ. ਵਿਚ ਪ੍ਰਕਾਸ਼ਿਤ ਵੀ ਕਰਵਾਇਆ ਗਿਆ। ਡਾਕਟਰ ਸਾਹਿਬ ਨੇ ਪੰਜਾਬ ਦੀ ਵੰਡ ਨੂੰ ਆਪਣੇ ਅੱਖੀਂ ਵੇਖਿਆ ਤੇ ਹੱਡੀਂ ਹੰਢਾਇਆ ਸੀ।

**ਪ੍ਰਮੁੱਖ ਕਾਰਜ:**

ਡਾ. ਕਿਰਪਾਲ ਸਿੰਘ ਜੀ ਦੀ ਸਿੱਖ ਇਤਿਹਾਸ ਅਤੇ ਪੰਜਾਬ ਦੇ ਇਤਿਹਾਸ ਨਾਲ ਸ਼ੁਰੂ ਤੋਂ ਹੀ ਨੇੜ੍ਹਤਾ ਰਹੀ ਹੈ। ਗੁਰੂ ਨਾਨਕ ਖਾਲਸਾ ਕਾਲਜ, ਗੁੱਜਰਾਂਵਾਲਾ ਵਿਖੇ ਬਾਵਾ ਹਰਿਕਿਸ਼ਨ ਸਿੰਘ ਤੇ ਡਾ. ਕਿਰਪਾਲ ਸਿੰਘ ਨਾਰੰਗ ਵਰਗੇ ਵਿਦਵਾਨਾਂ ਦੀ ਸੰਗਤ ਵਿਚ ਆਪ ਦਾ ਵਿਅਕਤੀਤਵ ਹੋਰ ਵੀ ਉੱਘੜਿਆ ਅਤੇ ਆਪ ਵੀ ਬਹੁਤ ਮਿਹਨਤ ਤੇ ਲਗਨ ਨਾਲ ਪੜ੍ਹਦੇ ਸਨ। ਆਪ ਦੁਆਰਾ ਕੀਤੇ ਕਾਰਜਾਂ ਦਾ ਵਰਣਨ ਇਸ ਪ੍ਰਕਾਰ ਹੈ:

**ਜਨਮ ਸਾਖੀ ਸਾਹਿਤ 'ਤੇ ਕੰਮ:**

ਜਨਮ ਸਾਖੀਆਂ ਨੂੰ ਮੁੱਖ ਰੂਪ ਵਿਚ ਗੁਰੂ ਨਾਨਕ ਸਾਹਿਬ ਦੇ ਜੀਵਨ ਸੰਬੰਧੀ ਰਵਾਇਤਾਂ ਦੇ ਰੂਪ ਵਿਚ ਹੀ ਜਾਣਿਆ ਜਾਂਦਾ ਰਿਹਾ ਹੈ। ਇਹ ਰਵਾਇਤਾਂ ਸੀਨਾ-

ਬਸੀਨਾਂ ਚਲਦੀਆਂ ਰਹੀਆਂ ਤੇ ਇਨ੍ਹਾਂ ਵਿਚ ਕਈ ਬਾਹਰਲੇ ਤੱਥਾਂ ਦਾ ਰਲਾ ਹੁੰਦਾ ਰਿਹਾ। ਇਨ੍ਹਾਂ ਰਲਿਆਂ ਕਾਰਨ ਕਈ ਇਤਿਹਾਸਕਾਰਾਂ ਨੇ ਜਨਮ ਸਾਖੀਆਂ ਨੂੰ ਨਾ-ਭਰੋਸੇਯੋਗ ਲਿਖਣਾ ਅਰੰਭ ਕਰ ਦਿੱਤਾ। ਡਾ. ਕਿਰਪਾਲ ਸਿੰਘ ਨੇ ਜਨਮ ਸਾਖੀ ਸਾਹਿਤ ਨੂੰ ਇੱਕ ਨਵੇਂ ਸਿਰਿਓਂ ਪੇਸ਼ ਕੀਤਾ। ਆਪ ਨੇ 'ਮਿਹਰਬਾਨ ਵਾਲੀ ਜਨਮ ਸਾਖੀ' ਨੂੰ ਸੰਪਾਦਿਤ ਕੀਤਾ। ਇਹ ਬਹੁਤ ਹੀ ਵਿਸ਼ਾਲ ਕਾਰਜ ਸੀ। ਜਿਸ ਲਈ ਡਾਕਟਰ ਸਾਹਿਬ ਨੂੰ ਕਈ ਚੁਣੌਤੀਆਂ ਦਾ ਵੀ ਸਾਹਮਣਾ ਕਰਨਾ ਪਿਆ। ਡਾ. ਕਿਰਪਾਲ ਸਿੰਘ ਜੀ ਦੀ ਵੱਡ-ਆਕਾਰੀ ਪੁਸਤਕ 'ਜਨਮ ਸਾਖੀ ਪਰੰਪਰਾ' ਨੇ ਗੁਰੂ ਨਾਨਕ ਸਾਹਿਬ ਦੇ ਜੀਵਨ ਸੰਬੰਧੀ ਰਵਾਇਤਾਂ ਨੂੰ ਇਤਿਹਾਸਿਕ ਪਰਿਪੇਖ ਵਿਚ ਨਿਰਧਾਰਿਤ ਕਰਨ ਦਾ ਕਾਰਜ ਕੀਤਾ। ਇਸ ਤੋਂ ਇਲਾਵਾ ਡਾ. ਕਿਰਪਾਲ ਸਿੰਘ ਜੀ ਨੇ ਲੰਕਾ ਦੀ ਯਾਤਰਾ ਕੀਤੀ ਤੇ ਕਈ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਨੂੰ ਲੱਭਿਆ ਜੋ ਕਿ ਪ੍ਰਮਾਣਿਕ ਹਨ। ਇਸਦੇ ਨਾਲ ਹੀ ਡਾਕਟਰ ਸਾਹਿਬ ਨੇ ਗੁਰੂ ਨਾਨਕ ਸਾਹਿਬ ਦੀਆਂ ਪ੍ਰਚਾਰ ਯਾਤਰਾਵਾਂ (ਉਦਾਸੀਆਂ) ਨਾਲ ਸੰਬੰਧਿਤ ਰੇਖਾ-ਚਿੱਤਰ ਵੀ ਤਿਆਰ ਕੀਤਾ ਹੈ।

ਇਸ ਤਰ੍ਹਾਂ ਡਾ. ਕਿਰਪਾਲ ਸਿੰਘ ਜੀ ਦੀ ਖੋਜ ਸਦਕਾ 'ਜਨਮ ਸਾਖੀ ਸਾਹਿਤ' ਜੋ ਸਿਰਫ਼ ਰਵਾਇਤਾਂ ਤਕ ਸੀਮਿਤ ਸੀ, ਉਹ ਇਤਿਹਾਸ ਦਾ ਰੂਪ ਧਾਰਣ ਕਰ ਗਿਆ ਅਤੇ ਨਾਲ ਹੀ ਪ੍ਰਮਾਣਿਕ ਜਾਣਕਾਰੀ ਵੀ ਸਾਹਮਣੇ ਲਿਆਂਦੀ। ਇਤਿਹਾਸਿਕਤਾ ਦੀ ਪ੍ਰਮਾਣਿਕਤਾ ਨੂੰ ਸਿੱਧ ਕਰਨ ਲਈ ਆਪ ਨੇ ਸਮਕਾਲੀ ਸੋਮੇ ਜਿਨ੍ਹਾਂ ਵਿਚ ਅੰਗਰੇਜ਼ੀ, ਪੰਜਾਬੀ, ਗੁਰਮੁਖੀ, ਫ਼ਾਰਸੀ, ਗਜ਼ਟੀਅਰ ਤੇ ਕੋਸ਼ ਆਦਿ ਬਹੁਤ ਸਾਰੇ ਸ੍ਰੋਤਾਂ ਦੀ ਵਰਤੋਂ ਕੀਤੀ ਹੈ। ਜਿਸ ਤੋਂ ਆਪ ਦੇ ਖੋਜ-ਕਾਰਜ ਦਾ ਬਹੁਤ ਡੂੰਘਾਈ ਦੇ ਅਧਿਐਨ ਦਾ ਪਤਾ ਲੱਗਦਾ ਹੈ। ਸਪੱਸ਼ਟ ਹੈ ਕਿ ਇਹ ਜਾਣਕਾਰੀ ਬਿਲਕੁਲ ਨਵੀਂ ਹੈ।

ਡਾ. ਗੰਡਾ ਸਿੰਘ ਅਨੁਸਾਰ, "The copious footnotes illucidate some of the important points in the text are particularly useful. It places in the hands of readers the Janamsakhi sources in one handy volume."

ਡਾ. ਖੁਸ਼ਵੰਤ ਸਿੰਘ ਅਨੁਸਾਰ, "For this Prof. Kirpal Singh will earn the gratitude of many generations of scholars as well as of Sikh community."

**ਪੰਜਾਬ ਦੀ ਵੰਡ ਤੇ ਕਾਰਜ:**

ਪੰਜਾਬ ਦੀ ਵੰਡ 'ਤੇ ਡਾਕਟਰ ਸਾਹਿਬ ਨੇ ਬਹੁਤ ਪੁਸਤਕਾਂ ਦੀ ਰਚਨਾ ਕੀਤੀ। ਏਸ਼ੀਆਟਿਕ ਸੋਸਾਇਟੀ ਕਲਕੱਤਾ ਦੇ ਜਰਨਲ ਅਨੁਸਾਰ, "This valu-

able work would help us to understand the different aspects of Punjab the last days of British Raj. Dr. Singh deserves congratulation for editing with meticulous care such a source material."

ਆਪ ਨੇ ਵਡ-ਅਕਾਰੀ ਪੁਸਤਕ "Select Document on Partition of Punjab" ੧੯੪੭ ਦੀ ਰਚਨਾ ਇੰਗਲੈਂਡ ਦੀ ਯਾਤਰਾ ਤੋਂ ਮਗਰੋਂ ਕੀਤੀ। ਇਸ ਵਿਚ ਆਪ ਨੇ ਬ੍ਰਿਟਿਸ਼ ਅਧਿਕਾਰੀਆਂ ਜਿਹੜੇ ਕਿ ਪੰਜਾਬ ਦੀ ਵੰਡ ਅਤੇ ਭਾਰਤ ਦੀ ਅਜ਼ਾਦੀ ਸਮੇਂ ਮੁੱਖ ਅਧਿਕਾਰੀ ਸਨ ਜਿਵੇਂ ਕਿ ਸਰ ਫ਼ਰਾਂਸਿਸ ਮੁਡੀ, ਲਾਰਡ ਇਸਮੇ, ਲਾਰਡ ਐਟਲੀ, ਲਾਰਡ ਸੀਰਲ ਰੈਡਕਲਿਫ਼, ਲਾਰਡ ਪੈਟਰਿਕ ਸਪੈਨਸ, ਡਬਲਿਊ. ਐਚ. ਮੋਰਿਸ ਜੋਨਸ, ਮਾਊਂਟਬੈਟਨ ਆਦਿ ਨਾਲ ਕੀਤੀਆਂ ਮੁਲਾਕਾਤਾਂ ਨੂੰ ਦਰਜ ਕੀਤਾ ਹੈ। ਆਪ ਨੇ ਵੰਡ ਨੂੰ ਇਕ ਨਵੇਂ ਨਜ਼ਰੀਏ ਨਾਲ ਪੇਸ਼ ਕੀਤਾ।

Alan Campbell Johnson, ਜੋ ਕਿ ਭਾਰਤ ਦੇ ਵਾਇਸਰਾਏ ਮਾਊਂਟਬੈਟਨ ਦੇ ਸਟਾਫ਼ ਦਾ ਪ੍ਰੈਸ ਅਟੈਚੀ Press attache′ (ਭਾਵ ਮੀਡੀਆ ਅਧਿਕਾਰੀ) ਸੀ, ਨੇ Partition of Punjab (੧੯੪੭) ਬਾਰੇ ਲਿਖਿਆ ਕਿ, "I am very happy to see that the result of your researches has proved to be such a scholarly and balanced account of a very complex and important piece of history."

ਇੰਨਾ ਹੀ ਨਹੀਂ ਉਸ ਨੇ ਡਾਕਟਰ ਸਾਹਿਬ ਨੂੰ ਆਪਣੀ ਕਿਤਾਬ "Mission with Mountbatten" ਵੀ ਪਿਆਰ ਸਹਿਤ ੧੯੭੮ ਵਿਚ ਭੇਟ ਕੀਤੀ। ਇਸੇ ਤਰ੍ਹਾਂ Lord Cyril Redcliffe ਜੋ ਕਿ ਪੰਜਾਬ ਬਾਊਂਡਰੀ ਕਮਿਸ਼ਨ ੧੯੪੭ ਦਾ ਚੇਅਰਮੈਨ ਸੀ ਨੇ ਲਿਖਿਆ ਹੈ ਕਿ, "I see that it is a most careful study of the history of the matter."

ਇਸ ਤੋਂ ਇਲਾਵਾ ਆਪ ਨੇ ਸਿੱਖ ਰਾਜ ਦੇ ਮਹੱਤਵਪੂਰਨ ਯੋਧਿਆਂ, ਨਾਇਕਾਂ ਉੱਤੇ ਵੀ ਪੁਸਤਕਾਂ ਦੀ ਰਚਨਾ ਕੀਤੀ। ਆਪ ਨੇ ਪੰਜਾਬੀ ਅਤੇ ਅੰਗਰੇਜ਼ੀ ਤੋਂ ਇਲਾਵਾ ਫ਼ਾਰਸੀ ਵਿਚ ਵੀ 'ਚਾਰ-ਬਾਗ-ਏ ਪੰਜਾਬ' ਦੀ ਰਚਨਾ ਕੀਤੀ। ਇਸ ਸਾਰੇ ਕਾਰਜ ਤੋਂ ਇਲਾਵਾ ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ 'ਸਿੱਖ ਸ੍ਰੋਤ ਇਤਿਹਾਸਕ ਗ੍ਰੰਥ ਪੁਨਰ ਸੰਪਾਦਨਾ ਪ੍ਰੋਜੈਕਟ' ਦੇ ਡਾਇਰੈਕਟਰ ਵੀ ਰਹੇ। ਇਸ ਪ੍ਰੋਜੈਕਟ ਵਿਚ ਆਪ ਨੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਨੂੰ ਸੰਪਾਦਤ ਕਰਨ ਦਾ ਕਾਰਜ ਸੌਂਪਿਆ ਗਿਆ। ਅਜਿਹੇ ਮਹਾਨ ਕਾਰਜ ਨੂੰ ਡਾਕਟਰ ਸਾਹਿਬ ਨੇ ਬਾਖੂਬੀ ਨਿਭਾਇਆ। ਇਸ ਕਾਰਜ ਵਿਚ ਆਪ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤਕ ਪੋਥੀਆਂ ਦੀ ਸੰਪਾਦਨਾ ਕੀਤੀ। ਆਪਣੇ ਅੰਤਲੇ ਦਿਨਾਂ ਵਿਚ ਆਪ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪੋਥੀ ਦਾ ਖਰੜਾ ਤਿਆਰ ਕਰ ਚੁੱਕੇ ਸਨ। ਅੰਤ ਵਿਚ ੭ ਮਈ, ੨੦੧੯ ਈ. ਵਿਚ ਮਹਾਨ ਇਤਿਹਾਸਕਾਰ ਇਸ ਫ਼ਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ।

**ਪ੍ਰਾਪਤੀਆਂ:**

ਡਾ. ਕਿਰਪਾਲ ਸਿੰਘ ਜੀ ਨੂੰ ਜੀਵਨ ਵਿਚ ਬਹੁਤ ਸਾਰੇ ਸਨਮਾਨਾਂ ਨਾਲ ਨਿਵਾਜਿਆ ਗਿਆ ਅਤੇ ਆਪ ਬਹੁਤ ਸਾਰੇ ਉੱਚ ਅਹੁਦਿਆਂ 'ਤੇ ਵੀ ਰਹੇ। ਆਪ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬ ਇਤਿਹਾਸ ਵਿਭਾਗ ਦੇ ਪ੍ਰੋਫ਼ੈਸਰ ਅਤੇ ਮੁਖੀ ਰਹੇ। ਪੰਜਾਬੀ ਯੂਨੀਵਰਸਿਟੀ ਨੇ ਆਪ ਦੇ ਸਨਮਾਨ ਵਿਚ ਆਪ ਨੂੰ ਡੀ. ਲਿਟ ਦੀ ਡਿਗਰੀ ਪ੍ਰਦਾਨ ਕੀਤੀ। ਆਪ ਏਸ਼ੀਆਟਿਕ ਸੋਸਾਇਟੀ ਕਲੱਕਤਾ ਦੇ ਲਾਈਫ਼ ਮੈਂਬਰ ਸਨ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਸਿੱਖ ਸਰੋਤ ਇਤਿਹਾਸਕ ਗ੍ਰੰਥ ਸੰਪਾਦਨਾ ਪ੍ਰੋਜੈਕਟ' ਦੇ ਡਾਇਰੈਕਟਰ ਸਨ।

ਸੰਨ ੨੦੧੩ ਵਿਚ ਆਪ ਨੂੰ ਸਿੱਖ ਇਤਿਹਾਸ ਪ੍ਰਤੀ ਕੀਤੇ ਗਏ ਕਾਰਜ ਲਈ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸੰਨ ੨੦੧੪ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਆਪ ਜੀ ਨੂੰ 'ਪ੍ਰੋਫ਼ੈਸਰ ਆਫ਼ ਸਿੱਖਇਜ਼ਮ' ਦੀ ਉਪਾਧੀ ਨਾਲ ਨਿਵਾਜਿਆ ਗਿਆ।

ਆਪ ਨੇ ਸਿੱਖ ਇਤਿਹਾਸ ਉੱਤੇ ਪੂਰੀ ਨਿਸ਼ਠਾ, ਲਗਨ, ਮਿਹਨਤ ਅਤੇ ਦ੍ਰਿੜ੍ਹ ਸੰਕਲਪ ਨਾਲ ਕੰਮ ਕੀਤਾ। ਸਾਰੀ ਜ਼ਿੰਦਗੀ ਸਿਰਫ਼ ਸਿੱਖ ਇਤਿਹਾਸ ਉੱਤੇ ਹੀ ਕੰਮ ਕਰਨ ਦੇ ਭਾਈ ਵੀਰ ਸਿੰਘ ਜੀ ਨਾਲ ਕੀਤੇ ਵਾਅਦੇ ਨੂੰ ਸਿੱਖ ਪੰਥ ਦੇ ਇਸ ਮਹਾਨ ਇਤਿਹਾਸਕਾਰ ਨੇ ਆਪਣੇ ਅੰਤਲੇ ਸੁਆਸਾਂ ਤਕ ਬਾਖ਼ੂਬੀ ਨਿਭਾਇਆ। ਅਜਿਹੇ ਮਹਾਨ ਵਿਦਵਾਨ ਕੌਮਾਂ ਲਈ ਸਦਾ ਲਈ ਪ੍ਰੇਰਨਾ-ਸ੍ਰੋਤ ਹੁੰਦੇ ਹਨ ਜਿਨ੍ਹਾਂ ਸਿੱਖ ਇਤਿਹਾਸ ਦੀ ਡੂੰਘੀ ਖੋਜ ਕਰ ਕੇ ਸਿੱਖ ਧਰਮ ਦੇ ਜਗਿਆਸੂਆਂ, ਵਿਦਿਆਰਥੀਆਂ ਅਤੇ ਖੋਜਾਰਥੀਆਂ ਲਈ ਨਵੇਂ ਰਾਹ ਖੋਲ੍ਹੇ। ■

**ਫ਼ਿਲਮ ਵਿਭਾਗ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਆਧੁਨਿਕ ਤਕਨੀਕ ਨੂੰ ਅਪਣਾਉਂਦਿਆਂ ਸਿੱਖੀ ਦੇ ਪ੍ਰਚਾਰ-ਪਸਾਰ ਲਈ ਫ਼ਿਲਮਾਂ ਵਿਖਾਉਣ ਵਾਲੀਆਂ ਗੱਡੀਆਂ ਤਿਆਰ ਕਰਵਾਈਆਂ ਗਈਆਂ ਹਨ। ਇਨ੍ਹਾਂ ਗੱਡੀਆਂ ਰਾਹੀਂ ਵੱਖ-ਵੱਖ ਪਿੰਡਾਂ / ਸ਼ਹਿਰਾਂ ਵਿਚ ਜਾ ਕੇ ਸਿੱਖੀ ਦੇ ਪ੍ਰਚਾਰ ਹਿੱਤ ਫ਼ਿਲਮਾਂ ਵਿਖਾਈਆਂ ਜਾਂਦੀਆਂ ਹਨ। ਸੰਗਤ ਦੀ ਮੰਗ 'ਤੇ ਇਨ੍ਹਾਂ ਗੱਡੀਆਂ ਰਾਹੀਂ ਭਾਰਤ ਦੇ ਦੂਰ-ਦੁਰਾਡੇ ਥਾਵਾਂ 'ਤੇ ਜਾ ਕੇ ਪ੍ਰਚਾਰ ਕੀਤਾ ਜਾਂਦਾ ਹੈ।

# ਜਲ੍ਹਿਆਂਵਾਲੇ ਬਾਗ਼ ਦਾ ਸ਼ਹੀਦ: ਸੰਤ ਰਾਮ

*-ਸ. ਗੁਰਿੰਦਰ ਸਿੰਘ**

੧੩ ਅਪ੍ਰੈਲ, ੧੯੧੯ ਈ. ਨੂੰ ਜਲ੍ਹਿਆਂਵਾਲੇ ਬਾਗ਼ ਵਿਚ ਸ਼ਹੀਦ ਹੋਣ ਵਾਲੇ ਸ਼ਹੀਦਾਂ ਦੀ ਪੱਥਰ ਉੱਤੇ ਉਕਰੀ ਨਾਵਾਂ ਦੀ ਸੂਚੀ ਉੱਪਰ ਇੱਕ ਨਾਮ ਸੰਤ ਰਾਮ ਜੀ ਦਾ ਵੀ ਹੈ ਜੋ ਪਿੰਡ ਵਰਪਾਲ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਦੇ ਨਿਵਾਸੀ ਸਨ। ਸੰਤ ਰਾਮ ਮੇਰੇ (ਲੇਖਕ ਦੇ) ਜੀਜਾ ਜੀ ਸ. ਅਸ਼ਵਨੀ ਸਿੰਘ ਦੇ ਦਾਦਾ ਗੁਲਾਬ ਚੰਦ ਜੀ ਦੇ ਛੋਟੇ ਭਰਾ ਸਨ। ਸ. ਅਸ਼ਵਨੀ ਸਿੰਘ ਜੀ ਦਸਦੇ ਹਨ ਕਿ ਉਨ੍ਹਾਂ ਦੇ ਦਾਦਾ ਜੀ ਅਕਸਰ ਹੀ ਆਪਣੇ ਛੋਟੇ ਭਰਾ ਸੰਤ ਰਾਮ ਦੀਆਂ ਗੱਲਾਂ ਸੁਣਾਉਂਦੇ ਰਹਿੰਦੇ ਸਨ। ਉਹ ਦੱਸਦੇ ਸਨ ਕਿ ਸੰਤ ਰਾਮ ਬਚਪਨ ਤੋਂ ਹੀ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸੀ। ਉਨ੍ਹਾਂ ਸਮਿਆਂ ਵਿਚ ਦਸਵੀਂ ਦੀ ਪੜ੍ਹਾਈ ਤਕ ਪਹੁੰਚਣਾ ਕੋਈ ਆਮ ਗੱਲ ਨਹੀਂ ਸੀ। ਪੜ੍ਹਾਈ ਦੇ ਨਾਲ-ਨਾਲ ਉਹ ਘਰ ਦੇ ਕੰਮ-ਕਾਰ ਵਿਚ ਵੀ ਪੂਰਾ ਸਹਿਯੋਗ ਕਰਦੇ ਸਨ। ਇਹ ਸਿਰਫ ਦੋ ਭਰਾ ਸਨ। ਗੁਲਾਬ ਚੰਦ ਜੀ ਵੱਡੇ ਸਨ ਅਤੇ ਸੰਤ ਰਾਮ ਜੀ ਉਨ੍ਹਾਂ ਤੋਂ ਛੋਟੇ ਸਨ। ਛੋਟੇ ਹੋਣ ਕਾਰਨ ਸੰਤ ਰਾਮ ਆਪਣੇ ਮਾਤਾ-ਪਿਤਾ ਦੇ ਜ਼ਿਆਦਾ ਲਾਡਲੇ ਸਨ। ਸੁਭਾਅ ਦੇ ਚੰਗੇ ਹੋਣ ਕਾਰਨ ਸਾਰਾ ਪਰਵਾਰ ਅਤੇ ਪਿੰਡ ਦੇ ਲੋਕ ਵੀ ਸੰਤ ਰਾਮ ਜੀ ਨੂੰ ਬੜਾ ਪਿਆਰ ਕਰਦੇ ਸਨ। ਸਕੂਲ ਵਿਚ ਵੀ ਉਹ ਅਧਿਆਪਕਾਂ ਦਾ ਚਹੇਤਾ ਵਿਦਿਆਰਥੀ ਸੀ ਅਤੇ ਦਸਵੀਂ ਦੇ ਪੇਪਰ ਦੇਣ ਤੋਂ ਬਾਅਦ ਨਤੀਜੇ ਦੀ ਉਡੀਕ ਵਿਚ ਸੀ। ਉਨ੍ਹਾਂ ਦੇ ਮਨ ਵਿਚ ਦੇਸ਼ ਲਈ ਬੜਾ ਪਿਆਰ ਸੀ। ਅਕਸਰ ਹੀ ਉਹ ਦੇਸ਼ ਭਗਤਾਂ ਦੇ ਕਿੱਸੇ ਪੜ੍ਹਦੇ ਤੇ ਸੁਣਦੇ ਰਹਿੰਦੇ। ਉਨ੍ਹਾਂ ਦਿਨਾਂ ਵਿਚ ਜ਼ਾਲਮ ਅੰਗਰੇਜ਼ ਸਰਕਾਰ ਦੇ ਜ਼ੁਲਮਾਂ ਦੀ ਇੰਤਿਹਾ ਹੋਈ ਪਈ ਸੀ। ਅੰਗਰੇਜ਼ਾਂ ਨੇ ਭਾਰਤ ਵਿਚ ਲੋਕਾਂ ਦੀ ਅਜ਼ਾਦੀ ਦੀ ਲਹਿਰ ਨੂੰ ਦਬਾਉਣ ਲਈ 'ਰੋਲਟ ਐਕਟ' ਲਿਆਂਦਾ। ਇਸ ਕਾਨੂੰਨ ਅਨੁਸਾਰ ਸੀ. ਆਈ. ਡੀ. ਦੇ ਸਿਪਾਹੀ ਦੀ ਰਿਪੋਰਟ 'ਤੇ ਕਿਸੇ ਉੱਤੇ ਵੀ ਦੇਸ਼ ਧਰੋਹ ਦਾ ਦੋਸ਼ ਲੱਗ ਸਕਦਾ ਸੀ, ਇਸ ਲਈ ਉਸ ਨੂੰ ਸਫਾਈ ਦਾ ਕੋਈ ਮੌਕਾ ਵੀ ਨਹੀਂ ਦਿੱਤਾ ਜਾਣਾ ਸੀ ਤੇ ਨਾ ਹੀ ਉਹ ਉਸ ਵਿਰੁੱਧ ਅਦਾਲਤ ਵਿਚ ਜਾ ਸਕਦਾ ਸੀ। ਲੋਕਾਂ ਨੇ ਇਸ ਨੂੰ 'ਕਾਲਾ ਕਾਨੂੰਨ' ਕਿਹਾ। ਇਸ ਵਿਰੁੱਧ ਉਹ ਨਾ ਦਲੀਲ-ਨਾ ਅਪੀਲ-ਨਾ ਵਕੀਲ ਕਰ ਸਕਦੇ ਸਨ। ਪੂਰੇ ਦੇਸ਼ ਵਿਚ ਇਸ ਐਕਟ ਦਾ ਵਿਰੋਧ ਹੋਇਆ। ੧੩ ਅਪ੍ਰੈਲ, ੧੯੧੯ ਈ. ਨੂੰ ਜਲ੍ਹਿਆਂਵਾਲੇ ਬਾਗ਼ ਵਿਚ ਇਕ ਇਕੱਠ ਰੱਖਿਆ ਗਿਆ। ਜਿਸ ਦਾ ਮੁੱਖ ਮਨੋਰਥ ਜ਼ਾਲਮ ਅੰਗਰੇਜ਼ ਸਰਕਾਰ ਨੂੰ ਦੇਸ਼

** ਸਪੁੱਤਰ ਸ. ਬਲਵੀਰ ਸਿੰਘ, ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ, ਬਹਾਦਰਗੜ੍ਹ, ਪਟਿਆਲਾ-੧੪੭੦੦੧; ਮੋ. ੯੯੮੮੮੧੪੫੨੦*

ਵਿੱਚੋਂ ਬਾਹਰ ਕੱਢਣਾ ਸੀ। ਇਸ ਜਲਸੇ ਦੇ ਐਲਾਨ ਮਗਰੋਂ ਅੰਗਰੇਜ਼ ਅਫਸਰ ਜਨਰਲ ਡਾਇਰ ਅੱਗ-ਬਬੂਲਾ ਹੋ ਗਿਆ। ਇਸ ਜਲਸੇ ਨੂੰ ਸਬਕ ਸਿਖਾਉਣ ਲਈ ਜਨਰਲ ਡਾਇਰ ਨੇ ਫੌਜ ਬੁਲਾ ਲਈ ਅਤੇ ੧੩ ਅਪ੍ਰੈਲ, ੧੯੧੯ ਈ. ਦੀ ਵੈਸਾਖੀ ਵਾਲੇ ਦਿਨ ਜਲ੍ਹਿਆਂਵਾਲੇ ਬਾਗ਼ ਵਿਖੇ ਰੱਖੇ ਇਕੱਠ ਉਤੇ ਅੰਨ੍ਹੇਵਾਹ ਗੋਲੀ ਚਲਾ ਦਿੱਤੀ। ਇਸ ਦੌਰਾਨ ਸੈਂਕੜੇ ਲੋਕ ਸ਼ਹੀਦ ਹੋਏ ਅਤੇ ਹਜ਼ਾਰਾਂ ਫੱਟੜ ਹੋ ਗਏ। ਜਲ੍ਹਿਆਂਵਾਲੇ ਬਾਗ਼ ਦਾ ਇਹ ਖ਼ੂਨੀ ਸਾਕਾ ਇਤਿਹਾਸ ਦੇ ਕਾਲੇ ਪੰਨਿਆਂ ਉੱਤੇ ਅਮਿੱਟ ਯਾਦ ਬਣ ਕੇ ਹਮੇਸ਼ਾ ਦਿਲਾਂ ਨੂੰ ਟੁੰਬਦਾ ਰਹੇਗਾ। ਸੰਤ ਰਾਮ ਜੀ ਸੰਘਰਸ਼ ਕਰ ਰਹੇ ਲੋਕਾਂ ਦੇ ਨਾਲ ਸਭ ਤੋਂ ਮੂਹਰਲੀ ਕਤਾਰ ਵਿਚ ਸ਼ਾਮਲ ਸਨ। ਇਕ ਗੋਲੀ ਉਨ੍ਹਾਂ ਦੀ ਛਾਤੀ ਵਿਚ ਆ ਵੱਜੀ ਅਤੇ ਉਹ ਥਾਂ ਹੀ ਸ਼ਹੀਦ ਹੋ ਗਏ। ਇਸ ਸਾਕੇ ਨੇ ਪੂਰੇ ਹਿੰਦੁਸਤਾਨ ਦੀ ਜਨਤਾ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਆਪ ਜੀ ਦੇ ਪਿਤਾ ਸ਼ਿਵ ਰਾਮ ਦਾਸ ਅਤੇ ਮਾਤਾ ਬਸੰਤ ਕੌਰ ਨੂੰ ਗਹਿਰਾ ਸਦਮਾ ਲੱਗਾ। ਮਾਤਾ ਬਸੰਤ ਕੌਰ ਜੀ ਆਪਣੇ ਪੁੱਤਰ ਦੀ ਤੜਪ ਵਿਚ ਹਰ ਰੋਜ਼ ਰੋਟੀਆਂ ਬਣਾਉਂਦੀ ਅਤੇ ਛਾਬਾ ਸਿਰ ਉੱਤੇ ਚੁੱਕ ਕੇ ਨੰਗੇ ਪੈਰੀਂ ਜਲ੍ਹਿਆਂਵਾਲੇ ਬਾਗ਼ ਤਕ ਤਕਰੀਬਨ ੧੨ ਕਿਲੋਮੀਟਰ ਦਾ ਸਫ਼ਰ ਤੈਅ ਕਰ ਕੇ ਰੋਜ਼ਾਨਾ ਆਉਂਦੀ। ਉਹ ਉੱਥੇ ਬੈਠ ਕੇ ਰੋਂਦੀ-ਕੁਰਲਾਉਂਦੀ ਪੰਛੀਆਂ ਨੂੰ ਉਹੀ ਰੋਟੀਆਂ ਪਾ ਵਾਪਿਸ ਮੁੜ ਜਾਂਦੀ। ਜੇਠ-ਹਾੜ ਦੀਆਂ ਧੁੱਪਾਂ, ਮੀਂਹ-ਝੱਖੜ, ਕਿੱਕਰਾਂ ਦੀਆਂ ਸੂਲਾਂ ਮਾਂ ਦੀ ਮਮਤਾ ਅੱਗੇ ਕਮਜ਼ੋਰ ਹੋ ਗਏ ਜਾਪਦੇ ਸਨ। ਇਕ ਵਾਰ ਉਨ੍ਹਾਂ ਦੇ ਪੈਰ ਵਿਚ ਸੂਲ ਚੁਭ ਗਈ ਜੋ ਉਨ੍ਹਾਂ ਨੇ ਕੱਢਣ ਨਹੀਂ ਦਿੱਤੀ ਅਤੇ ਕਿਹਾ ਕਿ ਮੇਰਾ ਪੁੱਤਰ ਜਦੋਂ ਸੀਨੇ ਵਿਚ ਗੋਲੀ ਖਾ ਕੇ ਸ਼ਹੀਦ ਹੋ ਸਕਦਾ ਹੈ ਤਾਂ ਕੀ ਮੈਂ ਇਕ ਸੂਲ ਦੀ ਪੀੜ ਵੀ ਬਰਦਾਸ਼ਤ ਨਹੀਂ ਕਰ ਸਕਦੀ? ਪਰਵਾਰ ਅਤੇ ਰਿਸ਼ਤੇਦਾਰਾਂ ਦੇ ਬਹੁਤ ਰੋਕਣ ਦੇ ਬਾਵਜੂਦ ਵੀ ਆਪਣੇ ਪੁੱਤਰ ਦੀ ਯਾਦ ਵਿਚ ਤਕਰੀਬਨ ਡੇਢ ਸਾਲ ਤਕ ਲਗਾਤਾਰ ਜਲ੍ਹਿਆਂਵਾਲੇ ਬਾਗ਼ ਦੀ ਧਰਤੀ ਨੂੰ ਅੱਖਾਂ ਦੇ ਹੰਝੂਆਂ ਨਾਲ ਨਮ ਕਰ ਕੇ ਜਾਂਦੀ। ਬਸੰਤ ਕੌਰ ਦੀ ਇਹ ਹਾਲਤ ਵੇਖ ਕੇ ਲੋਕਾਂ ਦੇ ਦਿਲ ਵੀ ਕੰਬ ਉੱਠਦੇ। ਮੇਰੇ ਜੀਜਾ ਜੀ ਸ. ਅਸ਼ਵਨੀ ਸਿੰਘ ਦੱਸਦੇ ਹਨ ਕਿ ਉਨ੍ਹਾਂ ਨੇ ਆਪਣੇ ਦਾਦਾ ਜੀ ਨੂੰ ਵਡੇਰੀ ਉਮਰ ਵਿਚ ਵੀ ਆਪਣੇ ਛੋਟੇ ਭਰਾ ਸੰਤ ਰਾਮ ਨੂੰ ਯਾਦ ਕਰ ਕੇ ਬਹੁਤ ਵਾਰ ਰੋਂਦਿਆਂ ਦੇਖਿਆ ਸੀ। ਜਿੱਥੇ ਰਹਿੰਦੀ ਦੁਨੀਆ ਤਕ ਜਲ੍ਹਿਆਂਵਾਲੇ ਬਾਗ਼ ਦੇ ਕਾਂਡ ਲਈ ਅੰਗਰੇਜ਼ ਸਰਕਾਰ ਨੂੰ ਲਾਹਣਤਾਂ ਪੈਂਦੀਆਂ ਰਹਿਣਗੀਆਂ, ਉੱਥੇ ਹੀ ਸੰਤ ਰਾਮ ਅਤੇ ਹੋਰ ਸ਼ਹੀਦਾਂ ਅਤੇ ਉਨ੍ਹਾਂ ਦੀਆਂ ਮਾਵਾਂ ਦੀ ਮਮਤਾ ਦੀਆਂ ਕਹਾਣੀਆਂ ਵੀ ਹਮੇਸ਼ਾ ਸੁਨਹਿਰੀ ਅੱਖਰਾਂ ਵਿਚ ਚਮਕਦੀਆਂ ਰਹਿਣਗੀਆਂ।

■

ਅਪ੍ਰੈਲ ੨੦੨੬ ਦਾ ਬਾਕੀ:

# ਗੁਰਮਤਿ ਦੇ ਨਿਰਮਲ ਵਿਚਾਰ

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

*ਹਰਿ ਸਿਮਰਨਿ ਕੀਓ ਸਗਲ ਅਕਾਰਾ॥*
*ਹਰਿ ਸਿਮਰਨ ਮਹਿ ਆਪਿ ਨਿਰੰਕਾਰਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੩)*

ਪਿਆਰਿਓ, ਯਾਦ ਰੱਖੋ, ਜੋ ਵੀ ਤੁਹਾਨੂੰ ਸੰਸਾਰ ਵਿਚ ਅੱਖਾਂ ਨਾਲ ਦਿਸ ਰਿਹਾ ਹੈ ਇਹ ਚਾਰ-ਚੁਫੇਰੇ ਸਭ ਆਕਾਰ ਸਿਰਫ ਇੱਕ ਰੱਬ ਵਿੱਚੋਂ ਹੀ ਪ੍ਰਗਟ ਹੋਇਆ ਹੈ, ਇਹ ਸੰਸਾਰ ਹੀ ਤਾਂ ਰੱਬ ਦਾ ਆਪਨਾ ਰੂਪ ਹੈ ਕਿਉਂਕਿ ਸਭ ਬਨਸਪਤੀ, ਜੀਵ-ਜੰਤੂਆਂ, ਧਰਤੀ, ਪਾਣੀ, ਅਕਾਸ਼, ਸੂਰਜ, ਚੰਦ, ਤਾਰੇ ਜਾਂ ਹਰ ਜ਼ੱਰੇ-ਜ਼ੱਰੇ ਵਿਚ ਰੱਬ ਆਪ ਹੀ ਰਮਿਆ ਹੋਇਆ ਹੈ। ਇਸ ਸੰਸਾਰ ਨੂੰ ਪਿਆਰ ਕਰਨਾ, ਰੱਬ ਨਾਲ ਪਿਆਰ ਕਰਨਾ ਹੁੰਦਾ ਹੈ, ਇਹੋ ਹੀ ਰੱਬ ਨੂੰ ਮਿਲਣ ਦੀ ਵੱਡੀ ਜੁਗਤ ਹੈ, ਮਹਾਨ ਸਤਿਗੁਰੂ ਜੀ ਅੱਗੇ ਉਪਦੇਸ਼ ਕਰ ਰਹੇ ਹਨ ਕਿ ਮੈਂ ਤਾਂ ਆਪਣੀ ਪਾਵਨ ਗੁਰਬਾਣੀ ਰਾਹੀਂ ਸੰਗਤ ਨੂੰ ਆਪਣਾ ਪਤਾ ਵੀ ਭੇਜਿਆ ਹੋਇਆ ਹੈ- *ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮੁ॥* ਪਿਆਰਿਓ, ਇਸ ਸਾਰੇ ਸੰਸਾਰ ਵਿਚ ਸਭਨਾਂ ਦੇ ਅੰਦਰ ਮੈਂ ਆਪ ਹੀ ਵੱਸਦਾ ਹਾਂ, ਇਨ੍ਹਾਂ ਸਭ ਅਕਾਰਾਂ ਵਿਚ ਮੇਰੀ ਆਪਣੀ ਹੀ ਰੱਬੀ ਜੋਤ ਹੈ, ਤੁਸੀਂ ਦੋਵੇਂ ਨੇਤਰ ਬੰਦ ਕਰ ਕੇ, ਰੱਬ ਨੂੰ ਇਕ ਮਨ ਇਕ ਚਿਤ ਹੋ ਕੇ ਯਾਦ ਕਰਿਆ ਕਰੋ ,ਜਿਵੇਂ ਦੁੱਧ ਨੂੰ ਰਿੜਕਣ ਤੋਂ ਬਾਅਦ ਦੁੱਧ ਵਿੱਚੋਂ ਹੀ ਮੱਖਣ ਪ੍ਰਗਟ ਹੋ ਜਾਂਦਾ ਹੈ, ਰੱਬ ਵੀ ਤੁਹਾਡੇ ਹਿਰਦੇ ਅੰਦਰ ਹੀ ਹੈ, ਤੂੰ ਆਪਣੇ ਹਿਰਦੇ ਰੂਪੀ ਚਾਟੀ ਵਿਚ ਸਵਾਸਾਂ ਦੀ ਵਾਰ-ਵਾਰ ਮਧਾਣੀ ਚਲਾ ਕੇ ਵੇਖ, ਇੱਕ ਨਾ ਇੱਕ ਦਿਨ ਤੇਰੇ ਹਿਰਦੇ ਅੰਦਰੋਂ ਹੀ ਰੱਬ ਪ੍ਰਗਟ ਹੋ ਜਾਵੇਗਾ। ਐਸੀ ਪਿਆਰੀ ਅਵਸਥਾ ਆਉਣ ਤੋਂ ਬਾਅਦ ਉਸ ਗੁਰਮੁਖ ਪਿਆਰੇ ਸਿੱਖ ਨੂੰ ਸਾਰਾ ਸੰਸਾਰ ਹੀ ਰੱਬ ਦਾ ਰੂਪ ਦਿਸਣ ਲੱਗ ਜਾਦਾ ਹੈ:

*ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ॥*
*ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੧)*

ਪਿਆਰਿਓ, ਪਾਵਨ ਗੁਰਬਾਣੀ ਮਨੁੱਖ ਨੂੰ ਉਪਦੇਸ਼ ਕਰ ਰਹੀ ਹੈ ਕਿ ਪਿਆਰਿਆ, ਤੂੰ ਆਪਣੇ ਮਨੁੱਖਾ ਜਨਮ ਦੇ ਦਿਨ-ਰਾਤ ਸੌਂ-ਸੌਂ ਕੇ ਲੰਘਾਈ ਜਾ ਰਿਹਾ ਹੈਂ, ਤੂੰ ਜ਼ਰਾ ਬਹੁਤ ਹੀ ਗਹਿਰੀ ਸੋਚ ਨਾਲ ਸੋਚ ਕਿ, ਇਕ ਨਾ ਇਕ ਦਿਨ ਤੇਰੀ ਜ਼ਿੰਦਗੀ ਵਿਚ ਇੱਕ ਵੱਡਾ ਭਿਆਨਕ ਸਮਾਂ ਆਉਣਾ ਹੈ, ਤੂੰ ਇਸ ਭਿਆਨਕ ਆਉਣ ਵਾਲੀ ਔਖੀ ਘੜੀ ਨੂੰ ਯਾਦ ਕਰਿਆ ਕਰ ਕਿ ਜਦੋਂ ਤੂੰ ਸੰਸਾਰ ਤੋਂ ਇਕ ਦਿਨ ਸਦਾ-ਸਦਾ ਲਈ ਕੂਚ ਕਰ ਗਿਆ, ਤੇਰੇ ਪੰਜ ਭੂਤਕ ਸਰੀਰ ਨੂੰ ਤੇਰੇ ਸੰਬੰਧੀਆਂ ਨੇ (ਕਬਰ) ਵਿਚ ਦੱਬ

** #੨ ਸਰਦਾਰ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੧੫੧-੪੩੫੨੬*

ਦੇਣਾ ਹੈ, ਜਾਂ ਤੇਰੇ ਪੰਜ ਭੂਤਕ ਸਰੀਰ ਨੂੰ ਮੜ੍ਹੀਆਂ ਵਿਚ ਲਿਜਾ ਕੇ ਤੇਰੇ ਧੀਆਂ, ਪੁੱਤਰਾਂ ਅਤੇ ਸਾਕ ਸੰਬੰਧੀਆਂ ਨੇ ਤੈਨੂੰ ਅੱਗ ਵਿਚ ਸਾੜ ਦੇਣਾ ਹੈ, ਸੋ ਪਿਆਰਿਆ, ਤੂੰ ਉਸ ਭਿਆਨਕ ਆਉਣ ਵਾਲੀ ਘੜੀ ਨੂੰ ਸਦਾ ਚੇਤੇ ਰੱਖਿਆ ਕਰ, ਤੈਨੂੰ ਮਹਿੰਗੇ ਮਨੁੱਖਾ ਜਨਮ ਦੀ ਵੱਡੀ ਸਮਝ ਪੈ ਜਾਵੇਗੀ।

*ਰਹਿਤ ਬਿਨਾਂ ਨਹਿ ਸਿਖ ਕਹਾਵੈ ਰਹਤ ਬਿਨਾਂ ਦਰ ਚੋਟਾ ਖਾਵੈ।*

ਮਹਾਨ ਸਤਿਗੁਰੂ ਧੰਨ-ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਜੀਵਨ ਵਿਚ ਆਪਣੀ ਸਿੱਖ ਸੰਗਤ ਨੂੰ ਦੋ ਮਹਾਨ ਬਖ਼ਸ਼ਿਸ਼ਾਂ ਕਰ ਗਏ ਹਨ: ਇੱਕ ਤਾਂ ਗੁਰੂ ਕੀਆਂ ਸਿੱਖ ਸੰਗਤਾਂ ਨੂੰ ਖੰਡੇ-ਬਾਟੇ ਦੀ ਅਮੁੱਲੀ ਦਾਤ ਦੇ ਕੇ ਗਏ ਹਨ, ਦੂਜੀ ਸਿੱਖ ਸੰਗਤਾਂ ਨੂੰ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੱਬੀ ਪਿਆਰਾ ਸਰੂਪ ਦੇ ਕੇ ਸਦਾ-ਸਦਾ ਲਈ ਤੁਹਾਨੂੰ "ਸ਼ਬਦ-ਗੁਰੂ" ਨਾਲ ਜੋੜ ਕੇ ਗਏ ਹਨ। ਪਿਆਰਿਓ, ਧੰਨ-ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਚਨਾਂ 'ਤੇ ਮੋਹਰ ਲਾ ਰਹੇ ਹਨ ਕਿ ਜੇ ਕਿਸੇ ਸਿੱਖ ਨੇ ਸਿੱਖ ਹੋ ਕੇ ਦਾਹੜੀ ਕੇਸ ਵੀ ਰੱਖੇ ਹੋਣ, ਪਾਵਨ ਗੁਰਬਾਣੀ ਦਾ ਪਾਠ ਵੀ ਬਹੁਤ ਕਰਦਾ ਹੋਵੇ, ਕੋਈ ਨਸ਼ਾ ਵਗੈਰਾ ਵੀ ਨਾ ਕਰਦਾ ਹੋਵੇ ਆਦਿ ਪਰ ਉਸ ਸਿੱਖ ਨੇ ਸਤਿਗੁਰੂ ਜੀ ਦੇ ਖੰਡੇ-ਬਾਟੇ ਦਾ ਅੰਮ੍ਰਿਤ ਨਾ ਛਕਿਆ ਹੋਵੇ ਤਾਂ ਸਤਿਗੁਰੂ ਜੀ ਨੇ ਉਸ ਸਿੱਖ ਨੂੰ ਭੇਖੀ ਸਿੱਖ ਦਾ ਵੱਡਾ ਦਰਜਾ ਦਿੱਤਾ ਹੈ, ਕਿਉਂਕਿ ਜੇ ਉਸ ਸਿੱਖ ਨੇ ਖੰਡੇ-ਬਾਟੇ ਦਾ ਅੰਮ੍ਰਿਤ ਨਹੀਂ ਛਕਿਆ ਹੁੰਦਾ ਤਾਂ ਦੁਨੀਆ ਨੂੰ ਕੀ ਪਤਾ ਲੱਗਦਾ ਹੈ ਕਿ ਇਹ ਸਰਸੇ ਵਾਲੇ, ਨਿਰੰਕਾਰੀ, ਆਸ਼ੂਤੋਸ਼ ਜਾਂ ਹੋਰ ਕਿਸੇ ਭੇਖੀ ਗੁਰੂ ਦਾ ਚੇਲਾ ਹੈ? ਇਸ ਕਰਕੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਕਕਾਰਾਂ ਦੀ ਰਹਿਤ ਨੂੰ ਹੀ ਸਿੱਖੀ ਦੀ ਆਪਣੀ ਪਵਿੱਤਰ ਨਿਸ਼ਾਨੀ ਦੱਸੀ ਹੈ ਅਤੇ ਸਾਨੂੰ ਸਭ ਸੰਗਤਾਂ ਨੂੰ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਵਨ 'ਸ਼ਬਦ ਗੁਰੂ' ਦੇ ਸਦਾ-ਸਦਾ ਲਈ ਲੜ ਲਾ ਕੇ ਗਏ ਹਨ। ਸੋ ਪਿਆਰਿਓ, ਆਓ, ਅੱਜ ਅਸੀਂ ਹੋਰ ਦੀਆਂ ਹੋਰ ਬੇਤੁਕੀਆਂ ਗੱਲਾਂ ਛੱਡ ਕੇ ਸਤਿਗੁਰੂ ਜੀ ਦੇ ਹੁਕਮਾਂ ਨੂੰ ਮਨ ਕੇ ਛੇਤੀ ਤੋਂ ਛੇਤੀ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਪੁੱਤਰ ਬਣ ਜਾਈਏ। ਪਿਆਰਿਓ, ਇਹ ਵੀ ਸਿੱਖ ਯਾਦ ਰੱਖੇ ਕਿ ਕਿਤੇ ਆਪਾਂ ਐਸ ਜਨਮ ਵਿਚ ਨਿਗੁਰੇ ਹੀ ਸੰਸਾਰ ਤੋਂ ਨਾ ਚਲੇ ਜਾਈਏ, ਕਿਉਂਕਿ ਸਤਿਗੁਰੂ ਜੀ ਨੇ ਫੁਰਮਾਨ ਕੀਤਾ ਹੈ ਕਿ *(ਨਿਗੁਰੇ ਕਾ ਹੈ ਨਾਉ ਬੁਰਾ)*

*ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ॥*
*ਨਾਨਕ ਸੋ ਧਣੀ ਕਿਉ ਵਿਸਾਰਿਓ ਉਧਰਹਿ ਜਿਸ ਦੈ ਨਾਇ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੦੬)*

ਪਿਆਰਿਆ, ਉਹ ਵੇਲਾ ਯਾਦ ਕਰ ਜਦੋਂ ਤੂੰ ਆਪਣੀ ਮਾਂ ਦੇ ਗਰਭ (ਢਿੱਡ) ਵਿਚ ਤਕਰੀਬਨ ੯-੧੦ ਮਹੀਨੇ ਰਿਹਾ ਸੀ, ਉਸ ਵੇਲੇ ਗਰਭ ਵਿਚ ੯-੧੦ ਮਹੀਨੇ ਤਕਰੀਬਨ ਤੇਰੇ ਪੈਰ ਉੱਪਰ ਨੂੰ ਅਤੇ ਤੇਰਾ ਸਿਰ ਥੱਲੇ ਨੂੰ ਤੂੰ ਪੁਠਾ ਲਮਕਿਆ ਰਿਹਾ ਸੀ

ਯਾਦ ਰੱਖ, ਉਸ ਵਕਤ ਤੇਰੇ ਸਿਰ ਦੇ ਇੱਕ ਪਾਸੇ ਵਿਸਟਾ ਦਾ ਗੰਦ ਸੀ ਅਤੇ ਸਿਰ ਦੇ ਦੂਜੇ ਪਾਸੇ ਮਲ-ਮੂਤਰ ਸੀ ,ਦੱਸ ਤੂੰ ਕਿਤਨੇ (ਕੁਹਥੜੇ) ਭਿਆਨਕ ਥਾਂ 'ਤੇ ੯-੧੦ ਮਹੀਨੇ ਪੁੱਠਾ ਲਮਕਿਆ ਰਿਹਾ, ਤੂੰ ਹੁਣ ਸਮਝ ਕਰ ਲੈ ਅਤੇ ਵਾਹਿਗੁਰੂ ਜੀ ਦਾ ਨਾਮ ਜਪ ਕੇ ਆਪਣਾ ਜੀਵਨ ਸੁਧਾਰ ਲੈ ਅਤੇ ਸਦਾ- ਸਦਾ ਲਈ ਸਤਿਗੁਰੂ ਜੀ ਦੀਆਂ ਪਿਆਰੀਆਂ ਖੁਸ਼ੀਆਂ ਪ੍ਰਾਪਤ ਕਰ ਲੈ। ਪਰ ਜੇ ਤੂੰ ੮੪ ਲੱਖ ਦੀਆਂ ਭਿਆਨਕ ਜੂਨਾਂ ਤੋਂ ਬਚਣਾ ਹੈ ਤਾਂ ਆਪਣੇ ਪਿਆਰੇ ਸਤਿਗੁਰੂ ਜੀ ਦੇ ਪਹਿਰੇ ਹੇਠ ਆ ਕੇ ਸੇਵਾ, ਸਿਮਰਨ ਕਰਦਾ ਹੋਇਆ ਇਨ੍ਹਾਂ ੮੪ ਲੱਖ ਜੂਨਾਂ ਵਿਚ ਜਾਣ ਤੋਂ ਬਚ ਜਾ।

*ਕਹੁ ਕਬੀਰ ਅਖਰ ਦੁਇ ਭਾਖਿ॥ ਹੋਇਗਾ ਖਸਮੁ ਤ ਲੇਇਗਾ ਰਾਖਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੨੯)*

ਸਾਡੇ ਪਿਆਰੇ ਮਹਾਨ ਮਹਾਂ-ਪੁਰਸ਼ ਭਗਤ ਕਬੀਰ ਜੀ ਨੇ ਇਹ ਪਾਵਨ ਗੁਰਬਾਣੀ ਵਿਚ ਉਪਦੇਸ਼ ਦਿੱਤਾ ਹੈ ਕਿ ਪਿਆਰਿਆ, ਤੂੰ ਹਰ ਵਕਤ ਦੋ ਅੱਖਰ ਰਾਮ, (ਜੋ ਪਰਮਾਤਮਾ ਸਾਰਿਆਂ ਵਿਚ ਰਮਿਆ ਹੋਇਆ ਹੈ) ਅੱਲ੍ਹਾ, ਵਾਹਿਗੁਰੂ ਜੀ ਦਾ ਨਾਮ ਆਪਣੀ ਜ਼ੁਬਾਨ ਨਾਲ ਸਦਾ ਲਈ ਜਪੀ ਹੀ ਜਾਇਆ ਕਰ ਕਿਉਂਕਿ ਯਾਦ ਰੱਖ, ਵਾਹਿਗੁਰੂ, ਅੱਲ੍ਹਾ, ਰਾਮ ਕਹਿਣ ਲੱਗਿਆਂ ਨਾ ਕੋਈ ਤੇਰਾ ਪੈਸਾ ਲੱਗੇ, ਨਾ ਹੀ ਤੇਰਾ ਕੋਈ ਜ਼ੋਰ ਲੱਗੇ ਪਰ ਤੁਸੀਂ ਕਰ ਕੇ ਵੇਖਿਓ, ਰੱਬ ਜੋ ਹਰ ਵਕਤ ਤੇਰੇ ਅੰਗ-ਸੰਗ ਹੀ ਹੈ, ਉਹ ਰੱਬ ਤੈਨੂੰ ਆਪਣੀ ਗਲਵੱਕੜੀ ਵਿਚ ਹੀ ਰੱਖੇਗਾ, ਸੋ ਭਗਤ ਕਬੀਰ ਜੀ ਨੇ ਆਪਣੀ ਪਵਿੱਤਰ ਬਾਣੀ ਵਿਚ ਰੱਬ ਨੂੰ ਜੱਪਣ ਦਾ ਇਹ ਇੱਕ ਬਹੁਤ ਹੀ ਸੁਖਾਲਾ ਰਾਹ ਦੱਸ ਦਿੱਤਾ ਹੈ।

*ਨਾਨਕ ਭੁਸਰੀਆ ਪਕਾਈਆ ਪਾਈਆ ਥਾਲੈ ਮਾਹਿ॥*
*ਜਿਨੀ ਗੁਰੂ ਮਨਾਇਆ ਰਜਿ ਰਜਿ ਸੇਈ ਖਾਹਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੯੬)*

ਸਾਰੀ ਸੰਗਤ ਨੂੰ ਨਿਮਰਤਾ ਸਹਿਤ ਦੋਵੇਂ ਹੱਥ ਜੋੜ ਕੇ ਬੇਨਤੀ ਹੈ ਕਿ ਪਿਆਰਿਓ, ਤੁਸੀਂ ਆਪਣੇ ਘਰ ਜਾਂ ਜਿੱਥੇ ਕਿਤੇ ਵੀ ਹਰ ਰੋਜ਼ ਪਰਸ਼ਾਦਾ ਛਕਣ ਲੱਗਿਆ ਕਰੋ ਤਾਂ ਥਾਲੀ ਜਾਂ ਪਲੇਟ ਆਦਿ ਵਿਚ ਆਪਣੇ ਸਾਹਮਣੇ ਪਰਸ਼ਾਦਾ ਰੱਖ ਕੇ, ਰੱਬ ਅੱਗੇ ਬਹੁਤ ਹੀ ਪਿਆਰ ਨਾਲ ਦੋਵੇਂ ਹੱਥ ਜੋੜ ਕੇ ਅਰਦਾਸ ਕਰਿਆ ਕਰੋ ਕਿ ਰੱਬਾ, ਤੁਸੀਂ ਧੰਨ ਹੋ ਜੋ ਮੈਨੂੰ ਇਸ ਸੰਸਾਰ ਵਿਚ ਰਹਿੰਦਿਆਂ ਨੂੰ ਵਧੀਆ ਰਿਜਕ ਦਿੱਤਾ ਹੈ ਅਤੇ ਵਾਧੂ ਸੁਖ ਦਿੱਤਾ ਹੈ। ਸੱਚੇ ਪਾਤਸ਼ਾਹ ਜੀ, ਮੈਂ ਤੁਹਾਡਾ ਆਪਣੇ ਮੁਖ ਵਿੱਚੋਂ ਕਿਹੜੇ ਸ਼ਬਦਾਂ ਨਾਲ ਧੰਨਵਾਦ ਕਰਾਂ, ਸੋ ਜਦੋਂ ਤੁਸੀਂ ਹਰ ਰੋਜ਼ ਪਰਸ਼ਾਦਾ ਛਕਣ ਵੇਲੇ ਰੱਬ ਦਾ ਹਰ ਵੇਲੇ ਦਿੱਲੋਂ ਧੰਨਵਾਦ ਕਰਨ ਲੱਗ ਜਾਉਗੇ ਤਾਂ ਯਾਦ ਰੱਖਿਓ, ਰੱਬ ਰਿਜ਼ਕ ਨੂੰ ਆਪਣਾ ਹੁਕਮ ਕਰ ਦਿੰਦਾ ਹੈ ਕਿ ਐ ਰਿਜ਼ਕ, ਤੂੰ ਇਸ ਮੇਰੇ ਪਿਆਰੇ ਸਿੱਖ ਦੇ ਕਾਰੋਬਾਰਾਂ, ਨੌਕਰੀ, ਦੁਕਾਨ, ਵਾਹੀ ਆਦਿ ਵਿਚ ਵੱਡੀਆਂ ਬਰਕਤਾਂ ਪਾ ਕੇ ਇਨ੍ਹਾਂ ਨੂੰ ਸਦਾ-ਸਦਾ ਲਈ ਨਿਹਾਲ ਕਰ ਦੇ।

*ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*

*ਸੱਤ੍ਰ ਅਨੇਕ ਚਲਾਵਤ ਘਾਵ ਤਊ ਤਨ ਏਕੁ ਨ ਲਾਗਨ ਪਾਵੈ॥ (ਅਕਾਲ ਉਸਤਤ)*

ਸਤਿਗੁਰੂ ਜੀ ਨੇ ਆਪਣੇ ਪਿਆਰੇ ਬਚਨ ਰਾਹੀਂ ਸਾਨੂੰ ਵੱਡਾ ਹੁਕਮ ਭੇਜਿਆ ਹੈ ਕਿ ਪਿਆਰਿਓ, ਮੈਂ ਕਿਸੇ ਵੀ ਧਰਮ ਦੇ ਲੋਕ ਜੋ ਮੈਨੂੰ ਦਿਲੋਂ ਪਿਆਰ ਕਰਦੇ ਹਨ, ਉਨ੍ਹਾਂ ਪਿਆਰਿਆਂ ਦੇ ਅੰਦਰ ਮੈਂ ਆਪ ਹੀ ਕੋਈ ਰੋਗ ਆਦਿ ਨਹੀਂ ਲੱਗਣ ਦਿੰਦਾ ਯਾਨੀ ਕਿ ਮੈ ਉਨ੍ਹਾਂ ਦੇ ਸਰੀਰ ਦੀ ਆਪ ਹੀ ਰਾਖੀ ਕਰਦਾ ਹਾਂ, ਨਾ ਹੀ ਮੈਂ ਆਪਣੇ ਪਿਆਰਿਆਂ ਨੂੰ ਕੋਈ ਚਿੰਤਾ ਜਾਂ ਗਮ ਲੱਗਣ ਦਿੰਦਾ ਹਾਂ ਅਤੇ ਨਾ ਹੀ ਮੈਂ ਆਪਣੇ ਪਿਆਰਿਆਂ ਨੂੰ ਕਿਤੇ ਜਲ ਆਦਿ ਵਿਚ ਡੁੱਬਣ ਦਿੰਦਾ ਹਾਂ। ਸੋ ਕੁਝ ਸਿਰ ਫਿਰੇ ਲੋਕ ਜਾਂ ਮਨਮੁਖ ਮੇਰੇ ਪਿਆਰਿਆਂ ਨੂੰ ਭਾਵੇਂ ਤੀਰ ਜਾਂ ਹੋਰ ਹਥਿਆਰਾਂ ਨਾਲ ਹਮਲਾ ਕਰ ਕੇ ਮਾਰਨ ਦਾ ਜਤਨ ਕਰੇ, ਪਰ ਮੇਰਾ ਵੱਡਾ ਬਿਰਧ ਹੈ ਕਿ ਮੈਂ ਆਪਣੇ ਪਿਆਰੇ ਦੇ ਸਰੀਰ ਨੂੰ ਇੱਕ ਵੀ ਤੀਰ ਨਹੀਂ ਲੱਗਣ ਦਿੰਦਾ। ਸੋ ਪਿਆਰਿਓ, ਮੈਂ ਆਪਣੇ ਪਿਆਰਿਆਂ ਦੀ ਲੋਕ ਅਤੇ ਪ੍ਰਲੋਕ ਵਿਚ ਆਪ ਹੀ ਪੂਰੀ ਰਾਖੀ ਕਰਦਾ ਹਾਂ, ਮੈਂ ਆਪਣੇ ਪਿਆਰਿਆਂ ਦੀ ਇਹ ਵੱਡੀ ਜ਼ਿੰਮੇਵਾਰੀ ਆਪ ਲਈ ਹੋਈ ਹੈ।

*ਪਰ ਕਾ ਬੁਰਾ ਨ ਰਾਖਹੁ ਚੀਤ॥ ਤੁਮ ਕਉ ਦੁਖੁ ਨਹੀ ਭਾਈ ਮੀਤ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੮੬)*

ਪਿਆਰਿਆ, ਪਾਵਨ ਗੁਰਬਾਣੀ ਦੇ ਇਸ ਪਾਵਨ ਸ਼ਬਦ ਤੇ ਆਪਣੇ ਜੀਵਨ ਵਿਚ ਅਮਲ ਕਰ ਕੇ ਤਾਂ ਵੇਖ, ਤੁਸੀਂ ਕਦੇ ਵੀ ਆਪਣੇ ਸਮਾਜ ਵਿਚ ਰਹਿੰਦੇ ਹੋਏ ਕਿਸੇ ਦਾ ਵੀ ਆਪਣੇ ਅੰਦਰ ਬਿਲਕੁਲ ਹੀ ਬੁਰਾ ਨਾ ਸੋਚਿਓ, ਕਿਉਂਕਿ ਕਿਸੇ ਦਾ ਪਹਿਲਾਂ ਬੁਰਾ ਸੋਚ ਕੇ ਮਨੁੱਖ ਆਪਣੇ ਅੰਦਰ ਪਾਪ ਦਾ ਬੀਜ ਬੋਅ ਲੈਂਦਾ ਹੈ ਅਤੇ ਬਾਅਦ ਵਿਚ ਉਸ ਦਾ ਬੁਰਾ ਕਰ ਕੇ ਉਸ 'ਤੇ ਅਮਲ ਵੀ ਕਰ ਜਾਂਦਾ ਹੈ, ਸੋ ਪਿਆਰਿਆ, ਤੂੰ ਕਦੇ ਵੀ ਆਪਣੇ ਅੰਦਰ ਕਿਸੇ ਦਾ ਬੁਰਾ ਨਾ ਸੋਚੀਂ, ਜੇ ਤੈਨੂੰ ਸਮਾਜ ਜਾਂ ਦੁਨੀਆ ਵਿਚ ਕੋਈ ਦੁੱਖ ਲੱਗ ਜਾਵੇ ਤਾਂ ਮਹਾਨ ਸਤਿਗੁਰੂ ਜੀ ਨੇ ਇਸ ਬਾਰੇ ਆਪਣੀ ਵੱਡੀ ਗਰੰਟੀ ਲਈ ਹੋਈ ਹੈ।

*ਤੂ ਮੇਰੀ ਓਟ ਬਲ ਬੁਧਿ ਧਨੁ ਤੁਮ ਹੀ ਤੁਮਹਿ ਮੇਰੈ ਪਰਵਾਰੈ॥*
*ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੨੦)*

ਸਾਡੇ ਪਿਆਰੇ ਸਤਿਗੁਰੂ ਜੀ ਆਪਣੇ ਪਵਿੱਤਰ 'ਸ਼ਬਦ ਗੁਰੂ' ਰਾਹੀਂ ਆਪਣੇ ਸਿੱਖ ਨੂੰ ਕਿਵੇਂ ਵੱਡਾ ਦਿਲਾਸਾ ਦੇ ਰਹੇ ਹਨ ਕਿ ਯਾਦ ਰੱਖੋ, ਜਿਹੜਾ ਵੀ ਪਿਆਰਾ ਸਿੱਖ ਇਸ ਪਿਆਰੇ ਗੁਰੂ ਸ਼ਬਦ ਮੁਤਾਬਿਕ ਰੱਬ ਅੱਗੇ ਹਰ ਵਕਤ ਇਹ ਅਰਦਾਸ ਕਰਦਾ ਹੈ ਕਿ ਰੱਬਾ, ਤੂੰ ਹੀ ਮੇਰਾ ਓਟ ਅਤੇ ਆਸਰਾ ਹੈਂ, ਮੇਰੇ ਹਿਰਦੇ ਅੰਦਰ ਅਤੇ ਸਰੀਰ ਵਿਚ ਤੁਹਾਡਾ ਹੀ ਬਲ ਹੈ, ਮੇਰੀ ਬੁੱਧੀ ਅਤੇ ਅਕਲ ਵਿਚ ਵੀ ਤੇਰਾ ਹੀ ਬਲ ਹੈ, ਮੇਰੀ ਸਭ ਧਨ ਦੌਲਤ ਵੀ ਤੁਹਾਡੇ ਵੱਲੋਂ ਦਿੱਤੀ ਹੋਈ ਹੈ ਅਤੇ ਵੱਡੀ ਗੱਲ ਹੈ ਕਿ ਸੰਸਾਰ ਵਿਚ ਮੇਰੇ ਸਾਰੇ ਰਿਸ਼ਤੇ

ਤੁਹਾਡੇ ਨਾਲ ਹੀ ਹਨ, ਤੂੰ ਹੀ ਮੇਰਾ ਪਿਤਾ ਅਤੇ ਮਾਤਾ ਹੈਂ, ਤੂੰ ਹੀ ਮੇਰਾ ਰਿਸ਼ਤੇਦਾਰ ਅਤੇ ਭੈਣ-ਭਰਾ ਹੈਂ ਭਾਵ ਕਿ ਰੱਬਾ, ਮੇਰਾ ਹਰ ਰਿਸ਼ਤਾ ਤੇਰੇ ਨਾਲ ਤੇਰੀ ਜੋਤ ਕਰਕੇ ਹੀ ਹੈ ਅਤੇ ਮੇਰੇ ਸੰਸਾਰ ਵਿਚ ਰਹਿੰਦਿਆਂ ਹੋਇਆਂ ਜੋ ਵੀ ਤੁਸੀਂ ਮੇਰੇ ਲਈ ਕਰਦੇ ਹੋ, ਉਸ ਵਿਚ ਤੁਸੀਂ ਮੇਰਾ ਹੀ ਭਲਾ ਕਰਦੇ ਹੋ। ਇਸੇ ਕਰਕੇ ਵਾਹਿਗੁਰੂ ਪਿਤਾ ਜੀ, ਤੁਹਾਡੇ ਵੱਡੇ ਹੁਕਮ ਮੁਤਾਬਿਕ ਹੀ ਮੈਂ ਤੁਹਾਡੇ ਪਵਿੱਤਰ ਚਰਨਾਂ ਨਾਲ ਜੁੜਿਆ ਹੋਇਆ ਹਾਂ। ■

# ਮਈ ਅਤੇ ਜੂਨ ੨੦੨੬ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

| | |
|---|---|
| ਸ੍ਰੀ ਕੀਰਤਪੁਰ ਸਾਹਿਬ ਦਾ ਸਥਾਪਨਾ ਦਿਵਸ (੪੦੦ ਸਾਲਾ) | ੧੮ ਵੈਸਾਖ ੦੧ ਮਈ |
| ਸ਼ਹੀਦੀ ਜੋੜ-ਮੇਲਾ ਸ੍ਰੀ ਮੁਕਤਸਰ ਸਾਹਿਬ | ੨੧ ਵੈਸਾਖ ੦੪ ਮਈ |
| ਜਨਮ ਦਿਹਾੜਾ ਸ. ਜੱਸਾ ਸਿੰਘ ਜੀ ਰਾਮਗੜ੍ਹੀਆ | ੨੨ ਵੈਸਾਖ ੦੫ ਮਈ |
| ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫ਼ਤਿਹ ਦਿਵਸ | ੨੯ ਵੈਸਾਖ ੧੨ ਮਈ |
| ਛੋਟਾ ਘੱਲੂਘਾਰਾ ਕਾਹਨੂੰਵਾਨ (ਗੁਰਦਾਸਪੁਰ) | ੦੩ ਜੇਠ ੧੭ ਮਈ |
| ਜਨਮ ਦਿਹਾੜਾ ਸ. ਜੱਸਾ ਸਿੰਘ ਜੀ ਆਹਲੂਵਾਲੀਆ | ੦੫ ਜੇਠ ੧੯ ਮਈ |
| ਸ਼ਹੀਦੀ ਸਾਕਾ ਪਾਉਂਟਾ ਸਾਹਿਬ | ੦੮ ਜੇਠ ੨੨ ਮਈ |
| ਜਨਮ ਦਿਹਾੜਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ | ੧੯ ਜੇਠ ੦੨ ਜੂਨ |
| ਘੱਲੂਘਾਰਾ ਸ੍ਰੀ ਅਕਾਲ ਤਖ਼ਤ ਸਾਹਿਬ (੧੯੮੪) | ੨੧ ਜੇਠ ੦੪ ਜੂਨ |
| ਸ਼ਹੀਦੀ ਦਿਹਾੜਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਵਾਲੇ ਤੇ ਭਾਈ ਅਮਰੀਕ ਸਿੰਘ ਜੀ | ੨੩ ਜੇਠ ੦੬ ਜੂਨ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | ੨੫ ਜੇਠ ੦੮ ਜੂਨ |
| ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | ੦੪ ਹਾੜ ੧੮ ਜੂਨ |
| ਸ਼ਹੀਦੀ ਦਿਹਾੜਾ ਬਾਬਾ ਬੰਦਾ ਸਿੰਘ ਜੀ ਬਹਾਦਰ | ੧੧ ਹਾੜ ੨੫ ਜੂਨ |
| ਬਰਸੀ ਮਹਾਰਾਜਾ ਰਣਜੀਤ ਸਿੰਘ | ੧੫ ਹਾੜ ੨੯ ਜੂਨ |
| ਜੋੜ-ਮੇਲਾ ਗੁਰਦੁਆਰਾ ਸ੍ਰੀ ਰੀਠਾ ਸਾਹਿਬ | ੧੫ ਹਾੜ ੨੯ ਜੂਨ |
| ਜਨਮ ਦਿਹਾੜਾ ਭਗਤ ਕਬੀਰ ਜੀ | ੧੫ ਹਾੜ ੨੯ ਜੂਨ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | ੧੬ ਹਾੜ ੩੦ ਜੂਨ |
| **ਪੂਰਨਮਾਸੀ** | ੧੮ ਵੈਸਾਖ ੦੧ ਮਈ ਤੇ ੧੭ ਜੇਠ ੩੧ ਮਈ |
| **ਸੰਗਰਾਂਦ** | ੦੧ ਜੇਠ ੧੫ ਮਈ |
| **ਮੱਸਿਆ** | ੦੨ ਜੇਠ ੧੬ ਮਈ |
| **ਪੂਰਨਮਾਸੀ** | ੧੫ ਹਾੜ ੨੯ ਜੂਨ |
| **ਸੰਗਰਾਂਦ** | ੦੧ ਹਾੜ ੧੫ ਜੂਨ |
| **ਮੱਸਿਆ** | ੦੧ ਹਾੜ ੧੫ ਜੂਨ |

# ਸਿੱਖ ਸਾਹਿਤ ਦੇ ਰੂ-ਬ-ਰੂ (੯)

*-ਡਾ. ਰਣਜੀਤ ਕੌਰ ਪੰਨਵਾਂ*

| | | |
|---|---|---|
| ਪੁਸਤਕ | : | ਗਿਆਰਾਂ ਭੱਟ ਸਾਹਿਬਾਨ |
| ਲੇਖਕ | : | ਸ. ਸੁਖਦੇਵ ਸਿੰਘ ਸ਼ਾਂਤ |
| ਪ੍ਰਕਾਸ਼ਕ | : | ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ |
| ਪ੍ਰਕਾਸ਼ਨ ਸਾਲ | : | ੨੦੨੫ |
| ਪੰਨੇ | : | ੧੯੮ |
| ਕੀਮਤ | : | ੩੫੦ ਰੁਪਏ (ਪਹਿਲੀ ਵਾਰ) |

ਭੱਟ ਸਾਹਿਬਾਨ ਬਾਰੇ ਸ. ਸੁਖਦੇਵ ਸਿੰਘ ਸ਼ਾਂਤ (੨੩-੦੯-੧੯੫੨) ਦੁਆਰਾ ਰਚਿਤ ਇਹ ਪੁਸਤਕ ਬੜੀ ਖ਼ਾਸ ਹੈ ਕਿਉਂਕਿ ਭੱਟ ਸਾਹਿਬਾਨ ਦੇ ਜੀਵਨ ਆਦਿ ਬਾਰੇ ਪਾਠ ਸਮੱਗਰੀ ਬਹੁਤ ਘੱਟ ਉਪਲਬਧ ਹੁੰਦੀ ਹੈ। ਸ. ਸੁਖਦੇਵ ਸਿੰਘ ਜੀ ਦੀ ਵਿੱਦਿਅਕ ਯੋਗਤਾ ਗਿਆਨੀ, ਹਾਇਰ ਡਿਪਲੋਮਾ ਇਨ ਕੋਆਪ੍ਰੇਸ਼ਨ ਅਤੇ ਡਬਲ ਐੱਮ. ਏ. (ਧਾਰਮਿਕ ਅਧਿਐਨ ਅਤੇ ਅੰਗਰੇਜ਼ੀ) ਹੈ।ਆਪ ਜੀ ਪੰਜਾਬ ਸਰਕਾਰ ਦੇ ਸਹਿਕਾਰਤਾ ਵਿਭਾਗ ਵਿੱਚੋਂ ਸੰਨ ੨੦੧੦ ਵਿਚ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਵਜੋਂ ਸੇਵਾ-ਮੁਕਤ ਹੋਏ। ਆਪ ਦੁਆਰਾ ਸਿੱਖ ਧਰਮ, ਸਿਧਾਂਤ, ਪੰਜਾਬੀ ਸਾਹਿਤ 'ਤੇ ਪੰਜਾਬੀ ਭਾਸ਼ਾ ਵਿਚ ਲਗਪਗ ੧੫ (ਪੰਦਰ੍ਹਾਂ) ਪੁਸਤਕਾਂ ਅਤੇ ਟ੍ਰੈਕਟ ਆਦਿ ਲਿਖੇ ਗਏ ਹਨ। ਆਪ ਜੀ ਰਚਿਤ ਟ੍ਰੈਕਟ '੧੬੯੯ ਦੀ ਵਿਸਾਖੀ' ਗੁਜਰਾਤੀ ਭਾਸ਼ਾ 'ਚ ਅਨੁਵਾਦ ਹੋ ਚੁੱਕਾ ਹੈ। ਲੇਖਕ ਦਾ ਲਿਖਣ-ਖੇਤਰ ਮੁੱਖ-ਰੂਪ ਵਿਚ ਗੁਰਮਤਿ ਸਾਹਿਤ, ਬਾਲ-ਸਾਹਿਤ, ਕਹਾਣੀ/ਮਿੰਨੀ ਕਹਾਣੀ ਅਤੇ ਕਵਿਤਾ ਨਾਲ ਸੰਬੰਧਿਤ ਹੈ।

ਬਹੁਪੱਖੀ ਲੇਖਕ ਹੋਣ ਨਾਤੇ ਆਪ ਜੀ ਨੇ ਕਈ ਮਾਣ/ਸਨਮਾਨ ਪ੍ਰਾਪਤ ਕੀਤੇ ਹਨ। 'ਗਾਓ ਬੱਚਿਓ ਗਾਓ' ਅਤੇ 'ਪਿੰਕੀ ਦੀ ਪੈਨਸਿਲ' ਕਿਤਾਬਾਂ ਨੂੰ ਸੰਬੰਧਿਤ ਸਾਲਾਂ ਦੀਆਂ ਬਾਲ-ਸਾਹਿਤ ਦੀਆਂ ਸਰਵੋਤਮ ਪੁਸਤਕਾਂ ਵਜੋਂ ਭਾਸ਼ਾ ਵਿਭਾਗ, ਪੰਜਾਬ ਸਰਕਾਰ ਵੱਲੋਂ 'ਸ੍ਰੀ ਗੁਰੂ ਹਰਿਕ੍ਰਿਸ਼ਨ ਪੁਰਸਕਾਰ' ਮਿਲਿਆ। ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ 'ਸ੍ਰੀ ਮਤੀ ਰਾਜਿੰਦਰ ਕੌਰ ਵੰਤਾ ਯਾਦਗਾਰੀ ਪੁਰਸਕਾਰ' ਅਤੇ ਕੇਂਦਰੀ ਪੰਜਾਬੀ ਮਿੰਨੀ ਕਹਾਣੀ ਮੰਚ ਵੱਲੋਂ 'ਮਾਨ ਕੌਰ ਯਾਦਗਾਰੀ ਮਿੰਨੀ ਕਹਾਣੀ ਪੁਰਸਕਾਰ' ਪ੍ਰਾਪਤ ਹੋਇਆ। ਡਾ. ਗੰਡਾ ਸਿੰਘ ਮੈਮੋਰੀਅਲ

** ਇੰਚਾਰਜ ਅਤੇ ਐਸੋਸੀਏਟ ਸੰਪਾਦਕ, ਗੁਰਦੁਆਰਾ ਗਜ਼ਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੮੧੪੮-੫੧੫੧੩*

ਟਰੱਸਟ, ਪਟਿਆਲਾ ਵੱਲੋਂ ਗੁਰਮਤਿ ਦੇ ਵਿਸ਼ਿਆਂ 'ਤੇ ਵਧੀਆ ਲਿਖਣ ਕਰਕੇ ਚਾਰ ਇਨਾਮ ਮਿਲੇ। ਲੇਖਕ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦਾ ਜੀਵਨ-ਮੈਂਬਰ, ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਦਾ ਸਰਪ੍ਰਸਤ ਅਤੇ ਕੇਂਦਰੀ ਪੰਜਾਬੀ ਮਿੰਨੀ ਕਹਾਣੀ ਲੇਖਕ ਮੰਚ, ਪਟਿਆਲਾ ਦੇ ਜਨਰਲ ਸਕੱਤਰ ਹਨ।

ਪੁਸਤਕ ਵਿਚ ਲੇਖਕ ਨੇ ਭੱਟ ਸਾਹਿਬਾਨ ਦੇ ਜੀਵਨ ਨੂੰ ਪੂਰਵ ਖੋਜ ਤੋਂ ਪ੍ਰਾਪਤ ਪੇਤਲੀਆਂ ਟੋਹਾਂ ਦੇ ਆਸਰੇ ਦਰਸਾਉਣ ਦਾ ਯਤਨ ਕੀਤਾ ਹੈ। ਲੇਖਕ ਨੇ 'ਪ੍ਰਭੂ ਸਰੂਪ' ਅਤੇ 'ਗੁਰੂ ਸਰੂਪ' ਨੂੰ ਆਧਾਰ ਬਣਾ ਕੇ ਜੋ ਭੱਟ ਸਾਹਿਬਾਨ ਦੁਆਰਾ ਉਚਾਰੀ ਬਾਣੀ ਦੀ ਬਹੁਪੱਖੀ ਚਰਚਾ ਕੀਤੀ ਹੈ, ਉਹ ਬਹੁਤ ਭਾਵਪੂਰਿਤ ਅਤੇ ਕਈ ਭੁਲੇਖਿਆਂ ਨੂੰ ਵੀ ਦੂਰ ਕਰਦੀ ਹੈ। ਪੁਸਤਕ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ। **ਅਧਿਆਇ ਪਹਿਲਾ–** ਭੱਟ ਸਾਹਿਬਾਨ ਦੀ ਗਿਣਤੀ, ਉਨ੍ਹਾਂ ਦੇ ਮੁਖੀ ਅਤੇ ਸਵਈਏ ਉਚਾਰਨ ਦੇ ਸਮੇਂ-ਸਥਾਨ ਬਾਰੇ **੧.** ਸਵਈਏ ਉਚਾਰਨ ਵਾਲੇ ਭੱਟ ਸਾਹਿਬਾਨ ਦੀ ਗਿਣਤੀ ਬਾਰੇ, **੨.** ਗਿਆਰਾਂ ਭੱਟ ਸਾਹਿਬਾਨ ਦੇ ਮੁਖੀ ਬਾਰੇ, **੩.** ਗਿਆਰਾਂ ਭੱਟ ਸਾਹਿਬਾਨ ਦੁਆਰਾ ਸਵਈਏ ਉਚਾਰਨ ਦੇ ਸਮੇਂ-ਸਥਾਨ ਬਾਰੇ, ਸਾਰੰਸ਼। **ਅਧਿਆਇ ਦੂਜਾ–** ਗਿਆਰਾਂ ਭੱਟ ਸਾਹਿਬਾਨ ਦੇ ਜੀਵਨ ਸੰਬੰਧੀ, -ਭੱਟ ਸਾਹਿਬਾਨ ਦੇ ਪਿਛੋਕੜ ਬਾਰੇ ਸੰਖੇਪ ਵੇਰਵਾ- **੧.** ਭੱਟ ਭਿਖਾ ਜੀ **੨.** ਭੱਟ ਮਥੁਰਾ ਜੀ **੩.** ਭੱਟ ਜਾਲਪ ਜੀ **੪.** ਭੱਟ ਕੀਰਤ ਜੀ **੫.** ਭੱਟ ਸਲ੍ਯ ਜੀ **੬.** ਭੱਟ ਭਲ੍ਯ ਜੀ **੭.** ਭੱਟ ਬਲ੍ਯ ਜੀ **੮.** ਭੱਟ ਹਰਿਬੰਸ ਜੀ **੯.** ਭੱਟ ਕਲਸਹਾਰ ਜੀ **੧੦.** ਭੱਟ ਗਯੰਦ ਜੀ **੧੧.** ਭੱਟ ਨਲ੍ਯ ਜੀ, **ਅਧਿਆਇ ਤੀਜਾ–** ਗਿਆਰਾਂ ਭੱਟ ਸਾਹਿਬਾਨ ਦੀ ਬਾਣੀ ਦਾ ਵਿਸ਼ਾ-ਵਸਤੂ

-ਗਿਆਰਾਂ ਭੱਟ ਸਾਹਿਬਾਨ ਦੀ ਬਾਣੀ ਦਾ ਬਿਉਰਾ/ਵੇਰਵਾ, -ਗਿਆਰਾਂ ਭੱਟ ਸਾਹਿਬਾਨ ਦੀ ਬਾਣੀ ਦਾ ਵਿਸ਼ਾ-ਵਸਤੂ, **੧.** ਇਕ ਅਕਾਲ ਪੁਰਖ ਵਿਚ ਵਿਸ਼ਵਾਸ **੨.** ਗੁਰੂ-ਸਾਹਿਬਾਨ ਗੁਰ-ਪਰਮੇਸ਼ਰ ਵਜੋਂ **੩.** ਨਾਮ ਅਤੇ ਨਾਮ-ਸਿਮਰਨ **੪.** ਨਾਮ-ਸਿਮਰਨ ਸੰਬੰਧੀ ਮਿਥਿਹਾਸਿਕ ਅਤੇ ਇਤਿਹਾਸਿਕ ਹਵਾਲੇ **੫.** ਅਵਤਾਰੀ ਮਹਾਂਪੁਰਸ਼ਾਂ ਦੀਆਂ ਉਦਾਹਰਣਾਂ ਰਾਹੀਂ ਗੁਰੂ ਸਾਹਿਬਾਨ ਦੀ ਉਸਤਤ **੬.** ਰਾਜਯੋਗ/ਸਹਜ ਯੋਗ ਵਾਲੇ ਗੁਰਮਤਿ-ਮਾਰਗ ਦੀ ਸਿਫ਼ਤ **੭.** ਨੈਤਿਕਤਾ/ਸਦਾਚਾਰ ਦੇ ਪੱਖ ਤੋਂ ਗੁਰੂ ਸਾਹਿਬਾਨ ਦੇ ਜੀਵਨ ਦੀ ਉਸਤਤ **੮.** ਸਿੱਖ ਰਹਿਤ ਮਰਯਾਦਾ ਨਾਲ ਸੰਬੰਧਿਤ ਕੁਝ ਸੰਕੇਤ **ਅਧਿਆਇ ਚੌਥਾ–** ਗਿਆਰਾਂ ਭੱਟ ਸਾਹਿਬਾਨ ਦੀ ਬਾਣੀ ਦਾ ਸਾਹਿਤਕ ਪੱਖ **(ੳ)** ਸ਼ਬਦ ਅਲੰਕਾਰ **(ਅ)** ਭੱਟ ਸਾਹਿਬਾਨ ਦੀ ਬਾਣੀ ਵਿੱਚੋਂ ਕੁਝ ਮੁਹਾਵਰੇ **(ੲ)** ਭੱਟ ਸਾਹਿਬਾਨ ਦੀ ਬਾਣੀ ਦੀ ਸ਼ਬਦਾਵਲੀ **(ਸ)** ਭੱਟ ਸਾਹਿਬਾਨ ਦੀ ਬਾਣੀ ਵਿਚ ਕਾਵਿ-ਰਸ **(ਹ)** ਗਿਆਰਾਂ ਭੱਟ ਸਾਹਿਬਾਨ ਦੀ ਬਾਣੀ ਵਿਚ ਕਾਵਿ-ਛੰਦ **ਅੰਤਿਕਾ-੧,** ਕੁਝ ਮੁਢਲੀ ਜਾਣਕਾਰੀ ਛੰਦ-ਪ੍ਰਬੰਧ ਬਾਰੇ, ਸਹਾਇਕ

ਪੁਸਤਕ-ਸੂਚੀ। ਪ੍ਰਬੁੱਧ ਵਿਦਵਾਨ ਲੇਖਕ ਦੁਆਰਾ ਲਿਖੀ ਗਈ, ਹਥਲੀ ਪੁਸਤਕ ਭੱਟ ਸਾਹਿਬਾਨ ਨੂੰ ਸੱਚੀ ਸ਼ਰਧਾਂਜਲੀ ਹੈ। ਇਸ ਪੁਸਤਕ ਵਿਚ ਦਰਜ ਸਾਰੇ ਹੀ ਲੇਖ ਸਟੀਕ ਸਿਧਾਂਤਕ/ਇਤਿਹਾਸਿਕ ਗਿਆਨ ਪ੍ਰਦਾਨ ਕਰਦੇ ਹਨ। ਇਹ ਪੁਸਤਕ ਆਮ/ਅਕਾਦਮਿਕ ਪੱਧਰ ਦੇ ਸਾਰੇ ਪਾਠਕਾਂ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ। ■

ਕਵਿਤਾ

# ਵਾਤਾਵਰਨ ਬਚਾਈਏ ਆਪਾਂ

-ਸ. ਹਰਪ੍ਰੀਤ ਸਿੰਘ ਪੱਤੋ*

*ਵਾਤਾਵਰਨ ਬਚਾਈਏ ਆਪਾਂ,*
*ਆਓ, ਰੁੱਖ ਲਗਾਈਏ ਆਪਾਂ!*
*ਤਰ੍ਹਾਂ-ਤਰ੍ਹਾਂ ਦੇ ਬੂਟੇ ਲਾ ਕੇ,*
*ਸੋਹਣੀ ਧਰਤ ਸਜਾਈਏ ਆਪਾਂ!*
*ਵਾਤਾਵਰਨ ਬਚਾਈਏ...*

*ਪੌਣ ਪਾਣੀ ਫਿਰ ਸ਼ੁੱਧ ਹੋ ਜਾਵੇ,*
*ਰੁੱਤ ਬਹਾਰਾਂ ਦੀ ਮੁੜ ਆਵੇ।*
*ਬੰਜਰ ਇਹ ਧਰਤੀ ਨਾ ਹੋਵੇ,*
*ਬਣਦਾ ਹਿੱਸਾ ਪਾਈਏ ਆਪਾਂ!*
*ਵਾਤਾਵਰਨ ਬਚਾਈਏ...*

*ਪਿੱਪਲ, ਬੋਹੜ, ਸਫੇਦੇ, ਲਾਓ,*
*ਕਿੱਕਰ, ਨਿੰਮ, ਸ਼ਹਿਤੂਤ ਉਗਾਓ।*
*ਫ਼ਲਦਾਰ ਬੂਟੇ ਲਾ ਕੇ ਸਾਰੇ,*
*ਫ਼ਲ ਮਿੱਠੇ ਫਿਰ ਖਾਈਏ ਆਪਾਂ!*
*ਵਾਤਾਵਰਨ ਬਚਾਈਏ...*

*ਕੁਦਰਤ ਰਾਣੀ ਨੇ ਖ਼ੁਸ਼ ਹੋਣਾ,*
*ਮੁੱਕ ਜਾਣਾ ਸਭ ਰੋਣਾ ਧੋਣਾ।*
*ਚਾਰ ਚੁਫੇਰੇ ਲਹਿਰਾਂ ਬਹਿਰਾਂ,*
*ਇੱਕੋ ਗੱਲ ਮੰਨ ਜਾਈਏ ਆਪਾਂ!*
*ਵਾਤਾਵਰਨ ਬਚਾਈਏ...*

*ਪਹਾੜੀਂ ਜਾਣ ਦੀ ਲੋੜ ਨੀਂ ਪੈਣੀਂ,*
*ਸਦਾ ਖ਼ੁਸ਼ਹਾਲੀ ਇੱਥੇ ਰਹਿਣੀਂ।*
*ਸਮੇਂ ਤੇ ਪੈਸੇ ਦੀ ਬੱਚਤ 'ਪੱਤੋ',*
*ਨਾ ਸਮਾਂ ਗਵਾਈਏ ਆਪਾਂ!*
*ਵਾਤਾਵਰਨ ਬਚਾਈਏ...*

*ਵਾਤਾਵਰਨ ਬਚਾਈਏ ਆਪਾਂ,*
*ਆਓ, ਰੁੱਖ ਲਗਾਈਏ ਆਪਾਂ!*
*ਤਰ੍ਹਾਂ-ਤਰ੍ਹਾਂ ਦੇ ਬੂਟੇ ਲਾ ਕੇ,*
*ਸੋਹਣੀ ਧਰਤ ਸਜਾਈਏ ਆਪਾਂ!*
*ਵਾਤਾਵਰਨ ਬਚਾਈਏ ਆਪਾਂ,*
*ਆਓ, ਰੁੱਖ ਲਗਾਈਏ ਆਪਾਂ!!*

■

* ਪਿੰਡ ਪੱਤੋ ਹੀਰਾ ਸਿੰਘ, ਮੋਗਾ। ਮੋ. ੯੪੬੫੮-੨੧੪੧੭

ਅਪ੍ਰੈਲ ੨੦੨੬ ਦਾ ਬਾਕੀ

# ਜੈਤਸਰੀ ਮਹਲਾ ੫

*-ਮਾ. ਬਲਬੀਰ ਸਿੰਘ ਹੰਸਪਾਲ**

*ਹਰਿ ਜਨ ਸਿਮਰਹੁ ਹਿਰਦੈ ਰਾਮ॥*
*ਹਰਿ ਜਨ ਕਉ ਅਪਦਾ ਨਿਕਟਿ ਨ ਆਵੈ ਪੂਰਨ ਦਾਸ ਕੇ ਕਾਮ॥੧॥ਰਹਾਉ॥*
*ਕੋਟਿ ਬਿਘਨ ਬਿਨਸਹਿ ਹਰਿ ਸੇਵਾ ਨਿਹਚਲੁ ਗੋਵਿਦ ਧਾਮ॥*
*ਭਗਵੰਤ ਭਗਤ ਕਉ ਭਉ ਕਿਛੁ ਨਾਹੀ ਆਦਰੁ ਦੇਵਤ ਜਾਮ॥੧॥*
*ਤਜਿ ਗੋਪਾਲ ਆਨ ਜੋ ਕਰਣੀ ਸੋਈ ਸੋਈ ਬਿਨਸਤ ਖਾਮ॥*
*ਚਰਨ ਕਮਲ ਹਿਰਦੈ ਗਹੁ ਨਾਨਕ ਸੁਖ ਸਮੂਹ ਬਿਸਰਾਮ॥੨॥੯॥੧੩॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੦੨)*

ਰਾਗੁ ਜੈਤਸਰੀ    ਸਥਾਈ    ਤਿੰਨ ਤਾਲ    (ਮੱਧ ਲੈਅ)

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ | ੧੩ | ੧੪ | ੧੫ | ੧੬ |
| x | | | | ੨ | | | | ੦ | | | | ੩ | | | |
| | | | | | | | | ਗਾ | ਗਾ | ਰੇ | ਸਾ | ਗਾ | ਗਾ | ਮਾ̍ | ਗਾ |
| | | | | | | | | ਹ | ਰਿ | ਜ | ਨ | ਸਿ | ਮ | ਰਹੁ | ऽ |
| ਪਾ | ਪਾ | ਮਾ̍ | ਗਾ | ਮਾ̍ | ਗਾ | ਰੇ | ਸਾ | ਨੀ̣ | ਸਾ | ਗਾ | ਗਾ | ਮਾ̍ | ਗਾ | ਪਾ | – |
| ਹਿ | ਰ | ਦੈ | ऽ | ਰਾ | ऽ | ਮ | ऽ | ਹ | ਰਿ | ਜਨ | ਕਉ | ਅ | ਪ | ਦਾ | ऽ |
| ਮਾ̍ | ਧਾ | ਪਾ | ਪਾ | ਨੀ | ਧਾ | ਪਾ | – | ਮਾ̍ | ਪਾ | ਨੀ | ਸਾਂ | ਨੀ | ਧਾ | ਪਾ | ਪਾ |
| ਨਿ | ਕ | ਟਿ | ਨ | ਆ | ऽ | ਵੈ | ऽ | ਪੂ | ऽ | ਰ | ਨ | ਦਾ | ऽ | ਸ | ਕੇ |
| ਮਾ̍ | ਧਾ | ਮਾ̍ | ਗਾ | ਮਾ̍ | ਗਾ | ਰੇ | ਸਾ | | | | | | | | |
| ਕਾ | ऽ | ऽ | ऽ | ਮ | ऽ | ऽ | ऽ | | | | | | | | |

** ਸੰਗੀਤ ਅਧਿਆਪਕ, ਸ੍ਰੀ ਗੁਰੂ ਰਾਮਦਾਸ ਖਾਲਸਾ ਸੀ: ਸੈ: ਸਕੂਲ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ।*
*ਮੋ. ੯੮੧੪੯੪੯੪੪੮*

**ਰਾਗੁ ਜੈਤਸਰੀ ਅੰਤਰਾ ਤਿੰਨ ਤਾਲ (ਮੱਧ ਲੈਅ)**

| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ | ੧੩ | ੧੪ | ੧੫ | ੧੬ |
|---|---|---|---|---|---|---|---|---|---|---|---|---|---|---|---|
| x | | | | ੨ | | | | ੦ | | | | ੩ | | | |
| | | | | | | | | ਪਾ | ਮਾ | ਗਾ | ਮਾ | ਪਾ | ਪਾ | ਨੀ | – |
| | | | | | | | | ਕੋ | s | ਟਿ | s | ਬਿ | ਘ | ਨ | s |
| ਸਾਂ | ਨੀ | ਸਾਂ | ਸਾਂ | ਰੇਂ | ਨੀ | ਸਾਂ | – | ਗਾਂ | ਰੇਂ | ਸਾਂ | ਸਾਂ | ਨੀ | ਧੁਾ | ਪਾ | ਪਾ |
| ਬਿਨ | ਸਹਿ | ਹ | ਰਿ | ਸੇ | s | ਵਾ | s | ਨਿ | ਹ | ਚ | ਲੁ | ਗੋ | s | ਵਿ | ਦ |
| ਧੁਾ | ਮਾ | ਗਾ | ਗਾ | ਮਾ | ਗਾ | ਰੇ | ਸਾ | | | | | | | | |
| ਧਾ | s | s | s | ਮ | s | s | s | | | | | | | | |

**ਤਾਨਾਂ:-**

੧. ਨ਼ੀਸਾ ਗਾਮਾ ਪਾਧੁਾ ਮਾਪਾ ਮਾਧੁਾ ਮਾਗਾ ਮਾਗਾ ਰੇਸਾ

੨. ਗਾਮਾ ਪਾਨੀ ਸਾਂਨੀ ਧੁਾਪਾ ਮਾਪਾ ਮਾਗਾ ਮਾਗਾ ਰੇਸਾ

੩. ਪਾਨੀ ਸਾਂਗਾਂ ਰੇਂਸਾਂ ਨੀਧੁਾ ਪਾਪਾ ਮਾਗਾ ਮਾਗਾ ਰੇਸਾ

੪. ਨ਼ੀਸਾ ਗਾਗਾ ਰੇਸਾ ਨ਼ੀਸਾ ਗਾਮਾ ਪਾਪਾ ਮਾਗਾ ਰੇਸਾ
ਨ਼ੀਸਾ ਗਾਮਾ ਪਾਨੀ ਸਾਂਨੀ ਧੁਾਪਾ ਮਾਗਾ ਮਾਗਾ ਰੇਸਾ

੫. ਗਾਮਾ ਪਾਧੁਾ ਮਾਪਾ ਗਾਮਾ ਪਾਨੀ ਧੁਾਪਾ ਮਾਪਾ ਗਾਮਾ
ਪਾਨੀ ਸਾਂਗਾਂ ਰੇਂਸਾਂ ਨੀਨੀ ਧੁਾਪਾ ਮਾਪਾ ਮਾਗਾ ਰੇਸਾ

ਬੱਚਿਆਂ ਲਈ ਵਿਸ਼ੇਸ਼

# ਗੁਣਵੱਤਾ

*-ਬੀਬੀ ਕਰਮਜੀਤ ਕੌਰ ਮੁਕਤਸਰ**

ਪਿਆਰੇ ਬੱਚਿਓ, ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਮਨੁੱਖ ਪੰਜ ਤੱਤਾਂ-ਪ੍ਰਿਥਵੀ (ਮਿੱਟੀ), ਜਲ, ਅਗਨੀ, ਵਾਯੂ ਅਤੇ ਅਕਾਸ਼ ਦਾ ਬਣਿਆ ਹੋਇਆ ਹੈ, ਅਸੀਂ ਸਾਰੇ ਹੀ ਅਕਾਲ ਪੁਰਖ ਪਰਮਾਤਮਾ ਦੀ ਅੰਸ਼ ਹਾਂ। ਇਸ ਲਈ ਗਹਿਰਾਈ ਦੇ ਤਲ ਤੋਂ ਤੱਕੀਏ ਤਾਂ ਜ਼ਿੰਦਗੀ ਬਹੁਤ ਹੀ ਖ਼ੂਬਸੂਰਤ ਹੈ। ਜੀਵਨ ਵਾਕਿਆ ਹੀ ਇੱਕ ਅਨਮੋਲ ਖ਼ਜ਼ਾਨਾ ਹੈ ਜੋ ਸਾਨੂੰ ਪਰਮਾਤਮਾ ਦੀ ਮਿਹਰ ਸਦਕਾ, ਸਾਡੇ ਮਾਤਾ-ਪਿਤਾ ਦੀ ਬਦੌਲਤ ਸਾਨੂੰ ਇਸ ਪਵਿੱਤਰ ਧਰਤੀ 'ਤੇ ਅਉਣਾ ਨਸੀਬ ਹੋਇਆ ਹੈ। "ਜ਼ਿੰਦਗੀ ਖ਼ੂਬਸੂਰਤ ਹੈ" ਹੁਣ ਇਹ ਗੱਲ ਪੜ੍ਹਨ-ਸੁਣਨ ਸਾਰ ਹੀ ਸਾਡਾ ਬਹੁਤਿਆਂ ਦਾ ਧਿਆਨ ਆਪਣੇ ਤੋਂ ਹਟ ਕੇ ਦੂਸਰਿਆਂ ਵੱਲ ਚਲਾ ਗਿਆ ਹੋਣਾ ਹੈ ਕਿ ਜ਼ਿੰਦਗੀ ਖ਼ੂਬਸੂਰਤ ਜ਼ਰੂਰ ਹੁੰਦੀ ਹੋਵੇਗੀ ਪ੍ਰੰਤੂ ਕਿਸੇ ਹੋਰ ਦੀ, ਜਿਹੜੇ ਬਹੁਤੇ ਅਮੀਰ ਹੁੰਦੇ ਹੋਣਗੇ ਜਾਂ ਜਿਨ੍ਹਾਂ ਦੇ ਜੀਵਨ ਵਿਚ ਐਸ਼ੋ-ਅਰਾਮ ਹੈ। ਜਿਹੜੇ ਸਕੂਲ, ਕਾਲਜ ਵਧੀਆ ਮੋਟਰ-ਸਾਈਕਲਾਂ ਅਤੇ ਮਹਿੰਗੀਆਂ ਕਾਰਾਂ ਵਿਚ ਸਵਾਰ ਹੋ ਕੇ ਆਉਂਦੇ ਹਨ। ਮੇਰੇ ਕੋਲ ਤਾਂ ਸਿਰਫ਼ ਸਾਈਕਲ ਹੈ ਜਾਂ ਫਿਰ ਪੁਰਾਣਾ ਜਿਹਾ ਸਕੂਟਰ, ਫਿਰ ਮੇਰੀ ਜ਼ਿੰਦਗੀ ਸੋਹਣੀ ਕਿਵੇਂ ਹੋਈ? ਮੇਰੇ ਘਰ ਦੀ ਆਰਥਿਕ ਸਥਿਤੀ ਵੀ ਠੀਕ ਨਹੀਂ ਹੈਗੀ। ਇਹ ਵਿਚਾਰ ਲਗਾਤਾਰ ਦਿਮਾਗ ਵਿਚ ਘੁੰਮਣ-ਘੇਰੀਆਂ ਪਾਉਣ ਲੱਗਦੇ ਹਨ ਜੋ ਕਦੇ ਰੁਕ ਜਾਣ ਦਾ ਨਾਮ ਹੀ ਨਹੀਂ ਲੈਂਦੇ।

ਬੱਚਿਓ, ਜੀਵਨ ਕਦੇ ਕਾਰਾਂ, ਕੋਠੀਆਂ ਦਾ ਮੁਹਤਾਜ ਨਹੀਂ ਹੁੰਦਾ ਸਗੋਂ ਸਾਡੀ ਗੁਣਵੱਤਾ (Quality) ਹੀ ਜ਼ਿੰਦਗੀ ਨੂੰ ਸੋਹਣਾ ਬਣਾਉਂਦੀ ਹੈ। ਮਹਾਨ ਉਹੀ ਵਿਅਕਤੀ ਹੁੰਦਾ ਹੈ ਜਿਸ ਕੋਲ ਗੁਣ ਹੁੰਦੇ ਹਨ, ਕਾਬਲੀਅਤ ਹੁੰਦੀ ਹੈ ਅਤੇ ਇਹੀ ਸਾਨੂੰ ਸਾਡੀ ਮੰਜ਼ਿਲ 'ਤੇ ਪਹੁੰਚਾਉਂਦੇ ਹਨ। ਇਸ ਲਈ ਸਾਨੂੰ ਹਰ ਦਿਨ ਹਮੇਸ਼ਾਂ ਆਪਣੀ ਗੁਣਵੱਤਾ ਵੱਲ ਧਿਆਨ ਦੇਣਾ ਚਾਹੀਦਾ ਹੈ।

ਗੁਣਵੱਤਾ ਸਾਡੇ ਵਿਚ ਏਨੀ ਹੋਣੀ ਚਾਹੀਦੀ ਹੈ ਕਿ ਸਾਨੂੰ ਕਿਸੇ ਦੂਜੇ ਵਿਅਕਤੀ ਤੋਂ, ਕਿਸੇ ਵੀ ਪੱਖੋਂ ਕੋਈ ਉਮੀਦ ਹੀ ਰੱਖਣ ਦੀ ਜ਼ਰੂਰਤ ਨਾ ਪਵੇ। ਅਸੀਂ ਇਹ ਸੋਚਣ 'ਤੇ ਮਜ਼ਬੂਰ ਹੋ ਜਾਈਏ ਕਿ ਮੇਰੇ ਨਾਲੋਂ ਬਿਹਤਰ ਇਹ ਕੰਮ ਹੋਰ ਕੋਈ ਕਰ ਹੀ ਨਹੀਂ ਸਕਦਾ। ਉਹ ਕੰਮ ਤੁਹਾਡੀ ਜਮਾਤ ਤੋਂ ਲੈ ਕੇ ਜੀਵਨ ਦੇ ਅਗਾਂਹਵਧੂ ਕਦਮ ਨਾਲ ਜੁੜਿਆ ਕੋਈ ਵੀ ਹੋ ਸਕਦਾ ਹੈ।

---

** ਗੁਰਦੁਆਰਾ ਸਾਹਿਬ, ਗੁਰੂ ਅੰਗਦ ਦੇਵ ਜੀ ਨਗਰ, ਗਲੀ ਨੰ.੮, ਕੋਟਕਪੂਰਾ ਰੋਡ, ਸ੍ਰੀ ਮੁਕਤਸਰ ਸਾਹਿਬ-੧੫੨੦੨੬ ਮੋ. ੮੯੬੮੫-੯੪੩੭੯*

ਪਿਆਰੇ ਬੱਚਿਓ, ਤੁਸੀਂ ਆਪਣੇ ਅੰਦਰ ਛੁਪੀ ਹੋਈ ਗੁਣਵੱਤਾ ਨੂੰ ਬਾਹਰ ਲੈ ਕੇ ਆਓ। ਆਪਣੀ ਹਿੰਮਤ ਅਤੇ ਹੌਸਲੇ ਸਦਕਾ ਇੰਨੀ ਮੁਹਾਰਤ ਹਾਸਿਲ ਕਰੋ ਕਿ ਜੇਕਰ ਤੁਸੀਂ ਪੈਦਲ ਵੀ ਜਾ ਰਹੇ ਹੋ; ਤਾਂ ਸਾਹਮਣੇ ਤੋਂ ਆ ਰਿਹਾ ਤੁਹਾਡਾ ਜਾਣਕਾਰ ਬੇਸ਼ੱਕ ਇੱਕ ਮਹਿੰਗੀ ਕਾਰ 'ਤੇ ਸਵਾਰ ਕਿਉਂ ਨਾ ਹੋਵੇ, ਤੁਹਾਨੂੰ ਦੇਖਦਿਆਂ ਹੀ ਉਹ ਰੁਕ ਜਾਵੇ। ਤੁਹਾਨੂੰ ਮਿਲਣ ਲਈ ਲੋਕ ਬਹਾਨਾ ਲੱਭਦੇ ਰਹਿਣ। ਆਪਣੇ ਆਤਮਿਕ ਤਲ ਤੋਂ ਆਤਮ-ਵਿਸ਼ਵਾਸ ਨਾਲ ਆਤਮ-ਨਿਰਭਰ ਹੋ ਕੇ ਆਪਣੇ ਦੇਸ਼ ਤੇ ਕੌਮ ਦੀ ਸੇਵਾ ਕਰੋ। ਕੋਈ ਛੋਟੀ-ਮੋਟੀ ਪ੍ਰੇਸ਼ਾਨੀ ਤੋਂ ਭੈਭੀਤ ਹੋ ਕੇ ਆਤਮ-ਹੱਤਿਆ ਵਰਗੀ ਨੀਚ ਹਰਕਤ ਦਾ ਖ਼ਿਆਲ ਤੁਹਾਡੇ ਮਨ ਵਿਚ ਕਦੇ ਭੁੱਲ ਕੇ ਵੀ ਨਾ ਆਵੇ। ਇਹ ਡਰਪੋਕ ਅਤੇ ਬੁਜ਼ਦਿਲ੍ਹੀ ਦੀ ਨਿਸ਼ਾਨੀ ਹੁੰਦੀ ਹੈ। ਆਪਣੇ ਜੀਵਨ ਵਿਚ ਕਦੇ ਚਿੰਤਾ ਨਹੀਂ ਕਰਨੀ, ਚਿੰਤਾ ਮਨੁੱਖ ਨੂੰ ਅੰਧਕਾਰ ਵੱਲ ਧਕੇਲ ਦਿੰਦੀ ਹੈ ਅਤੇ ਮਨੁੱਖ ਆਪਣੇ ਅਸਲੀ ਮਨੋਰਥ ਤੋਂ ਭਟਕ ਕੇ ਕੁਰਾਹੇ ਪੈ ਜਾਂਦਾ ਹੈ। ਸੋ ਹਮੇਸ਼ਾਂ ਚਿੰਤਨ ਕਰੋ ਜਿਵੇਂ ਕਿ ਗੁਰਬਾਣੀ ਵਿਚ ਵੀ ਮਨੁੱਖ ਨੂੰ ਸਮਝਾਇਆ ਗਿਆ ਹੈ:

*ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥*
*ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੫)*

ਬੱਚਿਓ, ਤੁਸੀਂ ਦੇਸ਼-ਕੌਮ ਦਾ ਭਵਿੱਖ ਹੋ। ਆਉਣ ਵਾਲੇ ਸਮੇਂ 'ਚ ਦੇਸ਼ ਦੀ ਵਾਗਡੋਰ ਤੁਹਾਡੇ ਹੱਥਾਂ ਵਿਚ ਹੋਵੇਗੀ। ਤੁਹਾਡੇ ਵਿੱਚੋਂ ਹੀ ਬਹੁਤੇ ਡਾਕਟਰ, ਇੰਜੀਨੀਅਰ, ਨੇਤਾ ਅਤੇ ਅਧਿਆਪਕ ਹੋਣਗੇ, ਜਿਹੜੇ ਦੇਸ਼ ਦੀ ਸੇਵਾ ਕਰਨਗੇ। ਇਸ ਲਈ ਹਮੇਸ਼ਾ ਮਹਾਨ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਦੀਆਂ ਜੀਵਨੀਆਂ ਨੂੰ ਜ਼ਰੂਰ ਪੜ੍ਹੋ। ਆਪਣੀ ਹਰ ਨਿੱਕੀ-ਮੋਟੀ ਸਮੱਸਿਆ ਆਪਣੇ ਅਧਿਆਪਕ ਅਤੇ ਮਾਤਾ-ਪਿਤਾ ਨਾਲ ਜ਼ਰੂਰ ਸਾਂਝੀ ਕਰੋ। ਕਿਸੇ ਚੰਗੇ ਕਾਰਜ ਨੂੰ ਕਰਨ ਤੋਂ ਪਹਿਲਾਂ ਇਨ੍ਹਾਂ ਦੀ ਸਲਾਹ ਜ਼ਰੂਰ ਲਵੋ। ਜਿਸ ਅਧਿਆਪਕ ਤੋਂ ਤੁਸੀਂ ਇੱਕ ਅੱਖਰ ਵੀ ਪ੍ਰਾਪਤ ਕੀਤਾ ਹੈ ਉਸ ਦਾ ਤਹਿ ਦਿਲੋਂ ਸਤਿਕਾਰ ਕਰੋ। ਆਪਣੇ ਕੰਮ ਨੂੰ ਪੂਰੇ ਮਨ, ਲਗਨ ਅਤੇ ਇਮਾਨਦਾਰੀ ਨਾਲ ਕਰੋ। ਫਿਰ ਦੇਖਿਓ ਜ਼ਿੰਦਗੀ ਵਿਚ ਤੁਹਾਡੀ ਕਦੇ ਹਾਰ ਨਹੀਂ ਹੋਵੇਗੀ; ਸਗੋਂ ਸਫ਼ਲਤਾ ਤੁਹਾਡੇ ਪੈਰ ਚੁੰਮਣ ਲਈ ਅੱਗੋਂ ਤਿਆਰ ਖੜ੍ਹੀ ਹੋਵੇਗੀ। ਆਪਣੇ ਜੀਵਨ ਦੇ ਹਰ ਪਲ ਨੂੰ ਸਕਾਰਾਤਮਕ ਊਰਜਾ (Positive Energy) ਵਿਚ ਬਦਲ ਦਿਓ ਅਤੇ ਇਸ ਖ਼ੂਬਸੂਰਤ ਜ਼ਿੰਦਗੀ ਦਾ ਰੱਜ ਕੇ ਅਨੰਦ ਮਾਣੋ!

■

ਖ਼ਬਰਨਾਮਾ

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਵਿਖੇ ਮਰੀਜ਼ਾਂ ਲਈ ਲੰਗਰ ਸੇਵਾ ਦੀ ਕੀਤੀ ਗਈ ਸ਼ੁਰੂਆਤ

ਸ੍ਰੀ ਅੰਮ੍ਰਿਤਸਰ, ੨੭ ਮਾਰਚ- ਸ੍ਰੀ ਗੁਰੂ ਨਾਨਕ ਦੇਵ ਜੀ ਹਸਪਤਾਲ ਸ੍ਰੀ ਅੰਮ੍ਰਿਤਸਰ ਵਿਖੇ ਇਲਾਜ ਕਰਵਾਉਣ ਆਏ ਮਰੀਜ਼ ਅਤੇ ਉਨ੍ਹਾਂ ਦੇ ਨਾਲ ਆਏ ਸਹਿਯੋਗੀ ਹੁਣ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਤੋਂ ਆਇਆ ਲੰਗਰ ਛਕ ਸਕਣਗੇ। ਲੰਗਰ ਸੇਵਾ ਦੀ ਰਸਮੀ ਸ਼ੁਰੂਆਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਮੂਲਮੰਤਰ ਅਤੇ ਗੁਰਮੰਤਰ ਦੇ ਜਾਪ ਕਰਨ ਮਗਰੋਂ ਅਰਦਾਸ ਉਪਰੰਤ ਕੀਤੀ ਗਈ। ਜ਼ਿਕਰਯੋਗ ਹੈ ਕਿ ਬੀਤੇ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਇਸ ਕਾਰਜ ਲਈ ਪ੍ਰਵਾਨਗੀ ਦਿੱਤੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਹਸਪਤਾਲ ਪੁੱਜਣ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਹਸਪਤਾਲ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਰਾਜੀਵ ਦੇਵਗਨ ਅਤੇ ਮੈਡੀਕਲ ਸੁਪ੍ਰਿੰਟੈਂਡੈਂਟ ਡਾ. ਕਰਮਜੀਤ ਸਿੰਘ ਨੇ ਜੀ-ਆਇਆਂ ਆਖਦਿਆਂ ਸਵਾਗਤ ਕੀਤਾ।

ਇਸ ਮੌਕੇ ਗੱਲਬਾਤ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਸਾਹਿਬਾਨ ਦੇ ਸੰਦੇਸ਼ ਅਤੇ ਪ੍ਰੇਰਨਾ ਦੀ ਰੋਸ਼ਨੀ ’ਚ ਸਦਾ ਹੀ ਮਾਨਵ-ਹਿਤਕਾਰੀ ਕਾਰਜਾਂ ਲਈ ਯਤਨਸ਼ੀਲ ਰਹੀ ਹੈ। ਇਸੇ ਤਹਿਤ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਹਸਪਤਾਲ ਵਿਖੇ ਇਲਾਜ ਕਰਵਾਉਣ ਆਉਣ ਵਾਲੇ ਮਰੀਜ਼ਾਂ ਅਤੇ ਹੋਰ ਲੋੜਵੰਦਾਂ ਲਈ ਲੰਗਰ ਦਾ ਪ੍ਰਬੰਧ ਕਰਨ ਦਾ ਫੈਸਲਾ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਦਾ ਮੁੱਖ ਉਦੇਸ਼ ਮਰੀਜ਼ਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਸਹਾਰਾ ਪ੍ਰਦਾਨ ਕਰਨਾ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਉਪਰਾਲਾ ਦੂਰ-ਦੂਰ ਤੋਂ ਸ੍ਰੀ ਅੰਮ੍ਰਿਤਸਰ ਵਿਖੇ ਇਲਾਜ ਕਰਵਾਉਣ ਆਏ ਮਰੀਜ਼ਾਂ ਲਈ ਵੱਡਾ ਧਰਵਾਸ ਬਣੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਇਸ ਕਾਰਜ ਵਿਚ ਸਹਿਯੋਗ ਕਰਨ ਲਈ ਹਸਪਤਾਲ ਦੇ ਡਾਇਰੈਕਟਰ ਪ੍ਰਿੰਸੀਪਲ, ਮੈਡੀਕਲ ਸੁਪ੍ਰਿੰਟੈਂਡੈਂਟ ਸਮੇਤ ਸਮੁੱਚੇ ਪ੍ਰਬੰਧ ਦਾ ਧੰਨਵਾਦ ਵੀ ਕੀਤਾ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਗੁਰਮੀਤ ਸਿੰਘ ਬੂਹ, ਸ੍ਰੀ ਗੁਰੂ ਨਾਨਕ ਦੇਵ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਹਸਪਤਾਲ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਰਾਜੀਵ

ਦੇਵਗਨ ਅਤੇ ਮੈਡੀਕਲ ਸੁਪ੍ਰਿੰਟੈਂਡੈਂਟ ਡਾ. ਕਰਮਜੀਤ ਸਿੰਘ, ਨਰਸਿੰਗ ਸੁਪ੍ਰਿੰਟੈਂਡੈਂਟ ਬੀਬੀ ਨਵਕਿਰਨ ਕੌਰ, ਓ.ਐਸ.ਡੀ. ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਵਧੀਕ ਮੈਨੇਜਰ ਸ. ਬਿਕਰਮਜੀਤ ਸਿੰਘ ਝੰਗੀ ਅਤੇ ਸ. ਬਲਵਿੰਦਰ ਸਿੰਘ ਸਮੇਤ ਹੋਰ ਮੌਜੂਦ ਸਨ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਜਟ ਇਜਲਾਸ ਦੌਰਾਨ ਸਿੱਖ ਮਾਮਲਿਆਂ ਬਾਰੇ ਪਾਸ ਕੀਤੇ ਗਏ ਕਈ ਅਹਿਮ ਮਤੇ

ਸ੍ਰੀ ਅੰਮ੍ਰਿਤਸਰ, ੨੮ ਮਾਰਚ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਲਾਨਾ ਬਜਟ ਇਜਲਾਸ ਦੌਰਾਨ ਕਈ ਅਹਿਮ ਮਤਿਆਂ ਨੂੰ ਪ੍ਰਵਾਨਗੀ ਦਿੱਤੀ ਗਈ। ਇਨ੍ਹਾਂ ਵਿਚ ਸਿੱਖਾਂ ਦੀ ਮੌਲਿਕ ਤੇ ਅੱਡਰੀ ਪਛਾਣ ਨੂੰ ਰਲਗੱਡ ਕਰਨ ਦੀਆਂ ਹੋ ਰਹੀਆਂ ਕੋਸ਼ਿਸ਼ਾਂ ਪ੍ਰਤੀ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਅਜਿਹੀਆਂ ਚਾਲਾਂ ਵਿਰੁੱਧ ਇਕਜੁਟ ਹੋਣ ਦੀ ਅਪੀਲ ਕਰਨ, ਪੰਜਾਬ ਸਰਕਾਰ ਵੱਲੋਂ ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ ੨੦੨੫ ਦੇ ਸੰਬੰਧ ਵਿਚ ਅਪਣਾਈ ਜਾ ਰਹੀ ਪਹੁੰਚ ਅਤੇ ਮੁੱਖ ਮੰਤਰੀ ਵੱਲੋਂ ਦਿੱਤੇ ਜਾ ਰਹੇ ਬਿਆਨਾਂ ਨਾਲ ਪੈਦਾ ਹੋ ਰਹੇ ਭਰਮ, ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ, ਏ.ਆਈ. ਦੀ ਹੋਰ ਰਹੀ ਦੁਰਵਰਤੋਂ 'ਤੇ ਫਿਕਰਮੰਦੀ ਪ੍ਰਗਟ ਕਰਨ ਦੇ ਨਾਲ-ਨਾਲ ਵੱਖ-ਵੱਖ ਸੂਬਿਆਂ ਵਿਚ ਪ੍ਰੀਖਿਆਵਾਂ ਦੌਰਾਨ ਸਿੱਖ ਵਿਦਿਆਰਥੀਆਂ ਨੂੰ ਕਕਾਰ ਉਤਾਰਨ ਲਈ ਮਜ਼ਬੂਰ ਕਰਨ, ਪੰਜਾਬ ਵਿਚ ਨੌਜੁਆਨਾਂ ਦੇ ਵਧ ਰਹੇ ਪੁਲਿਸ ਮੁਕਾਬਲਿਆਂ 'ਤੇ ਫ਼ਿਰਕਮੰਦੀ ਪ੍ਰਗਟ ਕਰਨ, ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਦਾ ਲਾਂਘਾ ਮੁੜ ਖੋਲ੍ਹਣ ਅਤੇ ਵਿਦੇਸ਼ਾਂ ਅੰਦਰ ਸਿੱਖਾਂ ਦੀਆਂ ਸਮੱਸਿਆਵਾਂ ਨੂੰ ਨਜਿੱਠਣ ਲਈ ਭਾਰਤ ਸਰਕਾਰ ਨੂੰ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਅਪੀਲ ਸਮੇਤ ਹੋਰ ਮਤੇ ਸ਼ਾਮਲ ਹਨ।

ਪਾਸ ਕੀਤੇ ਗਏ ਅਹਿਮ ਮਤੇ ਰਾਹੀਂ ਸਿੱਖ ਕੌਮ ਦੇ ਮਹਾਨ ਇਤਿਹਾਸ, ਅਟੱਲ ਸਿਧਾਂਤਾਂ ਅਤੇ ਵਿਲੱਖਣ ਧਾਰਮਿਕ ਪਰੰਪਰਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਸਮੇਂ-ਸਮੇਂ 'ਤੇ ਨੀਤੀਗਤ ਏਜੰਡਿਆਂ ਤਹਿਤ ਸਿੱਖਾਂ ਦੀ ਮੌਲਿਕ ਅਤੇ ਅੱਡਰੀ ਪਛਾਣ ਨੂੰ ਰਲਗੱਡ ਕਰਨ ਦੀਆਂ ਹੋ ਰਹੀਆਂ ਕੋਸ਼ਿਸ਼ਾਂ ਪ੍ਰਤੀ ਗੰਭੀਰ ਚਿੰਤਾ ਪ੍ਰਗਟ ਕੀਤੀ ਗਈ। ਮਤੇ ਵਿਚ ਕਿਹਾ ਗਿਆ ਕਿ ਅਜਿਹੀਆਂ ਹਰਕਤਾਂ ਕੇਵਲ ਸਿੱਖ ਕੌਮ ਦੀ ਵੱਖਰੀ ਪਛਾਣ ਨੂੰ ਨਿਸ਼ਾਨਾ ਬਣਾਉਣ ਤਕ ਹੀ ਸੀਮਤ ਨਹੀਂ ਹਨ, ਸਗੋਂ ਇਹ ਸਿੱਖ ਧਰਮ ਦੀ ਪਵਿੱਤਰਤਾ, ਅਜ਼ਾਦ ਹਸਤੀ ਅਤੇ ਮਾਨਵਤਾ ਨੂੰ ਪ੍ਰਦਾਨ ਕੀਤੇ ਉਸ ਦੇ ਉੱਚੇ ਆਦਰਸ਼ਾਂ ਲਈ ਵੀ ਸਿੱਧੀ ਚੁਣੌਤੀ ਹਨ। ਇਹ ਵਰਤਾਰਾ ਘੱਟ-ਗਿਣਤੀਆਂ ਪ੍ਰਤੀ

ਬਹੁਗਿਣਤੀ ਕੌਮਾਂ ਦੀਆਂ ਧਾਰਮਿਕ ਸੰਸਥਾਵਾਂ ਦੇ ਆਗੂਆਂ ਦੇ ਨਾਲ-ਨਾਲ ਇਸੇ ਸੋਚ ਵਾਲੇ ਲੋਕਾਂ ਵੱਲੋਂ ਸੋਸ਼ਲ ਮੀਡੀਆ ਉੱਤੇ ਪਰੋਸੀ ਜਾ ਰਹੀ ਵਿਚਾਰਧਾਰਾ ਨਾਲ ਸੰਬੰਧਿਤ ਹੈ। ਮਤੇ ਵਿਚ ਕਿਹਾ ਗਿਆ ਕਿ ਸਿੱਖ ਕੌਮ ਇੱਕ ਵੱਖਰੀ ਅਤੇ ਸੁਤੰਤਰ ਧਾਰਮਿਕ ਕੌਮ ਹੈ। ਇਸ ਦਾ ਆਪਣਾ ਮਹਾਨ ਇਤਿਹਾਸ, ਵਿਲੱਖਣ ਦਰਸ਼ਨ, ਅਲੱਗ ਸਿਧਾਂਤ, ਕਦਰਾਂ-ਕੀਮਤਾਂ, ਤਿਉਹਾਰ, ਰਹਿਣ ਸਹਿਣ ਅਤੇ ਮਰਯਾਦਾਵਾਂ ਹਨ। ਸਿੱਖ ਧਰਮ ਨੇ ਮਨੁੱਖਤਾ ਨੂੰ ਸੱਚ, ਨਿਆਂ, ਬਰਾਬਰਤਾ, ਭਾਈਚਾਰੇ ਅਤੇ ਸੇਵਾ ਦੇ ਉੱਚ ਆਦਰਸ਼ ਹਨ। ਇਸ ਲਈ ਸਿੱਖਾਂ ਦੀ ਮੌਲਿਕ ਤੇ ਅੱਡਰੀ ਹਸਤੀ ਨੂੰ ਰਲਗੱਡ ਕਰਨ ਵਾਲੀ ਹਰ ਵਿਚਾਰਧਾਰਾ ਨੂੰ ਰੱਦ ਕਰਦਿਆਂ ਸਮੂਹ ਸਿੱਖ ਸੰਸਥਾਵਾਂ, ਵਿਦਵਾਨਾਂ ਅਤੇ ਸੰਸਾਰ ਭਰ ਦੀ ਸੰਗਤ ਨੂੰ ਅਪੀਲ ਕੀਤੀ ਕਿ ਸਿੱਖ ਧਰਮ ਦੀ ਮੌਲਿਕਤਾ, ਪਵਿੱਤਰਤਾ ਅਤੇ ਵਿਲੱਖਣ ਹੋਂਦ ਹਸਤੀ ਨੂੰ ਮੁੱਖ ਰੱਖਦਿਆਂ ਸਦਾ ਜਾਗਰੂਕ ਰਹਿੰਦੇ ਹੋਏ ਇਸ ਨੂੰ ਰਲਗੱਡ ਕਰਨ ਦੀ ਹਰ ਚਾਲ ਵਿਰੁੱਧ ਇਕਜੁੱਟਤਾ ਨਾਲ ਅਵਾਜ਼ ਬੁਲੰਦ ਕੀਤੀ ਜਾਵੇ।

ਇਕ ਹੋਰ ਅਹਿਮ ਮਤੇ ਰਾਹੀਂ ਪੰਜਾਬ ਸਰਕਾਰ ਵੱਲੋਂ "ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ ੨੦੨੫" ਦੇ ਸਬੰਧ ਵਿਚ ਅਪਣਾਈ ਜਾ ਰਹੀ ਪਹੁੰਚ ਅਤੇ ਮੁੱਖ ਮੰਤਰੀ ਵੱਲੋਂ ਦਿੱਤੇ ਜਾ ਰਹੇ ਬਿਆਨ ਨਾਲ ਸੰਗਤ ਅੰਦਰ ਭਰਮ ਪੈਦਾ ਹੋਣ ਦਾ ਜ਼ਿਕਰ ਕਰਨ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਲਗਾਤਾਰ ਵੱਧ ਰਹੇ ਮਾਮਲਿਆਂ ਪ੍ਰਤੀ ਗੰਭੀਰ ਚਿੰਤਾ ਪ੍ਰਗਟਾਈ ਗਈ। ਮਤੇ ਵਿਚ ਕਿਹਾ ਗਿਆ ਕਿ ਰਾਜਸੀ ਪਾਰਟੀਆਂ ਨੇ ਇਸ ਮਾਮਲੇ ਉੱਤੇ ਸਰਕਾਰਾਂ ਬਣਾਉਣ ਲਈ ਸਿਆਸਤ ਤਾਂ ਕੀਤੀ, ਪਰ ਸੰਗਤ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਨਾ ਕਰ ਸਕੀਆਂ। ਪੰਜਾਬ ਦੀ ਮੌਜੂਦਾ ਸਰਕਾਰ ਦੇ ਸਮੇਂ ਦੌਰਾਨ ਬੇਅਦਬੀ ਦੇ ਬੇਅੰਤ ਮਾਮਲੇ ਸਾਹਮਣੇ ਆਏ ਹਨ, ਪਰੰਤੂ ਨਾ ਤਾਂ ਉਨ੍ਹਾਂ ਦੀ ਪੂਰੀ ਜਾਂਚ ਕੀਤੀ ਗਈ ਅਤੇ ਨਾ ਹੀ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਮਿਲੀਆਂ। ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਦੋਸ਼ੀ ਬਚ ਕੇ ਨਿਕਲ ਰਹੇ ਹਨ। ਮਤੇ ਵਿਚ ਮੌਜੂਦਾ ਪੰਜਾਬ ਸਰਕਾਰ ਦੀ ਗੈਰ-ਸੰਜੀਦਗੀ ਇਸ ਗੱਲ ਕਰਦਿਆਂ ਬੇਅਦਬੀ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਲਈ ਕੀਤੀ ਜਾ ਰਹੀ ਕਾਰਵਾਈ ਨੂੰ ਸਿਰਫ਼ ਇੱਕ ਰਸਮੀ ਅਤੇ ਮਨਮਰਜ਼ੀ ਦੀ ਕਾਰਵਾਈ ਕਰਾਰ ਦਿੱਤਾ ਗਿਆ। ਕਿਹਾ ਗਿਆ ਕਿ ਸਰਕਾਰ ਦੀ ਸਿਲੈਕਟ ਕਮੇਟੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਸੁਝਾਅ ਤਾਂ ਮੰਗੇ ਗਏ, ਪਰ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬਣਾਈ ਕਮੇਟੀ ਨੇ ਸਰਕਾਰ ਨੂੰ ਕਈ ਪੱਤਰ ਭੇਜ ਕੇ ਲੋੜੀਂਦੀ ਜਾਣਕਾਰੀ ਮੰਗੀ ਤਾਂ ਸਰਕਾਰ ਨੇ ਉਹ ਜਾਣਕਾਰੀ ਦੇਣਾ ਵੀ ਮੁਨਾਸਿਬ ਨਹੀਂ ਸਮਝਿਆ। ਦੂਜੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਅਖ਼ਬਾਰੀ ਬਿਆਨਾਂ ਵਿਚ "ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ੨੦੦੮" ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦੀ ਛਪਾਈ ਬਾਰੇ ਹੈ, ਵਿਚ ਸੋਧ ਦੀ ਗੱਲ ਕਰਨ ਨਾਲ ਹੋਰ ਵੀ ਸਵਾਲ ਪੈਦਾ ਹੋਏ ਹਨ। ਮਤੇ 'ਚ ਇਸ ਅਹਿਮ ਮਸਲੇ ਪ੍ਰਤੀ ਮੰਗ ਕੀਤੀ ਗਈ ਕਿ ਬੇਅਦਬੀ ਦੀਆਂ ਘਟਨਾਵਾਂ ਰੋਕਣ ਲਈ ਪੰਜਾਬ ਸਰਕਾਰ ਬਿੱਲ ਨੂੰ ਲੈ ਕੇ ਸੰਗਤ ਦੀਆਂ ਭਾਵਨਾਵਾਂ ਦੀ ਤਰਜਮਾਨੀ ਯਕੀਨੀ ਬਣਾਵੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੰਗੀਆਂ ਗਈਆਂ ਸਾਰੀਆਂ ਜਾਣਕਾਰੀਆਂ ਤੁਰੰਤ ਮੁਹੱਈਆ ਕਰਵਾਏ। ਇਹ ਵੀ ਕਿਹਾ ਗਿਆ ਕਿ "ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ੨੦੦੮" ਨਾਲ ਕੋਈ ਛੇੜਛਾੜ ਨਾ ਕੀਤੀ ਜਾਵੇ।

ਇਕ ਹੋਰ ਮਤੇ ਰਾਹੀਂ ਕਰੀਬ ਤਿੰਨ ਤਿੰਨ ਦਹਾਕਿਆਂ ਤੋਂ ਜੇਲ੍ਹਾਂ ਅੰਦਰ ਨਜ਼ਰਬੰਦ ਸਿੰਘਾਂ ਦੀ ਰਿਹਾਈ ਲਈ ਸਿੱਖ ਕੌਮ ਵੱਲੋਂ ਲਗਾਤਾਰ ਉਠਾਈ ਜਾ ਰਹੀ ਮੰਗ ਪ੍ਰਤੀ ਕੇਂਦਰ ਅਤੇ ਰਾਜ ਸਰਕਾਰਾਂ ਦੇ ਅੜੀਅਲ ਤੇ ਪੱਖਪਾਤੀ ਰਵੱਈਏ ਦੀ ਕਰੜੀ ਨਿੰਦਾ ਕੀਤੀ ਗਈ। ਮਤੇ ਵਿਚ ਕਿਹਾ ਗਿਆ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਲਈ ਪਾਈ ਗਈ ਪਟੀਸ਼ਨ ਨੂੰ ੧੪ ਸਾਲ ਪੂਰੇ ਹੋ ਗਏ ਹਨ, ਪ੍ਰੰਤੂ ਸਿੱਖ ਭਾਵਨਾਵਾਂ ਨਾਲ ਜੁੜੇ ਇਸ ਗੰਭੀਰ ਮਾਮਲੇ ਪ੍ਰਤੀ ਅਪਣਾਈ ਜਾ ਰਹੀ ਪਹੁੰਚ ਸਰਕਾਰ ਦੀ ਨੀਤੀ ਤੇ ਨੀਅਤ 'ਤੇ ਵੱਡੇ ਸਵਾਲ ਪੈਦਾ ਕਰਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ਵੇਂ ਪ੍ਰਕਾਸ਼ ਪੁਰਬ ਮੌਕੇ ਭਾਰਤ ਸਰਕਾਰ ਨੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਦਾ ਐਲਾਨ ਕੀਤਾ ਸੀ, ਪਰ ਇਸ ਨੂੰ ਲਾਗੂ ਨਾ ਕੀਤਾ ਗਿਆ। ਭਾਈ ਬਲਵੰਤ ਸਿੰਘ ਰਾਜੋਆਣਾ ਜੋ ਫਾਂਸੀ ਦੀ ਚੱਕੀ ਵਿਚ ਲੰਮੇ ਸਮੇਂ ਤੋਂ ਸਜ਼ਾ ਭੁਗਤ ਰਹੇ ਹਨ, ਉਨ੍ਹਾਂ ਨਾਲ ਕੀਤਾ ਜਾ ਰਿਹਾ ਅਜਿਹਾ ਵਿਤਕਰਾ ਸਮੁੱਚੀ ਕੌਮ ਨੂੰ ਪੀੜਾ ਦੇਣ ਵਾਲਾ ਹੈ। ਮਤੇ ਵਿਚ ਮੰਗ ਕੀਤੀ ਗਈ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਸਬੰਧੀ ਪਟੀਸ਼ਨ ਨੂੰ ਕੇਂਦਰ ਸਰਕਾਰ ਹੋਰ ਨਾ ਲਮਕਾਵੇ ਅਤੇ ਹਾਂ ਜਾ ਨਾਂ ਵਿਚ ਤੁਰੰਤ ਫੈਸਲਾ ਕਰੇ।

ਇਸ ਮਤੇ ਵਿਚ ਦਿੱਲੀ ਦੀ ਭਾਜਪਾ ਸਰਕਾਰ ਵੱਲੋਂ ਭਾਈ ਦਵਿੰਦਰਪਾਲ ਸਿੰਘ ਭੁੱਲਰ ਦੇ ਮਾਮਲੇ ਵਿਚ ਕੀਤੇ ਜਾ ਰਹੇ ਵਿਤਕਰੇ ਦੀ ਵੀ ਨਿੰਦਾ ਕੀਤੀ ਗਈ। ਕਿਹਾ ਗਿਆ ਕਿ ਪਹਿਲਾਂ ਆਮ ਆਦਮੀ ਪਾਰਟੀ ਦੀ ਕੇਜਰੀਵਾਲ ਸਰਕਾਰ ਇਸ ਵਿਚ ਅੜਿਕਾ ਬਣਦੀ ਰਹੀ ਅਤੇ ਹੁਣ ਭਾਜਪਾ ਦੀ ਸਰਕਾਰ ਵੀ ਉਸੇ ਰਾਹ ਉੱਤੇ ਹੈ। ਮਤੇ ਵਿਚ ਭਾਜਪਾ ਦੇ ਸਿੱਖ ਆਗੂਆਂ ਦੀ ਖਾਮੋਸ਼ੀ 'ਤੇ ਵੀ ਸਵਾਲ ਚੁੱਕੇ ਗਏ। ਇਸ ਦੇ ਨਾਲ ਹੀ ਲੰਮੇ ਸਮੇਂ ਤੋਂ ਜੇਲ੍ਹਾਂ ਅੰਦਰ ਨਜ਼ਰਬੰਦ ਭਾਈ ਗੁਰਦੀਪ ਸਿੰਘ ਖੈੜਾ, ਭਾਈ ਜਗਤਾਰ ਸਿੰਘ ਹਵਾਰਾ, ਭਾਈ ਪਰਮਜੀਤ ਸਿੰਘ ਭਿਓਰਾ, ਭਾਈ ਜਗਤਾਰ ਸਿੰਘ ਤਾਰਾ ਸਮੇਤ ਹੋਰ ਸਿੰਘਾਂ ਦੀ ਤੁਰੰਤ ਰਿਹਾਈ ਦੀ ਵੀ ਮੰਗ ਕੀਤੀ ਗਈ।

ਇਕ ਹੋਰ ਮਤੇ 'ਚ ਏ.ਆਈ. ਤਕਨਾਲੋਜੀ ਦੀ ਦੁਰਵਰਤੋਂ ਕਰਕੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਇਤਰਾਜ਼ਯੋਗ ਸਮੱਗਰੀ

ਦੇ ਪ੍ਰਸਾਰ 'ਤੇ ਫ਼ਿਕਰਮੰਦੀ ਪ੍ਰਗਟ ਕਰਦਿਆਂ ਇਸ ਦੀ ਰੋਕਥਾਮ ਲਈ ਭਾਰਤ ਸਰਕਾਰ ਨੂੰ ਇੱਕ ਠੋਸ ਨੀਤੀ ਬਣਾਉਣ ਲਈ ਆਖਿਆ ਗਿਆ। ਮਤੇ ਰਾਹੀਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਏ.ਆਈ. ਦੀ ਦੁਰਵਰਤੋਂ ਨੂੰ ਰੋਕਣ ਲਈ ਸਖ਼ਤ ਅਤੇ ਢੁੱਕਵੀਂ ਨੀਤੀ ਬਣਾਈ ਜਾਵੇ ਅਤੇ ਅਜਿਹੇ ਮਾਮਲਿਆਂ ਵਿਚ ਤੁਰੰਤ ਕਾਰਵਾਈ ਯਕੀਨੀ ਬਣੇ। ਇਸ ਸੰਬੰਧੀ ਕੇਂਦਰ ਸਰਕਾਰ ਸੂਬਾਂ ਸਰਕਾਰਾਂ ਨੂੰ ਵੀ ਸਖਤ ਆਦੇਸ਼ ਜਾਰੀ ਕੀਤੇ ਜਾਣ।

ਇਕ ਹੋਰ ਮਤੇ ਰਾਹੀਂ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਪ੍ਰੀਖਿਆਵਾਂ ਦੌਰਾਨ ਸਿੱਖ ਵਿਦਿਆਰਥੀਆਂ ਨੂੰ ਕਕਾਰ ਉਤਾਰਨ ਲਈ ਮਜ਼ਬੂਰ ਕਰਨ ਦੀਆਂ ਘਟਨਾਵਾਂ 'ਤੇ ਦੁੱਖ ਜ਼ਾਹਰ ਕੀਤਾ ਗਿਆ। ਕਿਹਾ ਗਿਆ ਕਿ ਸਿੱਖਾਂ ਲਈ ਕਕਾਰਾਂ ਦੀ ਮਹੱਤਤਾ ਤੋਂ ਜਾਣੂ ਹੋਣ ਦੇ ਬਾਵਜੂਦ ਵੀ ਅਕਸਰ ਹੀ ਮੁਕਾਬਲਾ ਪ੍ਰੀਖਿਆਵਾਂ ਸਮੇਂ ਸਿੱਖ ਵਿਦਿਆਰਥੀਆਂ ਨੂੰ ਪ੍ਰੇਸ਼ਾਨ ਕੀਤਾ ਜਾਂਦਾ ਹੈ। ਇਸ ਨਾਲ ਸਿੱਖ ਭਾਵਨਾਵਾਂ ਆਹਤ ਹੋਣ ਦੇ ਨਾਲ-ਨਾਲ ਵਿਦਿਆਰਥੀਆਂ ਦੀ ਪ੍ਰੀਖਿਆ 'ਤੇ ਵੀ ਅਸਰ ਪੈਂਦਾ ਹੈ। ਮੰਗ ਕੀਤੀ ਗਈ ਕਿ ਜੇਕਰ ਕੋਈ ਵਿਅਕਤੀ ਸਿੱਖ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਦੌਰਾਨ ਕਕਾਰ ਉਤਾਰਨ ਲਈ ਮਜ਼ਬੂਰ ਕਰੇ ਤਾਂ ਉਸ ਖ਼ਿਲਾਫ਼ ਕਾਰਵਾਈ ਯਕੀਨੀ ਬਣਾਈ ਜਾਵੇ।

ਇਕ ਹੋਰ ਮਤੇ ਰਾਹੀਂ ਪੰਜਾਬ ਅੰਦਰ ਨੌਜਵਾਨਾਂ ਦੇ ਵਧ ਰਹੇ ਪੁਲਿਸ ਮੁਕਾਬਲਿਆਂ 'ਤੇ ਫ਼ਿਕਰਮੰਦੀ ਪ੍ਰਗਟ ਕੀਤੀ ਗਈ। ਮਤੇ ਵਿਚ ਕਿਹਾ ਗਿਆ ਕਿ ਪੰਜਾਬ ਅੰਦਰ ਪੈਦਾ ਕੀਤਾ ਜਾ ਰਿਹਾ ਇਹ ਰੁਝਾਨ ਨਾ ਸਿਰਫ਼ ਕਾਨੂੰਨ-ਵਿਵਸਥਾ ਉੱਤੇ ਸਵਾਲ ਖੜ੍ਹੇ ਕਰਦਾ ਹੈ, ਸਗੋਂ ਸਮਾਜ ਵਿਚ ਡਰ ਅਤੇ ਅਸੁਰੱਖਿਆ ਦਾ ਮਾਹੌਲ ਵੀ ਪੈਦਾ ਕਰਦਾ ਹੈ। ਇਸ ਲਈ ਪੁਲਿਸ ਮੁਕਾਬਲਿਆਂ ਦੇ ਨਾਂ 'ਤੇ ਹੋ ਰਹੀਆਂ ਘਟਨਾਵਾਂ ਦੀ ਪੂਰੀ ਪਾਰਦਰਸ਼ਤਾ ਅਤੇ ਨਿਆਂਪੂਰਕ ਜਾਂਚ ਹੋਣੀ ਚਾਹੀਦੀ ਹੈ, ਤਾਂ ਜੋ ਸੱਚਾਈ ਸਾਹਮਣੇ ਆ ਸਕੇ ਅਤੇ ਕਿਸੇ ਵੀ ਤਰ੍ਹਾਂ ਦੀ ਬੇਇਨਸਾਫ਼ੀ ਨੂੰ ਰੋਕਿਆ ਜਾ ਸਕੇ।

ਇਕ ਮਤੇ ਰਾਹੀਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਦਾ ਲਾਂਘਾ ਪਹਿਲਾਂ ਦੀ ਤਰ੍ਹਾਂ ਤੁਰੰਤ ਚਾਲੂ ਕੀਤੇ ਜਾਣ ਦੀ ਮੰਗ ਕੀਤੀ ਗਈ। ਮਤੇ ਵਿਚ ਕਿਹਾ ਗਿਆ ਕਿ ਦੋਵਾਂ ਦੇਸ਼ਾਂ ਅੰਦਰ ਤਲਖ਼ੀ ਹੋਣ ਕਾਰਨ ਇਹ ਲਾਂਘਾ ਬੰਦ ਹੋਣ ਨਾਲ ਸਿੱਖ ਸੰਗਤਾਂ ਦੀ ਆਸਥਾ ਨੂੰ ਸੱਟ ਵੱਜ ਰਹੀ ਹੈ। ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਸਮਝਦੇ ਹੋਏ ਇਹ ਲਾਂਘਾ ਤੁਰੰਤ ਖੋਲ੍ਹਿਆ ਜਾਵੇ।

ਇਕ ਹੋਰ ਮਤੇ ਰਾਹੀਂ ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਦੀਆਂ ਸਮੱਸਿਆਵਾਂ ਨੂੰ ਨਜਿੱਠਣ ਲਈ ਭਾਰਤ ਸਰਕਾਰ ਨੂੰ ਤੁਰੰਤ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਅਪੀਲ ਕੀਤੀ ਗਈ। ਮਤੇ ਵਿਚ ਕੇਂਦਰ ਕਿਹਾ ਗਿਆ ਕਿ ਕੇਂਦਰ ਸਰਕਾਰ ਦੇਸ਼ ਦੁਨੀਆ ਅੰਦਰ ਸਿੱਖਾਂ ਦੇ ਧਾਰਮਿਕ ਅਧਿਕਾਰਾਂ ਅਤੇ ਰਹੁ-ਰੀਤਾਂ ਨਿਭਾਉਣ ਦੀ ਆਜ਼ਾਦੀ

ਦੀ ਰੱਖਿਆ ਹਰ ਹਾਲਤ ਵਿਚ ਯਕੀਨੀ ਬਣਾਵੇ। ਇਸ ਦੇ ਮੱਦੇਨਜ਼ਰ ਸਰਕਾਰ ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਨਾਲ ਕਿਸੇ ਵੀ ਤਰ੍ਹਾਂ ਦੀ ਨਸਲੀ ਹਿੰਸਾ, ਭੇਦਭਾਵ ਰੋਕਣ ਲਈ ਕੂਟਨੀਤਕ ਯਤਨ ਕਰੇ।

ਹੋਰ ਮਤੇ ਰਾਹੀਂ ਮੀਰੀ ਪੀਰੀ ਮੈਡੀਕਲ ਕਾਲਜ ਸ਼ਾਹਬਾਦ ਮਾਰਕੰਡਾ (ਹਰਿਆਣਾ) 'ਤੇ ਜਬਰੀ ਕਬਜ਼ਾ ਕਰਨ ਦੀ ਕੋਸ਼ਿਸ਼ ਦੀ ਵੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਗਈ। ਮਤੇ ਵਿਚ ਕਿਹਾ ਗਿਆ ਕਿ ਸਿੱਖ ਸੰਸਥਾ ਨੂੰ ਕਮਜ਼ੋਰ ਕਰਨ ਵਾਲੀਆਂ ਅਜਿਹੀਆਂ ਹਰਕਤਾਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ।

ਇਸ ਤੋਂ ਇਲਾਵਾ ਸ਼ੋਕ ਮਤਿਆਂ 'ਚ ਬਾਬਾ ਸੁੱਚਾ ਸਿੰਘ ਕਾਰ-ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸ. ਅਮੀਰ ਸਿੰਘ ਰਸੀਦਾਂ, ਸਾਬਕਾ ਮੈਂਬਰ ਜਥੇਦਾਰ ਸੁਰਜੀਤ ਸਿੰਘ ਚੀਮਾ, ਸ. ਬੀਰ ਸਿੰਘ ਤੇ ਸ. ਸੰਤੋਖ ਸਿੰਘ ਖੀਰਾਂਵਾਲੀ ਦੇ ਅਕਾਲ ਚਲਾਣਾ ਕਰ ਜਾਣ ਸਬੰਧੀ ਮੂਲਮੰਤਰ ਅਤੇ ਗੁਰਮੰਤਰ ਦਾ ਜਾਪ ਕਰ ਕੇ ਸਤਿਕਾਰ ਭੇਟ ਕੀਤਾ ਗਿਆ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤਧਾਰੀ ਬੱਚਿਆਂ ਨੂੰ ੨ ਕਰੋੜ ੨੮ ਲੱਖ ਰੁਪਏ ਦੇ ਵਜੀਫੇ ਜਾਰੀ

ਸ੍ਰੀ ਅੰਮ੍ਰਿਤਸਰ, ੧ ਅਪ੍ਰੈਲ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਅਦਾਰਿਆਂ ਵਿਚ ਪੜ੍ਹ ਰਹੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਸਾਲ ੨੦੨੫-੨੬ ਲਈ ੨ ਕਰੋੜ ੨੮ ਲੱਖ ੯੮ ਹਜ਼ਾਰ ੫੦੦ ਰੁਪਏ ਦੀ ਵਜੀਫਾ ਰਾਸ਼ੀ ਦਿੱਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਫ਼ਤਰ ਵਿਖੇ ਵਜੀਫ਼ਾ ਰਾਸ਼ੀ ਦੇ ਚੈੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿੱਦਿਅਕ ਅਦਾਰਿਆਂ ਦੇ ਨੁਮਾਇੰਦਿਆਂ ਨੂੰ ਸੌਂਪੇ।

ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਹਮੇਸ਼ਾ ਕਾਰਜਸ਼ੀਲ ਰਹੀ ਹੈ। ਜਿੱਥੇ ਦੇਸ਼ ਭਰ ਅੰਦਰ ਗੁਰਮਤਿ ਸਮਾਗਮਾਂ ਰਾਹੀਂ ਸਿੱਖੀ ਪ੍ਰਚਾਰ ਕੀਤਾ ਜਾਂਦਾ ਹੈ, ਉੱਥੇ ਹੀ ਧਰਮ ਪ੍ਰਚਾਰ ਕਮੇਟੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਵਿੱਦਿਅਕ ਅਦਾਰਿਆਂ ਦੇ ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਵਜੀਫਾ ਰਾਸ਼ੀ ਦੀ ਯੋਜਨਾ ਵੀ ਚਲਾਈ ਜਾ ਰਹੀ ਹੈ। ਇਸ ਤਹਿਤ ਹਰ ਸਾਲ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਫੀਸਾਂ ਲਈ ਕਰੋੜਾਂ ਰੁਪਏ ਵਜੀਫੇ ਵਜੋਂ ਦਿੱਤੇ ਜਾਂਦੇ ਹਨ। ਇਸ ਵਾਰ ੩੭੪੩ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ੨ ਕਰੋੜ ੨੮ ਲੱਖ ੯੮ ਹਜ਼ਾਰ ੫੦੦ ਰੁਪਏ ਦੀ ਰਾਸ਼ੀ ਵੰਡੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ ਵੱਲੋਂ ਹਰ ਸਾਲ ਧਾਰਮਿਕ ਪ੍ਰੀਖਿਆ ਰਾਹੀਂ ਵੀ ਵਿਸ਼ੇਸ਼ ਤੌਰ 'ਤੇ ਵਜੀਫੇ ਦਿੱਤੇ ਜਾਂਦੇ ਹਨ। ਉਨ੍ਹਾਂ ਵਜੀਫਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਗੁਰਸਿੱਖੀ ਜੀਵਨ ਵਿਚ ਪ੍ਰਪੱਕ ਰਹਿਣ

ਲਈ ਪ੍ਰੇਰਨਾ ਕੀਤੀ। ਉਨ੍ਹਾਂ ਸੰਗਤ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਬਾਣੀ ਅਤੇ ਬਾਣੇ ਨਾਲ ਜੋੜਨ, ਤਾਂ ਜੋ ਇਨ੍ਹਾਂ ਯੋਜਨਾਵਾਂ ਦਾ ਵੱਧ ਤੋਂ ਵੱਧ ਨੌਜੁਆਨ ਲਾਭ ਲੈ ਸਕਣ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਇੰਜੀ: ਸੁਖਮਿੰਦਰ ਸਿੰਘ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਸ. ਬਿਜੈ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ. ਸੁਖਬੀਰ ਸਿੰਘ, ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ, ਡਾ. ਗੁਰਜੀਤ ਸਿੰਘ, ਡਾ. ਰੁਪਿੰਦਰ ਸਿੰਘ, ਬੀਬੀ ਮਨਿੰਦਰਪਾਲ ਕੌਰ, ਸ੍ਰੀਮਤੀ ਮਮਤਾ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਇੰਚਾਰਜ ਡਾ. ਜੋਗੇਸ਼ਵਰ ਸਿੰਘ, ਚੀਫ਼ ਅਕਾਊਂਟੈਂਟ ਸ. ਮਨਿੰਦਰਪਾਲ ਸਿੰਘ ਆਦਿ ਮੌਜੂਦ ਸਨ।

## ਬੇਅਦਬੀਆਂ ਸਬੰਧੀ ਕਾਨੂੰਨ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਥਕ ਜਥੇਬੰਦੀਆਂ ਨਾਲ ਕੀਤੀ ਇਕੱਤਰਤਾ

ਸ੍ਰੀ ਅੰਮ੍ਰਿਤਸਰ, ੬ ਅਪ੍ਰੈਲ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲਿਆਂ ਸਬੰਧੀ ਸਰਕਾਰ ਵੱਲੋਂ ਕਾਨੂੰਨ ਬਣਾਉਣ ਨੂੰ ਲੈ ਕੇ ਸੱਦੀ ਪੰਥਕ ਇਕੱਤਰਤਾ ’ਚ ਸਮੁੱਚੀਆਂ ਸਿੱਖ ਜਥੇਬੰਦੀਆਂ ਨੇ ਇਕਸੁਰ ਹੋ ਕੇ ਸਰਕਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਾਗਤ ਜੋਤਿ ਗੁਰਿਆਈ, ਸਤਿਕਾਰ, ਪ੍ਰੰਪਰਾ, ਵਿਲੱਖਣਤਾ ਦੇ ਮੱਦੇਨਜ਼ਰ ਕਾਨੂੰਨ ਬਨਾਉਣ ਤੋਂ ਪਹਿਲਾਂ ਪੰਥਕ ਭਾਵਨਾਵਾਂ ਦੀ ਤਰਜ਼ਮਾਨੀ ਨੂੰ ਯਕੀਨੀ ਬਣਾਉਣ ਲਈ ਆਖਿਆ। ਇਹ ਇਕੱਤਰਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫਤਰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਈ, ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਕਾਰਜਕਾਰੀ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ੯੬ਵੇਂ ਕਰੋੜੀ, ਦਲ ਬਾਬਾ ਬਿਧੀ ਚੰਦ ਸੰਪ੍ਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਪੰਥ ਅਕਾਲੀ ਤਰਨਾ ਦਲ ਦੇ ਮੁਖੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਬਾਬਾ ਜੋਗਾ ਸਿੰਘ ਬਾਬਾ ਬਕਾਲਾ ਸਾਹਿਬ, ਬਾਬਾ ਸੇਵਾ ਸਿੰਘ ਕਾਰ-ਸੇਵਾ ਸ੍ਰੀ ਖਡੂਰ ਸਾਹਿਬ, ਬਾਬਾ ਕਸ਼ਮੀਰ ਸਿੰਘ ਕਾਰ-ਸੇਵਾ ਭੂਰੀਵਾਲੇ, ਤਖ਼ਤ ਸ੍ਰੀ ਹਜ਼ੂਰ ਸਾਹਿਬ

ਬੋਰਡ ਦੇ ਚੇਅਰਮੈਨ ਸ. ਵਿਜੈਸਤਬੀਰ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਭਾਈ ਗਗਨਦੀਪ ਸਿੰਘ ਸਮੇਤ ਸਿੱਖ ਜਥੇਬੰਦੀਆਂ, ਸੰਪ੍ਰਦਾਵਾਂ, ਨਿਹੰਗ ਸਿੰਘ ਦਲ, ਕਾਰ-ਸੇਵਾ ਵਾਲੇ ਮਹਾਂਪੁਰਸ਼, ਸਟੱਡੀ ਸਰਕਲ, ਸਿੱਖ ਮਿਸ਼ਨਰੀ ਕਾਲਜ, ਉਦਾਸੀ, ਨਿਰਮਲੇ ਤੇ ਸੇਵਾ ਪੰਥੀ ਸੰਪ੍ਰਦਾਵਾਂ ਦੇ ਮੁਖੀਆਂ ਨੇ ਵਿਸ਼ਾਲ ਰੂਪ ਵਿਚ ਸ਼ਮੂਲੀਅਤ ਕੀਤੀ।

ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਮਸਲਿਆਂ ਸੰਬੰਧੀ ਕੋਈ ਵੀ ਕਾਰਜ ਕਰਨ ਸਮੇਂ ਸਰਕਾਰਾਂ ਸਿੱਖ ਸੰਸਥਾਵਾਂ ਤੇ ਜਥੇਬੰਦੀਆਂ ਦੀ ਰਾਏ ਜ਼ਰੂਰ ਲੈਣ। ਜੇਕਰ ਸਰਕਾਰਾਂ ਆਪਣੀ ਮਨਮਰਜ਼ੀ ਨਾਲ ਸਿੱਖ ਮਸਲਿਆਂ ਸਬੰਧੀ ਕਾਰਵਾਈ ਕਰਨਗੀਆਂ ਤਾਂ ਇਹ ਅਧੂਰੀ ਸਾਬਤ ਹੋਵੇਗੀ। ਇਸ ਮੌਕੇ ਬਹੁਗਿਣਤੀ ਬੁਲਾਰਿਆਂ ਵੱਲੋਂ ਇਹ ਵਿਚਾਰ ਪ੍ਰਮੁੱਖ ਤੌਰ 'ਤੇ ਸਾਹਮਣੇ ਆਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਕੌਮ ਲਈ ਅਤਿ ਗੰਭੀਰ ਅਤੇ ਚਿੰਤਾਮਈ ਹਨ, ਜਿਸ ਪ੍ਰਤੀ ਸਖ਼ਤ ਸਜ਼ਾਵਾਂ ਦਾ ਪ੍ਰਬੰਧ ਤਾਂ ਹੋਣਾ ਚਾਹੀਦਾ ਹੈ, ਪ੍ਰੰਤੂ ਇਹ ਸਰਕਾਰੀ ਪੱਧਰ 'ਤੇ ਮਨਮਰਜ਼ੀ ਨਾਲ ਬਣਾਏ ਜਾਣ ਵਾਲੇ ਕਾਨੂੰਨ ਦੁਆਰਾ ਸੰਭਵ ਨਹੀਂ ਹੈ। ਕਿਉਂਕਿ ਇਸ ਮਾਮਲੇ 'ਤੇ ਕਾਨੂੰਨ ਸਿੱਖ ਵਿਚਾਰਧਾਰਾ ਦੀ ਸੇਧ ਵਿਚ ਹੋਣਾ ਚਾਹੀਦਾ ਹੈ, ਜਿਸ ਲਈ ਪੰਥਕ ਰਾਏ ਤੋਂ ਬਿਨਾਂ ਇਹ ਮੁਕੰਮਲ ਨਹੀਂ ਮੰਨਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਨੂੰ ਰੋਕਣ ਲਈ ਤਜਵੀਜ਼ਤ ਕਾਨੂੰਨ ਵਿਚ ਸਪੱਸ਼ਟਤਾ ਅਤਿ ਲੋੜੀਂਦੀ ਹੈ, ਤਾਂ ਜੋ ਇਸ ਦੀ ਦੁਰਵਰਤੋਂ ਦੀ ਸੰਭਾਵਨਾ ਨਾ ਰਹੇ। ਬੁਲਾਰਿਆਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਅੱਜ ਸਾਨੂੰ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੇ ਸਵਾਲ ਤੋਂ ਪਹਿਲਾਂ ਇਸ ਗੱਲ 'ਤੇ ਵੀ ਮੰਥਨ ਜ਼ਰੂਰੀ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਕਿਉਂ ਵਾਪਰ ਰਹੀਆਂ ਹਨ ਅਤੇ ਸਰਕਾਰਾਂ ਇਸ ਪ੍ਰਤੀ ਅਵੇਸਲੀਆਂ ਕਿਉਂ ਹਨ।

ਇਕੱਤਰਤਾ ਮੌਕੇ ਬੁਲਾਰਿਆਂ ਦੇ ਵਿਚਾਰ ਜਾਣਨ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਕ ਵਿਸ਼ੇਸ਼ ਮਤਾ ਪੇਸ਼ ਕੀਤਾ, ਜਿਸ ਨੂੰ ਹਾਜ਼ਰੀਨ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ। ਪੰਥਕ ਇਕੱਠ ਵੱਲੋਂ ਪ੍ਰਵਾਨ ਕੀਤੇ ਗਏ ਇਸ ਮਤੇ ਵਿਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਕਿ ਸਿੱਖਾਂ ਲਈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਾਜਰ ਨਾਜਰ, ਜਾਗਤ ਜੋਤਿ, ਚਵਰ ਛਤਰ ਤਖ਼ਤ ਦੇ ਮਾਲਕ ਗੁਰੂ ਪਾਤਸ਼ਾਹ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸੁਭਾਇਮਾਨ ਪਾਵਨ ਗੁਰਬਾਣੀ ਕੇਵਲ ਇਕ ਮਾਰਗ ਦਰਸ਼ਨ ਨਾ ਹੋ ਕੇ ਸਾਖ਼ਸ਼ਾਤ ਅਤੇ ਪ੍ਰਤੱਖ ਰੂਪ 'ਚ ਗੁਰੂ ਦਾ ਦਰਜਾ ਰੱਖਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਹ ਵਿਲੱਖਣਤਾ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵੱਲੋਂ

ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸਿੱਖਾਂ ਨੂੰ ਖ਼ੁਦ ਕੀਤੇ ਆਦੇਸ਼ ਕਰਕੇ ਹੈ। ਇਸ ਦੇ ਮੱਦੇਨਜ਼ਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਚਿੰਤਾਜਨਕ ਹੋਣ ਦੇ ਨਾਲ-ਨਾਲ ਸਿੱਖ ਕੌਮ ਦੇ ਹਿਰਦੇ ਵਲੂੰਧਰਨ ਵਾਲੀਆਂ ਹਨ ਅਤੇ ਇਨ੍ਹਾਂ 'ਤੇ ਰੋਕ ਲੱਗਣੀ ਬੇਹੱਦ ਲਾਜ਼ਮੀ ਹੈ। ਭਾਵੇਂ ਲੰਘੇ ਸਮੇਂ ਵੱਖ-ਵੱਖ ਸਰਕਾਰਾਂ ਨੇ ਕੌਮ ਦੀ ਮੰਗ ਨੂੰ ਮੁੱਖ ਰੱਖਦਿਆਂ ਇਸ ਮਾਮਲੇ 'ਤੇ ਕਾਨੂੰਨੀ ਵਿਵਸਥਾ ਕਰਨ ਦਾ ਯਤਨ ਕੀਤਾ, ਲੇਕਿਨ ਇਸ ਵਿਚ ਕੋਈ ਠੋਸ ਅਤੇ ਸਿੱਟਾਮੁਖੀ ਪ੍ਰਾਪਤੀ ਸਾਹਮਣੇ ਨਹੀਂ ਆ ਸਕੀ। ਮੌਜੂਦਾ ਪੰਜਾਬ ਸਰਕਾਰ ਵੱਲੋਂ ਇਸ ਸਬੰਧੀ ਕਾਨੂੰਨ ਬਨਾਉਣ ਦੀ ਪ੍ਰਕਿਰਿਆ ਬੇਸ਼ੱਕ ਚੰਗੀ ਗੱਲ ਹੈ ਲੇਕਿਨ ਇਹ ਕੇਵਲ ਇਕ ਸਰਕਾਰੀ ਪਹੁੰਚ ਤਕ ਹੀ ਸੀਮਤ ਰਹਿ ਗਈ ਹੈ, ਜਦਕਿ ਇਸ ਵਿੱਚੋਂ ਪੰਥਕ ਵਿਚਾਰ ਅਤੇ ਸੁਝਾਅ ਬਿਲਕੁਲ ਮਨਫ਼ੀ ਹਨ।

ਮਤੇ ਵਿਚ ਕਿਹਾ ਗਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਨੁਮਾਇੰਦਾ ਅਤੇ ਜਵਾਬਦੇਹ ਸੰਸਥਾ ਹੈ, ਇਸ ਲਈ ਇਸ ਦੀ ਜ਼ਿੰਮੇਵਾਰੀ ਹੈ ਕਿ ਉਹ ਹਰ ਪੰਥਕ ਮਾਮਲੇ 'ਤੇ ਕੌਮ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰੇ ਇਸ ਲਈ ਪੰਥਕ ਇਕੱਠ ਮਹਿਸੂਸ ਕਰਦਾ ਹੈ ਕਿ ਸਮੁੱਚੇ ਪੰਥ ਦੀ ਰਾਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਸਰਕਾਰ ਤਕ ਪਹੁੰਚੇ ਅਤੇ ਇਹ ਜ਼ਰੂਰੀ ਵੀ ਹੈ ਕਿਉਂਕਿ ਬਣਾਇਆ ਜਾਣ ਵਾਲਾ ਕਾਨੂੰਨ ਨਾ ਕੇਵਲ ਇਕ ਆਮ ਕਾਨੂੰਨ ਹੈ, ਸਗੋਂ ਇਹ ਪੰਥ ਦੀ ਵੱਡੀ ਚਿੰਤਾ ਵਿੱਚੋਂ ਪੈਦਾ ਹੋਇਆ ਇਕ ਜਾਬਤਾ ਹੈ। ਜੇਕਰ ਇਸ ਵਿਚ ਪੰਥਕ ਭਾਵਨਾ ਸ਼ਾਮਲ ਨਹੀਂ ਰਹੇਗੀ ਤਾਂ ਇਹ ਸਿੱਟਾਮੁਖੀ ਨਤੀਜੇ ਨਹੀਂ ਦੇ ਸਕੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਬਣਾਇਆ ਜਾਣ ਵਾਲਾ ਕਾਨੂੰਨ ਕੇਵਲ ਇਕ ਸਿਆਸੀ ਟੂਲ ਨਹੀਂ ਹੋਣਾ ਚਾਹੀਦਾ, ਸਗੋਂ ਇਹ ਇਕ ਪ੍ਰਤੀਬਧਤਾ ਅਤੇ ਸਮਰਪਣ ਦੀ ਸੇਧ ਵਿਚ ਅਜਿਹੇ ਜਾਬਤੇ ਦੀ ਵਿਉਂਤਬੰਦੀ ਹੋਣਾ ਚਾਹੀਦਾ ਹੈ ਜਿਹੜੀ ਧਰਮ ਦੀਆਂ ਕਦਰਾਂ-ਕੀਮਤਾਂ ਦੀ ਰਖਵਾਲੀ, ਸ਼ਰਧਾ ਅਤੇ ਵਿਸ਼ਵਾਸ ਦੇ ਟਿਕਾਊ ਪ੍ਰਬੰਧ ਦੀ ਤਰਜ਼ਮਾਨੀ ਦੇ ਨਾਲ-ਨਾਲ ਸਿੱਖ ਕੌਮ ਦੇ ਅਗੰਮੀ ਅਤੇ ਦੈਵੀ ਸਿਧਾਂਤਾਂ ਪ੍ਰਤੀ ਵੀ ਵਚਨਬੱਧ ਹੋਵੇ। ਇਹ ਤਾਂ ਹੀ ਸੰਭਵ ਹੈ ਜੇਕਰ ਇਸ ਦੀ ਸਥਾਪਨਾ ਵਿਚ ਕੌਮੀ ਵਿਚਾਰ ਅਤੇ ਸੋਚ ਸ਼ਾਮਲ ਹੋਵੇਗੀ। ਪੰਜਾਬ ਸਰਕਾਰ ਇਸ ਅਤਿ ਸੰਜੀਦਾ ਮਾਮਲੇ 'ਤੇ ਆਪਣੀ ਮਨਮਰਜ਼ੀ ਨਾ ਕਰੇ ਅਤੇ ਕਿਸੇ ਵੀ ਤਰ੍ਹਾਂ ਕੌਮੀ ਸਮੁੱਚਤਾ ਦੀ ਰਾਏ ਲਈ ਯਤਨ ਕਰੇ।

ਮਤੇ ਵਿਚ ਮੰਗ ਕੀਤੀ ਗਈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਾਗਤ ਜੋਤਿ ਗੁਰਿਆਈ, ਸਤਿਕਾਰ, ਵਿਲੱਖਣਤਾ ਅਤੇ ਕੌਮੀ ਭਾਵਨਾਵਾਂ ਦੇ ਮੱਦੇਨਜ਼ਰ ਸਰਕਾਰ ਨੂੰ ਆਖਦਾ ਹੈ ਕਿ ਕਾਨੂੰਨ ਬਨਾਉਣ ਤੋਂ ਪਹਿਲਾਂ ਇਨ੍ਹਾਂ

ਪੰਥਕ ਵਿਚਾਰਾਂ ਦੀ ਤਰਜ਼ਮਾਨੀ ਯਕੀਨੀ ਬਣਾਵੇ। ਇਹ ਵੀ ਕਿਹਾ ਗਿਆ ਕਿ ਸਰਕਾਰ ਕਾਨੂੰਨ ਦਾ ਖਰੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਜੇ, ਜਿਸ 'ਤੇ ਪੰਥਕ ਭਾਵਨਾਵਾਂ ਅਨੁਸਾਰ ਤੁਰੰਤ ਰਾਏ ਵਾਪਸ ਭੇਜੀ ਜਾਵੇਗੀ।

**ਸੰਬੋਧਨ ਕਰਨ ਵਾਲੀਆਂ ਪੰਥਕ ਸ਼ਖ਼ਸੀਅਤਾਂ:**

ਪੰਥਕ ਇਕੱਤਰਤਾ ਦੌਰਾਨ ਵੱਖ-ਵੱਖ ਸ਼ਖ਼ਸੀਅਤਾਂ ਨੇ ਸੰਬੋਧਨ ਕੀਤਾ, ਜਿਨ੍ਹਾਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ੯੬ਵੇਂ ਕਰੋੜੀ, ਦਲ ਬਾਬਾ ਬਿਧੀ ਚੰਦ ਸੰਪ੍ਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਮੁਖੀ ਤਰਨਾ ਦਲ, ਪਦਮਸ੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਮੇਜਰ ਸਿੰਘ ਸੋਢੀ ਮੁਖੀ ਦਸਮੇਸ਼ ਤਰਨਾ ਦਲ, ਬਾਬਾ ਤੇਜਾ ਸਿੰਘ ਖੁੱਡਾ ਕੁਰਾਲਾ ਨਿਰਮਲੇ, ਡਾ. ਵਿਜੈਸਤਬੀਰ ਸਿੰਘ ਚੇਅਰਮੈਨ ਤਖ਼ਤ ਸ੍ਰੀ ਹਜ਼ੂਰ ਸਾਹਿਬ ਬੋਰਡ, ਸ. ਪੂਰਨ ਸਿੰਘ ਹੁੰਦਲ ਸੀਨੀਅਰ ਐਡਵੋਕੇਟ ਪੰਜਾਬ ਐਂਡ ਹਰਿਆਣਾ ਹਾਈਕੋਰਟ, ਬਾਬਾ ਭਾਗ ਸਿੰਘ ਬੰਗੇ ਵਾਲੇ, ਬਾਬਾ ਕਸ਼ਮੀਰ ਸਿੰਘ ਭੂਰੀਵਾਲੇ, ਬਾਬਾ ਲੱਖਾ ਸਿੰਘ ਨਾਨਕਸਰ ਵਾਲੇ, ਬਾਬਾ ਗੁਰਦਿਆਲ ਸਿੰਘ ਟਾਂਡਾ, ਬਾਬਾ ਅਮੀਰ ਸਿੰਘ ਜਵੱਦੀ ਟਕਸਾਲ, ਬਾਬਾ ਅਜੀਤ ਸਿੰਘ ਜੌਲਾਂਵਾਲੇ, ਮਹੰਤ ਮਨਜੀਤ ਸਿੰਘ ਜੰਮੂ, ਭਾਈ ਕਿਸ਼ਨ ਸਿੰਘ, ਗਿਆਨੀ ਬਲਬੀਰ ਸਿੰਘ ਚੰਗਿਆੜਾ ਅੰਤਰਰਾਸ਼ਟਰੀ ਸਿੱਖ ਪ੍ਰਚਾਰਕ, ਬਾਬਾ ਗੁਰਪ੍ਰੀਤ ਸਿੰਘ ਰੰਧਾਵੇ ਵਾਲੇ, ਗਿਆਨੀ ਜਸਵੰਤ ਸਿੰਘ ਪਰਵਾਨਾ, ਸ. ਗੁਰਮੀਤ ਸਿੰਘ ਸਟੱਡੀ ਸਰਕਲ, ਭਾਈ ਗੁਰਚਰਨ ਸਿੰਘ ਗਰੇਵਾਲ, ਭਾਈ ਤਲਵਿੰਦਰ ਸਿੰਘ ਸਮਾਣਾ ਮੋਰਚਾ, ਸ. ਲਖਬੀਰ ਸਿੰਘ ਫੈਡਰੇਸ਼ਨ ਮਹਿਤਾ, ਬੀਬੀ ਕਿਰਨਜੋਤ ਕੌਰ, ਭਾਈ ਕੰਵਰਚੜ੍ਹਤ ਸਿੰਘ, ਡਾ. ਪਰਮਵੀਰ ਸਿੰਘ, ਡਾ. ਇੰਦਰਜੀਤ ਸਿੰਘ ਗੋਗੋਆਣੀ, ਡਾ. ਅਮਰਜੀਤ ਸਿੰਘ, ਡਾ. ਕੇਹਰ ਸਿੰਘ, ਸ. ਮਨਜੀਤ ਸਿੰਘ ਰੰਧਾਵਾ ਸ਼ਾਮਲ ਸਨ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਆਪਣੇ ਸੰਬੋਧਨ ਵਿਚ ਬੇਅਦਬੀਆਂ ਦੀਆਂ ਘਟਨਾਵਾਂ ਦੀ ਰੋਕਥਾਮ ਲਈ ਵਿਵਸਥਾ ਦੀ ਲੋੜ ਦੇ ਨਾਲ-ਨਾਲ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਸਿੱਖ ਧਰਮ ਦੇ ਮਾਮਲਿਆਂ ਵਿਚ ਸਰਕਾਰ ਨੂੰ ਕੋਈ ਵੀ ਕਾਨੂੰਨ ਸਮੁੱਚੀਆਂ ਪੰਥਕ ਧਿਰਾਂ ਦੀ ਰਾਏ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਲਾਹ ਦੇ ਨਾਲ ਹੀ ਹੋਂਦ ਵਿਚ ਲਿਆਉਣਾ ਚਾਹੀਦਾ ਹੈ। ਜੇਕਰ ਸਰਕਾਰ ਸਮੂਹਕ ਪੰਥਕ ਰਾਏ ਤੋਂ ਬਿਨਾਂ ਕੁਝ ਵੀ ਕਰਦੀ ਹੈ ਤਾਂ ਉਹ ਮਨਜ਼ੂਰ ਨਹੀਂ ਹੋਵੇਗਾ। ■



ਗੁਰਦੁਆਰਾ ਬਾਬਾ ਗੁਰਦਿੱਤਾ ਜੀ, ਸ੍ਰੀ ਕੀਰਤਪੁਰ ਸਾਹਿਬ



ਗੁਰਦੁਆਰਾ ਤੀਰ ਸਾਹਿਬ, ਸ੍ਰੀ ਕੀਰਤਪੁਰ ਸਾਹਿਬ



ਗੁਰਦੁਆਰਾ ਬਿਬਾਨਗੜ੍ਹ ਸਾਹਿਬ, ਸ੍ਰੀ ਕੀਰਤਪੁਰ ਸਾਹਿਬ


Press Registrar General of India at No.354
Postal Regd.No.L-I/PB-ASR/007/2025-2027 Without Pre-payment of Postage under License no. PB/0370/2025-2027

# GURMAT PARKASH

**May 2026**

Dharam Parchar Committee, Shiromani Gurdwara Parbandhak Committee, Sri Amritsar Sahib

ਗੁਰਦੁਆਰਾ ਪਤਾਲਪੁਰੀ ਸਾਹਿਬ,
ਸ੍ਰੀ ਕੀਰਤਪੁਰ ਸਾਹਿਬ



Owner : Shiromani Gurdwara Parbandhak Committee. Publisher : S. Balwinder Singh, Printer : S. Partap Singh, Printed at Golden Offset Press, Gurdwara Sri Ramsar Sahib, Sri Amritsar Sahib. Published from : SGPC Office, Teja Singh Samundri Hall, Sri Amritsar Sahib. Editor : Satwinder Singh. Date: 2-5-2026